

# ਸਿਮਰਤੀ

## ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

ਸੰਪਾਦਕ: ਗੁਰਭਜਨ ਗਿੱਲ

# ਸਿਮਰਤੀ

ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ

**ਸੰਪਾਦਕ ਦੀਆਂ ਹੋਰ ਰਚਨਾਵਾਂ :**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਹਰ ਧੁਖਦਾ ਪਿੰਡ ਮੇਰਾ ਹੈ | (ਕਾਵਿ ਸੰਗ੍ਰਹਿ) 1996, 2007, 2021 |
| ਬੋਲ ਮਿੱਟੀ ਦਿਆ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009, 2022 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012, 2025 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015, 2024 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016, 2017, 2026 |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਜਲ ਕਣ | (ਰੁਬਾਈਆਂ) 2021 |
| ਪਿੱਪਲ ਪੱਤੀਆਂ | ਗੀਤ ਸੰਗ੍ਰਹਿ 2022 |
| ਚਰਖ਼ੜੀ | (ਕਾਵਿ ਸੰਗ੍ਰਹਿ) 2021, 2023 |
| ਜ਼ੇਵਰ | (ਗ਼ਜ਼ਲ ਸੰਗ੍ਰਹਿ) 2024 |
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 |
| ਕੈਮਰੇ ਦੀ ਅੱਖ ਬੋਲਦੀ | (ਸੁਚਿੱਤਰ ਵਾਰਤਕ) 1999 |

(ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿੱਤਰਾਂ ਸਹਿਤ)

**ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਸੰਗ੍ਰਹਿ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2023 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2023 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2024 |
| ਮੇਰੇ ਪੰਜ ਦਰਿਆ | (ਸੰਪੂਰਨ ਗੀਤ ਸੰਗ੍ਰਹਿ) 2025 |

**ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਸੁਰਖ਼ ਸਮੁੰਦਰ | (ਕਾਵਿ ਸੰਗ੍ਰਹਿ) 1992, 1994, 2000, 2022 |
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਮਨ ਦੇ ਬੂਹੇ ਬਾਰੀਆਂ | (ਗ਼ਜ਼ਲ ਸੰਗ੍ਰਹਿ) 2004, 2007, 2015 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2021 (ਦੋ ਸੰਸਕਰਣ) |
| ਇਤਫ਼ਾਕ | (ਗ਼ਜ਼ਲ ਸੰਗ੍ਰਹਿ) 2024 (ਦੋ ਸੰਸਕਰਣ) |

**ਹਿੰਦੀ**

| | |
|---|---|
| ਆਧਾਰ ਭੂਮੀ | (ਕਵਿਤਾਵਾਂ) 2022 |

**ਸੰਪਾਦਨ**

ਧਰਤਿ ਵੰਗਾਰੇ ਤਖ਼ਤ ਨੂੰ (ਕਿਸਾਨ ਮੋਰਚਾ 2020-21 ਬਾਰੇ ਕਵਿਤਾਵਾਂ) 2025

ਸੂਰਜ ਦੀ ਲਿਸ਼ਕੋਰ (ਲੋਕ ਕਵੀ ਪ੍ਰੀਤਮ ਦਾਸ ਠਾਕੁਰ ਦੀ ਚੋਣਵੀਂ ਕਵਿਤਾ)

# ਸਿਮਰਤੀ

## ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ

ਸੰਪਾਦਕ

ਗੁਰਭਜਨ ਗਿੱਲ

ਪੰਜਾਬੀ ਲੋਕ ਵਿਰਾਸਤ ਅਕਾਡਮੀ

ਲੁਧਿਆਣਾ

# Simrati

**Prof. Malwinder jeet Singh Waraich**

Edited by

© Gurbhajan Singh Gill

113-F Shaheed Bhagat Singh Nagar,
Pakhowal Road, Ludhiana, INDIA

ISBN : 978-93-49761-53-7

Price : 250/-

1st Print : 23 May, 2026

*Printed at*
**Printwell**
146, Industrial Focal Point, Amristar

## ਸਮਰਪਣ

ਵੱਡੇ ਭਾ ਜੀ ਕਰਨਲ ਹਰਬੰਸ ਸਿੰਘ ਵੜੈਚ
ਭਾ ਜੀ ਕਰਨਲ (ਡਾ.) ਗੁਰਦਰਸ਼ਨਪਾਲ ਸਿੰਘ ਵੜੈਚ
ਭੈਣ ਜੀ ਹਰਬੰਸ ਕੋਰ ਚੀਮਾ, ਭੈਣ ਜੀ ਨਰਿੰਦਰ ਕੌਰ ਵੜੈਚ ਐਡਵੋਕੇਟ
ਤੇ ਭੈਣ ਜੀ ਰਾਜ ਵੜੈਚ ਦੇ ਨਾਮ

ਸਗਲ ਸ੍ਰਿਸ਼ਟੀ ਆਪਣੀ ਜਾਣੋ, ਇਹ ਕੁਦਰਤ ਵਿਸਮਾਦੀ ਕਾਇਆ।
ਪੁੰਗਰਦਾ ਹਰ ਪੱਤਾ ਪੱਕਣਾ, ਝੜਨਾ, ਇਹ ਤਾਂ ਹੁੰਦਾ ਆਇਆ।
ਜਿੰਨੇ ਸਵਾਸ ਮਿਲੇ ਨੇ, ਖਿੜ ਕੇ, ਖੇੜਾ ਵੰਡੋ, ਮਹਿਕੋ ਟਹਿਕੋ,
ਸਾਡੇ ਵੱਡੇ ਸਾਰਿਆਂ ਸਾਨੂੰ ਹਰ ਦਮ ਏਹੀ ਸਬਕ ਪੜ੍ਹਾਇਆ।

*ਗੁਰਭਜਨ ਗਿੱਲ*




ਪੈੱਨ ਸਕੈਚ, ਇਸ਼ਾਨ ਬੇਰਾ, ਦੁਰਗਾਪੁਰ, ਪੱਛਮੀ ਬੰਗਾਲ

ਭਟਕਦਿਆਂ ਦਾ ਸਫ਼ਰ ਕਦੇ ਵੀ ਬਣਦਾ ਨਾ ਇਤਿਹਾਸ ਦੇ ਵਰਕੇ।
ਹਰ ਇੱਕ ਬੀਜ ਬਿਰਖ਼ ਨਹੀਂ ਬਣਦਾ, ਕਹਿਣ ਸਿਆਣੇ ਏਸੇ ਕਰਕੇ।
ਸਹਿਜ ਸਮਰਪਣ ਸੋਚ ਸਿਦਕ ਤੇ ਸੱਚਾ ਮਾਰਗ ਜਿੱਤ ਦੀ ਪੌੜੀ,
ਮੰਜਲਿ ਦਾ ਸਿਰਨਾਵਾਂ ਲੈ ਕੇ ਤੁਰ ਪਈਏ ਜੇ ਨਿਸ਼ਚਾ ਕਰਕੇ।

***ਗੁਰਭਜਨ ਗਿੱਲ***

# ਤਤਕਰਾ


| | | |
|---|---|---|
| ਆਦਿਕਾ ਨਿਰੰਤਰ ਜਗਦੇ ਮਘਦੇ ਚਿਰਾਗ਼ ਵਰਗੇ ਸਨ... | *ਗੁਰਭਜਨ ਸਿੰਘ ਗਿੱਲ (ਪ੍ਰੋ.)* | 9 |
| ਬਾਬਲ ਦੇ ਵਿੱਛੜਨ ਸਮੇਂ | *ਡਾ. ਮਿੰਨਾ ਜਾਖੜ* | 16 |
| ਮੇਰੇ ਗੁਰੂ, ਸਾਥੀ ਤੇ ਰਾਹ ਦਰਸਾਵੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | *ਜਗਮੋਹਨ ਸਿੰਘ (ਪ੍ਰੋ.)* | 19 |
| ਮੇਰੇ ਅੰਦਰ ਪ੍ਰੋ ਮਲਵਿੰਦਰਜੀਤ ਸਿੰਘ ਵੜੈਚ ਦਾ ਕੋਈ ਇੱਕ... | *ਵਰਿਆਮ ਸਿੰਘ ਸੰਧੂ (ਡਾ.)* | 22 |
| ਮਲਵਿੰਦਰਜੀਤ ਸਿੰਘ ਵੜੈਚ ਹੋਣ ਦੇ ਅਰਥ | *ਸਵਰਾਜਬੀਰ (ਡਾ.)* | 27 |
| ਭਾਜੀ ਮਲਵਿੰਦਰ ਜੀਤ ਸਿੰਘ ਵੜੈਚ ਦੇ ਪਿੱਛੇ ਪਿੱਛੇ ਤੁਰਦਿਆਂ | *ਜਸਵੰਤ ਸਿੰਘ ਗਿੱਲ* | 30 |
| ਗਦਰੀ ਬਾਬਿਆਂ ਦਾ ਮੁਣਸ਼ੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | *ਸੀਤਾ ਰਾਮ ਬਾਂਸਲ* | 36 |
| ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਦਾ ਗੁਆਚਿਆ... | *ਸਾਂਵਲ ਧਾਮੀ (ਪ੍ਰੋ.)* | 45 |
| ਗੁਜਰਾਂਵਾਲਾ ਦਾ ਖੋਜੀ ਸਪੁੱਤਰ—ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | *ਸ.ਪ. ਸਿੰਘ (ਡਾ.)* | 55 |
| ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਸਾਹਿਬ ਦੇ ਤੁਰ ਤੇ... | *ਕਰਨਬੀਰ ਸਿੰਘ (ਡਾ.)* | 58 |
| ਜਦੋਂ ਭਾ ਜੀ ਮਲਵਿੰਦਰ ਜੀਤ ਮੈਨੂੰ ਚੰਗੀ ਪੜ੍ਹਾਈ ਲਈ... | *ਸੁਖਵੰਤ ਸਿੰਘ ਗਿੱਲ (ਪ੍ਰੋ.)* | 60 |
| ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਅਮੁੱਲੀ ਦੇਣ | *ਦਰਸ਼ਨ ਖਟਕੜ* | 64 |
| ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਜੇਹਾ ਬੋਹੜ ਜਿਸਦੀ ਛਾਵੇਂ... | *ਅਮੋਲਕ ਸਿੰਘ* | 66 |
| ਗਦਰੀ ਬਾਬਿਆਂ ਦਾ ਸੰਗੀ ਸਾਥੀ | *ਕਮਲਦੀਪ ਸਿੰਘ ਬਰਾੜ* | *71* |
| ਨਾਮਧਾਰੀ ਜਗਤ ਨਹੀਂ ਵਿਸਾਰ ਸਕੇਗਾ ਪ੍ਰੋ. ਮਲਵਿੰਦਰਜੀਤ ਸਿੰਘ... | *ਸੁਵਰਨ ਸਿੰਘ ਵਿਰਕ* | 74 |
| ਗ਼ਦਰੀ ਸੂਰਬੀਰਾਂ ਦੀ ਸੰਗਤ 'ਚ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | *ਅਵਤਾਰ ਸਿੰਘ* | 76 |
| ਇਤਿਹਾਸ ਦੀ ਸੰਭਾਲ ਲਈ ਆਪਣੀ ਹਸਤੀ ਮਿਟਾਉਣ ਵਾਲਾ... | *ਗਗਨਦੀਪ ਸਿੰਘ ਵਿਰਕ* | 79 |
| ਦੇਸ਼ ਭਗਤਾਂ ਦੀ ਯੂਨੀਵਰਸਿਟੀ ਸਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | *ਉਜਾਗਰ ਸਿੰਘ* | 83 |
| ਪ੍ਰੋ. ਮਲਵਿੰਦਰ ਸਿੰਘ ਵੜੈਚ: ਵਿਅਕਤੀਤਵ ਤੇ ਯਾਦ | *ਨਵਤੇਜ ਸਿੰਘ (ਡਾ.)* | 86 |
| ਗਦਰੀਆਂ ਦੇ ਮੁਨਸ਼ੀ ਦਾ ਸਦੀਵੀ ਵਿਛੋੜਾ | *ਗੁਰਦੇਵ ਸਿੰਘ ਸਿੱਧੂ (ਡਾ.)* | 87 |
| ਮੇਰੇ ਮਾਰਗ ਦਰਸ਼ਕ, ਮੇਰੇ ਰਹਿਬਰ-ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ | *ਜਗਰੂਪ ਸਿੰਘ (ਡਾ.)* | 91 |
| ਮਲਵਿੰਦਰ ਜੀਤ ਸਿੰਘ ਵੜੈਚ ਦੀ ਇਨਕਲਾਬੀ ਖੋਜ ਦਾ ਸਫ਼ਰ... | *ਬਲਜੀਤ ਬੱਲੀ* | 93 |

ਯਾਦਾਂ: ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਜੀ ਦੀਆਂ *ਯਸ਼ਪਾਲ* 98

ਮੇਰੇ ਹਿੱਸੇ ਦਾ ਸੂਰਜ: ਪ੍ਰੋਫ਼ੈਸਰ ਵੜੈਚ *ਸੁਰਿੰਦਰ ਧੰਜਲ (ਡਾ:)* 99

ਸਾਡੇ ਗੁਰਵਰ - ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ *ਦਰਸ਼ਨ ਨੱਤ (ਪ੍ਰਿੰਸੀਪਲ) 100*

ਹੱਕ, ਸੱਚ ਤੇ ਇਨਸਾਫ਼ ਦੇ ਪਹਿਰੇਦਾਰ: ਪ੍ਰੋਫ਼ੈਸਰ ਮਲਵਿੰਦਰ ਜੀਤ... *ਉਜਾਗਰ ਸਿੰਘ ਕੰਵਲ* 101

ਮੁਰਸ਼ਦ ਦੀ ਯਾਦ ਵਿੱਚ *ਗੁਰਿੰਦਰਜੀਤ* 103

ਸਾਡੇ ਅਧਿਆਪਕ: ਪ੍ਰੋ. ਮਲਵਿੰਦਰਜੀਤ ਸਿੰਘ *ਸਹਿਜਪਾਲ ਸਿੰਘ (ਡਾ.)* 105

Gadri Babian da Munshi": The Life and Legacy of ... *Harish Jain* 106

A Tribute to Prof. Malwinderjit Singh Warraich *Baldev Singh Sran* 114

Prof Malwinder Jit Singh Waraich: The Historian... *Amarjit Chandan* 117

The people's Historian: Prof. Malwinder Jit... *Mukesh Semwal (Dr.)* 120

Prof. Malwinderjeet Singh Waraich *Chaman Lal (Dr.)* 123

Prof. Malwinderjit Singh Taught us things... *Pavneer Singh Minhas* 125

इंकलाबी इतिहास की खोज का आत्मीय सफर *सुधीर विद्यार्थी* 126

●

ਆਦਿਕਾ

# ਨਿਰੰਤਰ ਜਗਦੇ ਮਘਦੇ ਚਿਰਾਗ਼ ਵਰਗੇ ਸਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

*ਗੁਰਭਜਨ ਸਿੰਘ ਗਿੱਲ (ਪ੍ਰੋ.)*
*ਚੇਅਰਮੈਨ*
*ਪੰਜਾਬੀ ਲੋਕ ਵਿਰਾਸਤ ਅਕਾਡਮੀ*
*ਲੁਧਿਆਣਾ*

ਸਭ ਤੋਂ ਪਹਿਲਾਂ ਮੈਂ ਇਸ ਕਿਤਾਬ ਵਿੱਚ ਰਚਨਾਤਮਕ ਤੇ ਭਾਈਚਾਰਕ ਸਾਥ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕਰਨਾ ਚਾਹਾਂਗਾ।

ਵੱਡੇ ਭੈਣ ਜੀ ਮਨਜੀਤ ਕੌਰ ਵੜੈਚ, ਭਾ ਜੀ ਜਸਵੰਤ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ, ਰਾਜਿੰਦਰ ਸਿੰਘ ਚੀਮਾ, ਡਾ. ਮਿੰਨਾ ਜਾਖੜ ਤੇ ਪਰਿਵਾਰ ਦਾ ਸ਼ੁਕਰੀਆ, ਜਿੰਨ੍ਹਾਂ ਇਹ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ।

ਇਸ ਦੀ ਪ੍ਰਕਾਸ਼ਨਾ ਵਿੱਚ ਸਹਿਯੋਗੀ ਡਾ. ਬਲਦੇਵ ਸਿੰਘ ਸਪਤ ਰਿਸ਼ੀ ਪਬਲੀਕੇਸ਼ਨ ਤੇ ਗਗਨਦੀਪ ਸਿੰਘ ਵਿਰਕ ਸੰਚਾਲਕ ਬਾਬਾ ਆਇਆ ਸਿੰਘ ਰਿਆੜਕੀ ਕਾਲਿਜ ਤੁਗਲਵਾਲਾ (ਗੁਰਦਾਸਪੁਰ) ਦਾ, ਜਿੰਨਾਂ ਨੇ ਮੇਰਾ ਆਰਥਿਕ ਭਾਰ ਵੰਡਾ ਕੇ ਸਾਥ ਦਿੱਤਾ।

**ਹੁਣ ਅਸਲ ਗੱਲ**

ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੇਨੇਟੀਜ਼ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨਿਰੰਤਰ ਜਗਦੇ ਮਘਦੇ ਚਿਰਾਗ਼ ਵਰਗੇ ਸਨ।

ਰਿਸ਼ਤੇ ਪੱਖੋਂ ਉਹ ਭਾਵੇਂ ਮੇਰੇ ਸਭ ਤੋਂ ਵੱਡੇ ਭੂਆ ਜੀ ਬਾਲ ਕੌਰ ਦੇ ਵਿਚਕਾਰਲੇ ਸਪੁੱਤਰ ਸਨ ਪਰ ਇਸ ਤੋਂ ਵੱਧ ਵੀ ਬਹੁਤ ਕੁਝ ਸਨ। 9 ਮਈ ਸਵੇਰਸਾਰ ਸਾਕੇਤੜੀ (ਪੰਚਕੂਲਾ) ਵਿਖੇ ਦੇਹਾਂਤ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਪਰਿਵਾਰ ਲੱਧੇਵਾਲਾ ਵੜੈਚ (ਗੁਜਰਾਂਵਾਲਾ) ਤੋਂ ਦੇਸ਼ ਵੰਡ ਵੇਲੇ ਏਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ ਤੇ ਪਿੰਡ ਰਾਵਰ (ਕਰਨਾਲ) ਵਿੱਚ ਵੱਸਿਆ।

ਘਰ ਛੱਡਣ ਤੋਂ ਲੈ ਕੇ ਮੁਸੀਬਤਾਂ ਦੇ ਪਹਾੜ। ਪਿਤਾ ਜੀ ਕੈਪਟਨ ਭਾਗ ਸਿੰਘ ਪਿੰਡ ਵਿੱਚ ਹੀ ਮਾਰੇ ਗਏ। ਨਿੱਕਾ ਵੀਰ ਅਨੂਪ ਸਿੰਘ ਰਾਹ ਵਿੱਚ ਬਲਵਈਆਂ ਨੇ ਮਾਰ ਮੁਕਾਇਆ। ਮਰਦੇ ਮੂੰਹ ਵਿੱਚ ਪਾਣੀ ਪਾਉਣ ਦਾ ਪ੍ਰਬੰਧ ਵੀ ਨਹੀਂ ਸੀ। ਸਾਡੇ ਭੂਆ ਜੀ ਨੇ ਸਿਰ ਵਾਲੀ

ਚੁੰਨੀ ਭਿਉਂ ਕੇ ਪੁੱਤਰ ਦੇ ਮੂੰਹ ਨੂੰ ਛੁਹਾਈ ਤੇ ਉਸ ਦੇ ਪ੍ਰਾਣ ਪਹਿਲਾਂ ਹੀ ਪੰਖੇਰੂ ਹੋ ਚੁੱਕੇ ਸਨ। ਉਹੀ ਚੁੰਨੀ ਮੋਏ ਪੁੱਤਰ ਦੇ ਜਿਸਮ ਤੇ ਪਾ ਕੇ ਅੱਗੇ ਤੁਰ ਪਏ। ਇਹ ਦਰਦ ਗਾਥਾ ਮੇਰੇ ਨਾਲ ਨਾਲ ਤੁਰੀ ਸਾਰੀ ਹਯਾਤੀ।

ਮੇਰੀ 1997 ਵਿੱਚ ਲਿਖੀ ਇਸ ਗ਼ਜ਼ਲ ਵਿੱਚ ਇਹ ਪੀੜ ਇੰਜ ਅੰਕਿਤ ਹੈ।

ਜ਼ਿੰਦਗੀ ਕਿਸ ਦੋਸ਼ ਬਦਲੇ ਦੇ ਗਈ ਐਸੀ ਸਜ਼ਾ।
ਪਹਿਲਾਂ 'ਵਾ ਨੇ ਟਾਹਣ ਤੋੜੇ ਫਿਰ ਜੜ੍ਹਾਂ ਤੋਂ ਪੁੱਟਿਆ।

ਮੇਰੀ ਮਾਂ ਭੁੱਲਦੀ ਨਹੀਂ ਅੱਧੀ ਸਦੀ ਪਹਿਲਾਂ ਦੀ ਬਾਤ,
ਇਕ ਛੰਨਾ ਪੋਣੇ ਬੱਧੀ ਰੋਟੀ ਕੁੱਤਾ ਲੈ ਗਿਆ।

ਕਸਰ ਤੂੰ ਛੱਡੀ ਨਾ ਕੋਈ ਅੱਗ ਲਾ ਕੇ ਐ ਹਵਾ,
ਫੇਰ ਵੀ ਤੂੰ ਵੇਖ ਕਿੱਦਾਂ ਝੂਮਦਾ ਜੰਗਲ ਹਰਾ।

ਸਿਰ ਦੀ ਚੁੰਨੀ ਲਾਸ਼ ਪੁੱਤਰ ਦੀ ਤੇ ਪਾ ਅੱਗੇ ਤੁਰੀ,
ਏਸ ਤੋਂ ਵਧ ਕੇ ਭਲਾ ਹੋਵੇਗੀ ਕਿਹੜੀ ਕਰਬਲਾ।

ਜਿਸ ਨੂੰ ਤੂੰ ਆਖੇਂ ਅਜ਼ਾਦੀ ਲੱਭ ਲੈ ਕਿੱਧਰ ਗਈ,
ਉਹ ਤਾਂ ਸੀ ਇਕ ਖ਼੍ਵਾਬ ਰਾਤੀਂ ਆਇਆ ਆ ਕੇ ਤੁਰ ਗਿਆ।

ਰੰਗ ਬਦਲੇ, ਪਰ ਕਿਸੇ ਨਾ ਢੰਗ ਬਦਲੇ ਨਾ ਵਿਧਾਨ,
ਕੁਰਸੀਆਂ ਤੇ ਕਾਲਾ ਧਨ ਚਿਹਰਾ ਬਦਲ ਕੇ ਬਹਿ ਗਿਆ।

ਬੰਦਿਆਂ 'ਤੇ ਰੋਕ ਸਰਹੱਦ ਤਾਰ ਕੰਡਿਆਲੀ ਖੜ੍ਹੀ,
ਕੌਣ ਡੱਕ ਸਕਦੈ ਭਲਾ ਦੱਸ ਹਾਉਕਿਆਂ ਦਾ ਕਾਫ਼ਲਾ

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਪੜ੍ਹਾਉਂਦੇ ਰਹੇ। ਪਹਿਲਾਂ ਉਹ ਲੁਧਿਆਣਾ ਸ਼ਹਿਰ ਦੇ ਸਿਵਿਲ ਲਾਈਨਜ਼ ਏਰੀਆ ਵਿੱਚ ਡਾ. ਹੀਰਾ ਸਿੰਘ ਰੋਡ ਤੇ ਰਹਿੰਦੇ ਸਨ। ਇੱਥੇ ਰਹਿੰਦਿਆਂ ਉਨ੍ਹਾਂ ਕੋਲ ਕਈ ਨਜ਼ਦੀਕੀ ਰਿਸ਼ਤੇਦਾਰਾਂ ਦੇ ਬੱਚੇ ਪੜ੍ਹਦੇ ਸਨ। ਮੇਰੇ ਵੱਡੇ ਭੈਣ ਜੀ ਤੇ ਭਾ ਜੀ ਸਮੇਤ। ਬਹੁਤਿਆਂ ਨੂੰ ਭਾ ਜੀ ਹੀ ਪੜ੍ਹਾਉਂਦੇ। ਪੜ੍ਹਾਉਣਾ ਉਨ੍ਹਾਂ ਦਾ ਸਮਰਪਿਤ ਸ਼ੌਕ ਸੀ। ਆਪ ਵੀ ਬਹੁਤ ਪੜ੍ਹਦੇ। ਮੈਨੂੰ ਯਾਦ ਹੈ ਜਦ ਮੈਂ 1975ਵਿੱਚ ਗੌਰਮਿੰਟ ਕਾਲਿਜ ਲੁਧਿਆਣਾ

ਅੰਦਰ ਐੱਮ ਏ ਲਈ ਦਾਖਲਾ ਲਿਆ ਤਾਂ ਉਨ੍ਹਾਂ ਵੀ ਪੰਜਵੀਂ ਐੱਮ ਏ ਲਈ ਦਾਖਲਾ ਭਰ ਦਿੱਤਾ। ਮੈਂ ਪੰਜਾਬੀ ਵਿੱਚ ਉਹ ਅੰਗਰੇਜ਼ੀ ਵਿੱਚ ਇੱਕੋ ਇਮਤਿਹਾਨੀ ਕੇਂਦਰ ਵਿੱਚ ਪੇਪਰ ਦਿੱਤੇ। ਉਹ ਸ਼ਬਦ ਸੱਭਿਆਚਾਰ ਦੇ ਨਿਰੰਤਰ ਸਾਧਕ ਸਨ। ਆਪਣੇ ਕਾਲਿਜ ਦੇ ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ। ਉਨ੍ਹਾਂ ਦਾ ਕਾਰਜ ਖੇਤਰ ਇਕੱਲਾ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਹੀ ਨਹੀਂ ਸੀ ਸਗੋਂ ਪੂਰਾ ਪੰਜਾਬ ਸੀ। ਕਦੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵਿੱਚ ਉਹ ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ ਨੂੰ ਮਿਲਵਾਉਂਦੇ ਕਦੇ ਕਿਸੇ ਹੋਰ ਕਾਲਿਜ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੂੰ ਲੈ ਜਾਂਦੇ।

ਉਮਰ ਦੇ ਆਖਰੀ ਦੋ ਤਿੰਨ ਸਾਲ ਛੱਡ ਕੇ ਉਹ ਰੋਜ਼ਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ।

ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਕਾਲਾ ਸੰਘਿਆ, ਬਾਬਾ ਸੱਜਣ ਸਿੰਘ ਨਾਰੰਗਵਾਲ, ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ।

ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸ਼ਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ।

ਆਪਣੇ ਪਿੱਛੋ ਉਹ ਆਪਣੀ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦੇ ਵਿਦਿਆਰਥੀਆਂ ਵਿੱਚੋਂ ਸ਼ਹੀਦ ਭਗਤ ਸਿੰਘ ਦੇ ਭਣੇਵੇ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ ਪਰਮਾਰ, ਮਿਹਰ ਚੰਦ ਭਾਰਦਵਾਜ, ਤੋਂ ਇਲਾਵਾ ਸਾਹਿੱਤ ਖੇਤਰ ਵਿੱਚ ਅਜਮੇਰ ਰੋਡੇ, ਦਰਸ਼ਨ ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ, ਅਜਮੇਰ ਸਿੰਘ, ਸੁਰਿੰਦਰ ਧੰਜਲ, ਕੰਵਲਜੀਤ ਸਿੰਘ ਢੁੱਡੀਕੇ, ਜਸਵੰਤ ਜ਼ਫ਼ਰ, ਗੁਰਿੰਦਰਜੀਤ ਤੇ ਪਰਮਜੀਤ ਧਾਲੀਵਾਲ ਨੇ ਚੰਗਾ ਨਾਮਣਾ ਖੱਟਿਆ।

ਪੰਜਾਬ ਰਾਜ ਬਿਜਲੀ ਬੋਰਡ ਦੇ ਦੇ ਤੇਅਰਮੈਨ ਹਰਿੰਦਰ ਸਿੰਘ ਬਰਾੜ ਤੇ ਕੇ ਡੀ ਚੌਧਰੀ ਤੋਂ ਇਲਾਵੀ ਪਿਛਲੇ ਸਾਲ ਸੇਵਾਮੁਕਤ ਹੋਏ ਚੇਅਰਮੈਨ ਸ. ਬਲਦੇਵ ਸਿੰਘ ਸਰਾਂ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਬਾਨੀ ਵਾਈਸ ਚਾਂਸਲਰ ਡਾ. ਦਿਲਬਾਗ ਸਿੰਘ ਹੀਰਾ ਤੇ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਉਨ੍ਹਾਂ ਦੇ ਵਿਦਿਆਰਥੀ ਸਨ।

## ਇੱਕ ਗੱਲ ਆਪਣੇ ਬਚਪਨ ਦੀ ਸੁਣਾਵਾਂ ਭਾ ਜੀ ਨਾਲ ਸਬੰਧਤ

ਇਹ ਗੱਲ ਮੈਨੂੰ ਕਦੇ ਨਹੀਂ ਵਿੱਸਰਦੀ। 1969 ਵਿੱਚ ਦਸਵੀਂ ਦੇ ਨਤੀਜੇ ਬਾਦ ਮੈਂ ਲੁਧਿਆਣੇ ਆਇਆ ਹੋਇਆ ਸੀ। ਆਇਆ ਨਹੀਂ ਬੁਲਾਇਆ ਗਿਆ ਸੀ। ਮੁੱਦਾ ਇਹ ਸੀ ਕਿ ਮੈਂ ਅੱਗੋਂ ਕਿਹੜੀ ਪੜ੍ਹਾਈ ਕਰਾਂ? ਵਿਗਿਆਨ ਜਾਂ ਆਰਟਸ? ਭਾਜੀ ਮਲਵਿੰਦਰ ਜੀਤ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਿਜ ਵਾਲੇ ਘਰ ਵਿੱਚ ਮੇਰੀ ਪੇਸ਼ੀ ਸੀ। ਭਾ ਜੀ ਦੀ ਮੇਰੇ ਮਨ ਵਿੱਚ ਬਹੁਤ ਦਹਿਸ਼ਤ ਸੀ। ਉਨ੍ਹਾਂ ਨੂੰ ਇਨਕਾਰ ਕਰਨਾ ਬੱਜਰ ਗਲਤੀ ਮੰਨੀ ਜਾ ਰਹੀ ਸੀ। ਸਾਡਾ ਸਾਰਾ ਪਰਿਵਾਰ ਉਨ੍ਹਾਂ ਦੇ ਹੁਰਮ ਵਿੱਚ ਸੀ। ਬਚਪਨ ਤੋਂ ਹੀ ਮੇਰੇ ਮਨ ਵਿੱਚ ਬੀਜਿਆ ਗਿਆ ਸੀ ਕਿ ਤੁਹਾਡੇ ਭਾ ਜੀ ਕਦੇ ਗ਼ਲਤ ਫ਼ੈਸਲਾ ਨਹੀਂ ਕਰਦੇ।

ਮੇਰੇ ਮਨ ਦਾ ਡਰ ਭੈਣ ਜੀ ਰਾਜ ਭਾਂਪ ਗਏ ਸਨ। ਮੇਰੇ ਫਰਕਦੇ ਬੁੱਲ ਖ਼ੌਫ਼ਜ਼ਦਾ ਸਨ। ਭਾ ਜੀ ਨੇ ਮੈਨੂੰ ਵਿਗਿਆਨ ਦੀ ਪੜ੍ਹਾਈ ਦੇ ਬਹੁਤ ਪਿਆਰ ਨਾਲ ਗੁਣ ਸਮਝਾਏ। ਮੇਰੇ ਨੰਬਰ ਭਾਵੇਂ ਵਿਗਿਆਨ ਦੀ ਪੜ੍ਹਾਈ ਦੇ ਕਾਬਲ ਨਹੀਂ ਸਨ ਪਰ ਮੈਂ ਅੱਜ ਵੀ ਸੋਚਦਾ ਹਾਂ ਕਿ ਸਾਰਾ ਟੱਬਰ ਮੈਨੂੰ ਇੰਜਨੀਅਰ ਜਾਂ ਡਾਕਟਰ ਬਣਾਉਣ ਲਈ ਕਿਉਂ ਬਜ਼ਿਦ ਸੀ। ਮੇਰਾ ਵਿਗਿਆਨ ਪੜ੍ਹਨ ਦੇ ਡਰੋਂ ਰੋਣ ਨਿਕਲਣ ਵਾਲਾ ਹੋ ਗਿਆ। ਦੁਪਹਿਰ ਦੀ ਰੋਟੀ ਖੁਆਉਂਦਿਆਂ ਭੈਣ ਜੀ ਰਾਜ ਇਸ਼ਾਰੇ ਨਾਲ ਸਮਝਾ ਗਏ ਸਨ ਕਿ ਚੰਗਾ ਪੜ੍ਹੀਂ, ਭਾਵੇਂ ਆਰਟਸ ਹੀ ਹੋਵੇ। ਡਰ ਨਾ ਆਪਣੇ ਭਾ ਜੀ ਤੋਂ। ਦਿਲ ਖੋਲ੍ਹ ਕੇ ਦੱਸ ਕਿ ਵਿਗਿਆਨ ਦੀ ਪੜ੍ਹਾਈ ਤੂੰ ਕਿਉਂ ਨਹੀਂ ਕਰਨਾ ਚਾਹੁੰਦਾ। ਦੁਪਹਿਰ ਦੀ ਰੋਟੀ ਖਾਣ ਬਾਦ ਭਾ ਜੀ ਦੇ ਭਰਾਵਾਂ ਵਰਗੇ ਮਿੱਤਰ ਪ੍ਰੋ. ਹਰੀ ਸਿੰਘ ਦੀ ਡਿਊਟੀ ਲੱਗੀ ਕਿ ਤੂੰ ਇਸਨੂੰ ਪਿਆਰ ਨਾਲ ਸਮਝਾ, ਮੈਥੋਂ ਡਰੀ ਜਾਂਦਾ ਹੈ। ਸ਼ਾਮ ਵੇਲੇ ਉਹ ਆ ਗਏ। ਘਰ ਦੇ ਅਗਲੇ ਬਗੀਚੇ ਵਿੱਚ ਮੇਰੀ ਫਿਰ ਪੇਸ਼ੀ ਸੀ। ਮੈਂ ਦੱਸਿਆ ਕਿ ਦਸਵੀਂ ਵਿੱਚੋਂ ਵੀ ਮੈਂ ਸਾਇੰਸ ਚੋਂ ਏਸ ਕਰਕੇ ਪਾਸ ਹੋ ਸਕਿਆਂ ਕਿਉਂਕਿ ਮੈਂ ਮਾਸਟਰ ਪ੍ਰਕਾਸ਼ ਚੰਦ ਜੀ ਕੋਲ ਸਕੂਲ ਟਾਈਮ ਤੋਂ ਬਾਦ ਇੱਕ ਘੰਟਾ ਟਿਊਸ਼ਨ ਪੜ੍ਹਦਾ ਸੀ।

ਇੱਕ ਗੱਲ ਇਹ ਵੀ ਸੀ ਕਿ ਸਾਇੰਸ ਦੀ ਪੜ੍ਹਾਈ ਸਿਰਫ਼ ਬੇਰਿੰਗ ਯੂਨੀਅਨ ਕਰਿਸਚਨ ਕਾਲਿਜ ਬਟਾਲਾ ਵਿੱਚ ਹੀ ਸੀ। ਮੈਂ ਕਈ ਸਾਲ ਆਪਣੇ ਵੱਡੇ ਭਾ ਜੀ ਸੁਖਵੰਤ ਨੂੰ ਪਿੰਡੋਂ ਇਸ ਕਾਲਿਜ ਸਾਈਕਲ ਤੇ ਜਾਣ ਆਉਣ ਦੀ ਤੰਗੀ ਤੋਂ ਵੀ ਤ੍ਰਭਕਦਾ ਸਾਂ। ਇਹ ਭਵ ਸਾਗਰ ਸੀ ਮੇਰੇ ਲਈ। ਤਰਣ ਦੁਹੇਲਾ ਜਾਪ ਰਿਹਾ ਸੀ। ਬੇਰਿੰਗ ਕਾਲਿਜ ਤੋਂ ਮੰਗਵਾਇਆ ਪ੍ਰਾਸਪੈਕਟਿਸ ਮੈਨੂੰ ਖਾਣ ਲਈ ਆ ਰਿਹਾ ਸੀ। ਮੈਂ ਰੋ ਹੀ ਪਿਆ। ਉਨ੍ਹਾਂ ਪੁਚਕਾਰ ਕੇ ਸਮਝਾਇਆ ਕਿ ਸਾਰੇ ਤੇਰਾ ਭਵਿੱਖ ਰੌਸ਼ਨ ਵੇਖਣਾ ਚਾਹੁੰਦੇ ਹਨ, ਤੂੰ ਮੰਨ ਜਾ, ਵਿਗਿਆਨ ਬਿਨ ਹੁਣ ਗੁਜ਼ਾਰਾ ਨਹੀਂ। ਮੇਰਾ ਵਿਗਿਆਨ ਦੇ ਡਰੋਂ ਕੰਬਦਾ ਵਜੂਦ ਵੇਖ ਕੇ ਭਾ ਜੀ ਹਰੀ ਸਿੰਘ ਨੇ ਫ਼ੈਸਲਾ ਸੁਣਾਇਆ ਕਿ ਗੁਰਭਜਨ ਆਰਟਸ ਹੀ ਪੜ੍ਹੇਗਾ।

ਸਾਰੇ ਜੀਆਂ ਦੇ ਮਨ ਮਸੋਸੇ ਗਏ। ਸਾਰੇ ਮੇਰਾ ਭਲਾ ਮੰਗਦੇ ਸਨ ਪਰ ਮੈਂ ਜਬਰੀ ਪਰੋਸੀ ਖੀਰ ਨਹੀਂ ਸਾਂ ਖਾ ਰਿਹਾ।

ਉਦੋਂ ਖ਼ਬਰਾਂ ਉੱਡ ਰਹੀਆਂ ਸਨ ਕਿ ਕਾਲਾ ਅਫ਼ਗਾਨਾ ਪਿੰਡ ਵਾਲੇ ਗੁਰੂ ਨਾਨਕ

ਸ਼ਤਾਬਦੀ ਕਾਰਨ ਕਾਲਿਜ ਖੋਲ੍ਹ ਰਹੇ ਹਨ। ਮੈਂ ਪਿੰਡ ਆ ਕੇ ਗਿਆਨੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਉਦੋਂ ਗਿਆਨੀ ਬਾਦ ਕੁਝ ਵਿਸ਼ੇ ਹੋਰ ਪਾਸ ਕਰਕੇ ਬੀ ਏ ਹੋ ਜਾਂਦੀ ਸੀ। ਮੈਂ ਤੇ ਸਾਡੇ ਪਿੰਡ ਵਾਲਾ ਕਾਮਰੇਡ ਗੁਲਜ਼ਾਰ ਸਿੰਘ ਕਾਲਾ ਅਫਗਾਨਾ ਪਿੰਡ ਵਿੱਚ ਪਤਾ ਕਰਨ ਗਏ ਕਿ ਕਾਲਿਜ ਐਤਕੀਂ ਖੁੱਲ੍ਹੇਗਾ ਜਾਂ ਅਗਲੇ ਸਾਲ। ਕਿਸੇ ਦੱਸ ਪਾਈ ਕਿ ਮਾਸਟਰ ਜਸਵੰਤ ਸਿੰਘ ਰੰਧਾਵਾ ਦੱਸ ਸਕਣਗੇ ਕਿ ਕੀ ਪੁਜ਼ੀਸ਼ਨ ਹੈ?

ਅਸੀਂ ਮਿਲੇ ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰਵਾਨਗੀ ਆ ਗਈ ਹੈ। ਪ੍ਰਾਸਪੈਕਟਸ ਅਗਲੇ ਹਫ਼ਤੇ ਛਪ ਕੇ ਆ ਜਾਵੇਗਾ। ਸਰਕਾਰੀ ਸਕੂਲ ਦੇ ਜੇ ਬੀ ਟੀ ਵਾਲੇ ਕਮਰਿਆਂ ਵਿੱਚ ਕਲਾਸਾਂ ਲੱਗਣਗੀਆਂ।

ਅਸੀਂ ਉੱਡਦੇ ਉੱਡਦੇ ਪਿੰਡ ਪਰਤੇ। ਮੈਂ ਸੁਖ ਦਾ ਸਾਹ ਲਿਆ। ਸ਼ੁਕਰ ਕੀਤਾ ਕਿ ਏਥੇ ਸਾਇੰਸ ਨਹੀਂ ਪੜ੍ਹਨੀ ਪਵੇਗੀ। ਮੈਂ ਇਸ ਕਾਲਿਜ ਦੇ ਪਹਿਲੇ ਸਾਲ ਵਿੱਚ ਦਾਖ਼ਲਾ ਲੈ ਲਿਆ। ਸਾਲ ਬਾਦ ਪਾਸ ਹੋ ਗਿਆ। ਨੰਬਰ ਠੀਕ ਠੀਕ ਸਨ, ਬਹੁਤ ਚੰਗੇ ਨਹੀਂ. ਬੱਸ ਐਵੇਂ ਗੁਜ਼ਾਰਾ ਹੀ ਸੀ। ਅਗਲੇ ਸਾਲ ਮੇਰੇ ਵੱਡੇ ਭਾ ਜੀ ਇਸ ਕਾਲਿਜ ਵਿੱਚ ਪੁਲਿਟੀਕਲ ਸਾਇੰਸ ਦੇ ਲੈਕਚਰਰ ਨਿਯੁਕਤ ਹੋ ਗਏ। ਚੌਵੀ ਘੰਟੇ ਦੀ ਪਹਿਰੇਦਾਰੀ ਦਾ ਲਾਭ ਇਹ ਹੋਇਆ ਕਿ ਮੈਂ ਬੀ ਏ ਭਾਗ ਪਹਿਲਾ ਪਾਸ ਕਰ ਗਿਆ। ਮੇਰੀ ਪੜ੍ਹਾਈ ਤੋਂ ਬਿਨ ਸਭ ਸਰਗਰਮੀਆਂ ਵਿੰਚ ਦਿਲਚਸਪੀ ਸੀ। ਭਾ ਜੀ ਹੱਥ ਖੜ੍ਹੇ ਕਰ ਗਏ ਕਿ ਮੇਰੇ ਆਖੇ ਨਹੀਂ ਲੱਗਦਾ। ਇਸ ਨੂੰ ਵੱਡੇ ਭਾ ਜੀ ਕੋਲ ਲੁਧਿਆਣੇ ਪੜ੍ਹਨ ਭੇਜ ਦਿਉ। ਇੰਜ ਮੈਂ 1971 ਵਿੱਚ ਲੁਧਿਆਣੇ ਆ ਗਿਆ।

ਵੱਡੇ ਭਾ ਜੀ ਜਸਵੰਤ ਬਹੁਤ ਕਰੜੇ ਸਨ। ਕੁਝ ਡਰਦਿਆਂ, ਕੁਝ ਸੋਚਦਿਆਂ ਤੁਰ ਤਾਂ ਪਿਆ ਪਰ ਪਰਿਵਾਰ ਦੇ ਕਿਸੇ ਜੀਅ ਦੀ ਤਸੱਲੀ ਨਹੀਂ ਸੀ ਮੇਰੇ ਕਾਰ ਵਿਹਾਰ ਤੋਂ। ਬੀ ਏ ਭਾਗ ਦੂਜਾ ਵਿੱਚੋਂ ਮੈਂ ਫੇਲ ਹੋ ਗਿਆ। ਫੋਕੀ ਆਕੜ ਕਾਰਨ ਸੁਪਰਵਾਈਜ਼ਰ ਨਾਲ ਪੰਗਾ ਪਾ ਲਿਆ। ਉਸ ਪੇਪਰ ਖੋਹ ਕੇ ਘਰ ਤੋਰ ਦਿੱਤਾ। ਇਹ ਕਹਿ ਕੇ ਕਿ ਹੁਣ ਤਰੀਕਾਂ ਭੁਗਤੇਂਗਾ ਚੰਡੀਗੜ੍ਹ। ਨਕਲ ਦਾ ਕੇਸ ਬਣਾਵਾਂਗਾ, ਯਾਦ ਰੱਖੇਂਗਾ ਕਿ ਕਿਸੇ ਨਾਲ ਵਾਹ ਪਿਆ ਸੀ।

ਪੇਪਰ ਵਿੱਚੋਂ ਬਾਹਰ ਨਿਕਲਦਾ ਵੇਖ ਕੇ ਮੇਰੇ ਅਧਿਆਪਕ ਪ੍ਰੋ. ਹਰਿੰਦਰ ਸਿੰਘ ਖਾਲਸਾ (ਜੋ ਮਗਰੋਂ ਰਾਜਦੂਤ ਤੇ ਦੋ ਵਾਰ ਐੱਮ ਪੀ ਬਣੇ) ਤੇ ਹਿਸਾਬ ਵਾਲੇ ਪ੍ਰੋ ਮਨਜੀਤ ਸਿੰਘ ਜੀ ਨੇ ਮੇਰੀ ਜਾਨ ਬਖ਼ਸ਼ੀ ਕਰਵਾਈ। ਨਕਲ ਕੇਸ ਤਾਂ ਨਾ ਬਣਿਆ ਪਰ ਮਨ ਵਿੱਚ ਆਪਣੇ ਆਪ ਲਈ ਨਫ਼ਰਤ ਬਹੁਤ ਪੈਦਾ ਹੋਈ। ਇਕਨਾਮਿਕਸ ਦੇ ਇਸ ਅਧੂਰੇ ਪੇਪਰ ਵਿੱਚੋਂ ਮੇਰੇ ਸਿਰਫ਼ 18 ਨੰਬਰ ਆਏ। 20 ਹੁੰਦੇ ਤਾਂ ਮੇਰੀ ਕੰਪਾਰਟਮੈਂਟ ਆ ਜਾਂਦੀ।

ਇਥੋਂ ਹੀ ਮੇਰਾ ਵਿਕਾਸ ਪੰਧ ਸ਼ੁਰੂ ਹੋਇਆ। ਜੁਲਾਈ ਵਿੱਚ ਫੇਲ ਹੋ ਕੇ ਗਿਆਨੀ ਦੇ ਪੇਪਰ ਦਿੱਤੇ। ਮੇਰੀ ਪੰਜਾਬ ਯੂਨੀਵਰਸਿਟੀ ਵਿੱਚੋਂ ਪਹਿਲੀ ਪੁਜ਼ੀਸ਼ਨ ਸੀ। ਫਿਰ ਬੀ ਏ ਵਿੱਚ ਮੈਂ ਕਾਲਿਜ ਵਿੱਚੋਂ ਪ੍ਰਥਮ ਹੋ ਗਿਆ। ਐੱਮ ਏ ਵਿੱਚ ਵੀ ਪਹਿਲੇ ਸਾਲ ਪਹਿਲੀ ਤੇ ਦੂਜੇ ਸਾਲ ਦੂਜੀ ਪੁਜ਼ੀਸ਼ਨ ਰਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚੋਂ। ਨਾਲ ਹੀ ਨੌਕਰੀ

ਮਿਲਣ ਕਰਕੇ ਮੇਰੀ ਗੱਡੀ ਲੀਹ ਤੇ ਆ ਗਈ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਣੇਵੇਂ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰ ਸ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ।

ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੱਧ ਹੈ। ਪਹਿਲੇ ਤੇ ਦੂਜੇ ਲਾਹੌਰ ਸਾਜਸ਼ਿ ਕੇਸ ਦੀ ਜੱਜਮੈਂਟ ਨੂੰ ਵੀ ਹਰੀਸ਼ ਜੈਨ ਨਾਲ ਮਿਲ ਕੇ ਸੰਪਾਦਿਤ ਕੀਤਾ ਤੇ ਛਪਵਾਇਆ।

ਪ੍ਰੋ. ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਿਜ ਖੁਲਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਅਤੇ ਸ ਸੁਖਦੇਵ ਸਿੰਘ ਸਰਾਭਾ ਤੇ ਮਿਹਰਚੰਦ ਭਾਰਦਵਾਜ ਨਾਲ ਮਿਲ ਕੇ ਬਦੇਸ਼ਾਂ ਵਿੱਚ ਵੱਸਦੇ ਵਿਦਿਆਰਥੀਆਂ ਦੀ ਮਦਦ ਨਾਲ ਵੱਡਾ ਫੰਡ ਇਕੱਠਾ ਕਰਕੇ ਦਿੱਤਾ।

ਮਾਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ.ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ।

ਗ਼ਦਰ ਲਹਿਰ ਨੂੰ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਵਿਚ ਚਦਰ ਲਹਿਰ ਲਿਖਿਆ ਹੋਇਆ ਸੀ ਜਿਸ ਬਾਰੇ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ। ਫਿਰ ਇਸ ਵਿਚ ਵੀ ਸੋਧ ਅਦਾਲਤ ਵਿੱਚ ਕੇਸ ਕਰਕੇ ਕਰਵਾਈ ਸੀ।

ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ ਦੀ ਨਿਲਾਮ ਕੀਤੀ ਜ਼ਮੀਨ ਦੇ ਮੁਆਵਜ਼ੇ ਲਈ ਸਰਕਾਰੀ ਤੰਤਰ ਵਲੋਂ ਨਾਂਹਪੱਖੀ ਰਵੱਈਆ ਅਪਨਾਉਣ ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਰਾਹੀਂ ਨਾਂ ਸਿਰਫ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ ਦੇ ਪੋਤਰਿਆਂ ਨੂੰ 35 ਲੱਖ ਰੁਪਏ ਮੁਆਵਜ਼ਾ ਦੁਆਇਆ ਸਗੋਂ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਐਨਾ ਕਾਇਲ ਕੀਤਾ ਕਿ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੀ ਕਿਸੇ ਵੀ ਲਹਿਰ ਦੇ ਦੇਸ਼ ਭਗਤ ਦੀ ਜ਼ਬਤ/ਨਿਲਾਮ ਹੋਈ ਜ਼ਮੀਨ ਵਾਰਸਾਂ ਨੂੰ ਮੋੜਨ ਜਾਂ ਮੌਜੂਦਾ ਭਾਅ ਬਰਾਬਰ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਸੀ।

ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਲਿਖੀਆਂ/ਅਨੁਵਾਦਿਤ/ਸੰਪਾਦਤ 62 ਕਿਤਾਬਾਂ ਹਨ ਅਤੇ ਹੋਰ 5 ਕਿਤਾਬਾਂ ਦੀ ਪੀ ਡੀ ਐਫ ਪਾਠਕਾਂ ਨੂੰ ਵੰਡ ਗਏ ਹਨ। ਇਨਕਲਾਬੀ ਦੇਸ਼ ਭਗਤਾਂ ਬਾਰੇ ਲਿਖਣ ਵਾਲੇ ਲੇਖਕਾਂ ਨੂੰ ਉਹ ਆਪਣੇ ਖਜ਼ਾਨੇ ਵਿਚੋਂ ਦਸਤਾਵੇਜ਼ ਫੋਟੋ ਕਾਪੀਆਂ ਕਰਵਾ ਕੇ ਬੜੇ ਚਾਅ ਨਾਲ ਭੇਜਦੇ ਸਨ।

ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੀ ਜਾਣਕਾਰੀ ਦੇ 41 ਵੱਡ ਅਕਾਰੀ ਪੈਨਲ

ਨੈਸ਼ਨਲ ਗੈਲਰੀ ਆਫ਼ ਪੋਰਟਰੇਟ 17 ਸੈਕਟਰ ਚੰਡੀਗੜ੍ਹ ਵਿੱਚ ਬਣਾਉਣ ਦੀ ਪ੍ਰਮੁੱਖ ਭੂਮਿਕਾ ਅਦਾ ਕੀਤੀ।

ਆਪਣੇ 52 ਸਾਲਾਂ ਦੇ ਖੋਜੀ ਜੀਵਨ ਦੌਰਾਨ ਇਨਕਲਾਬੀ ਦੇਸ਼ ਭਗਤਾਂ ਨਾਲ ਸਬੰਧਤ ਹਜ਼ਾਰਾਂ ਦਸਤਾਵੇਜ਼, ਬੇਸ਼ਕੀਮਤੀ ਕਿਤਾਬਾਂ ਅਤੇ ਗ਼ਦਰੀ ਬਾਬਿਆਂ ਦੀਆਂ ਨਿੱਜੀ ਵਸਤਾਂ ਉਹ ਆਪਣੇ ਸਭ ਤੋਂ ਪਿਆਰੇ ਸ਼ਾਗਿਰਦ ਸੀਤਾ ਰਾਮ ਬਾਂਸਲ ਅਤੇ ਉਸਦੀ ਜੀਵਨ ਸਾਥਣ ਬਲਵਿੰਦਰ ਕੌਰ ਬਾਂਸਲ ਨੂੰ ਸੌਂਪ ਗਏ ਹਨ। ਬਾਂਸਲ ਜੋੜੀ ਨੇ ਇਹ ਦਸਤਾਵੇਜ਼ ਅਤੇ ਕਿਤਾਬਾਂ ਖੋਜੀਆਂ ਦੀ ਸਹੂਲਤ ਲਈ ਆਪਣੇ ਜਲੰਧਰ ਸ਼ਹਿਰ ਵਿਚਲੇ ਆਪਣੇ ਘਰ ਵਿਚ "ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਰੈਵੋਲਿਊਸ਼ਨਰੀ ਰਿਚਰਚ ਸੈਂਟਰ" ਵਿਚ ਰੱਖੇ ਹੋਏ ਹਨ।

ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ। ਸਬੱਬ ਵੇਖੋ, ਇਸੇ ਹਾਲ ਵਿੱਚ ਪਹਿਲਾਂ ਉਨ੍ਹਾਂ ਦੀ ਜੀਵਨ ਸਾਥਣ ਭੈਣ ਜੀ ਰਾਜ ਅਤੇ ਪ੍ਰੋਫੈਸਰ ਸਾਹਿਬ ਦੇ ਨਿੱਕੇ ਭਰਾਤਾ ਕਰਨਲ (ਡਾ.) ਗੁਰਦਰਸ਼ਨ ਪਾਲ ਸਿੰਘ ਵੜੈਚ ਜੀ ਦੀ ਦੇਹ ਸੁਭਾਇਮਾਨ ਹੈ। ਦੋਹਾਂ ਦਾ ਸਰੀਰ ਹੀ ਖੋਜ ਕਾਰਜਾਂ ਲਈ 2014 ਅਤੇ 2015 ਵਿੱਚ ਪੀ ਜੀ ਆਈ ਨੂੰ ਦਾਨ ਕੀਤਾ ਗਿਆ ਸੀ। ਉਨ੍ਹਾਂ ਦੇ ਭਤੀਜੇ ਨਵਜੋਤ ਸਿੰਘ ਵੜੈਚ ਦੀ ਦੇਹ ਪੀ ਜੀ ਆਈ ਰੋਹਤਕ ਨੂੰ 2019 ਵਿੱਚ ਦਾਨ ਕੀਤੀ ਗਈ ਸੀ।

●

# ਬਾਬਲ ਦੇ ਵਿੱਛੜਨ ਸਮੇਂ

*ਡਾ. ਮਿੰਨਾ ਜਾਖੜ*




ਜਿਸ ਦਿਨ ਦੇ ਡੈਡੀ ਸਰੀਰਕ ਵਿਛੋੜਾ ਦੇ ਗਏ ਨੇ, ਉਸ ਦਿਨ ਤੋਂ ਹੀ ਮੈਨੂੰ ਉਨ੍ਹਾਂ ਦੇ ਪਾਠਕਾਂ. ਸਾਥੀਆਂ, ਵਿਦਿਆਰਥੀਆਂ, ਸ਼ੁਭ ਚਿੰਤਕਾਂ ਤੇ ਰਿਸ਼ਤੇਦਾਰਾਂ ਨੇ ਇਕੱਲੀ ਧੀ ਹੋਣ ਦਾ ਅਹਿਸਾਸ ਨਹੀਂ ਹੋਣ ਦਿੱਤਾ। ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦੀ ਬੁੱਕਲ਼ ਕਿੰਨੀ ਵਿਸ਼ਾਲ ਸੀ। ਬਜ਼ੁਰਗ, ਬੱਚੇ ਤੇ ਹਾਣੀਆਂ ਦਾ ਵੱਡਾ ਖ਼ਜ਼ਾਨਾ ਸੀ ਉਨ੍ਹਾਂ ਕੋਲ।

ਮੈਂ ਸ. ਮਲਵਿੰਦਰ ਜੀਤ ਸਿੰਘ ਵੜੈਚ ਦੀ ਇਕਲੌਤੀ ਬੇਟੀ ਹਾਂ ਇਸ ਕਰਕੇ ਜਿੰਨਾ ਨਿੱਘ ਆਪਣੇ ਮਾਪਿਆਂ ਦਾ ਮੈਂ ਲਿਆ ਹੈ। ਉਸ ਦਾ ਮੁਕਾਬਲਾ ਨਹੀਂ ਹੋ ਸਕਦਾ।

ਉਹਨਾਂ ਦਾ ਪਹਿਲੇ ਬੱਚੇ ਦੇ ਪੈਦਾ ਹੋਣ ਵੇਲੇ ਇਹ ਸੋਚਣਾ ਕਿ ਉਹਨਾਂ ਨੇ ਇੱਕੋ ਹੀ ਬੱਚਾ ਪੈਦਾ ਕਰਨਾ ਹੈ ਭਾਵੇਂ ਉਹ ਬੇਟਾ ਹੋਵੇ ਜਾਂ ਬੇਟੀ। ਇਹ ਆਪਣੇ ਆਪ ਚ ਹੀ ਬਹੁਤ ਵੱਡਾ ਕਦਮ ਸੀ। ਮੇਰੇ ਬਚਪਨ ਵੇਲੇ ਮੇਰੇ ਤਾਇਆ ਜੀ ਕਰਨਲ ਹਰਬੰਸ ਸਿੰਘ ਵੜੈਚ ਦੇ ਸਪੁੱਤਰ ਪੁਸ਼ਪਿੰਦਰ ਸਿੱਘ ਵੜੈਚ ਵੀ ਇਥੇ ਹੀ ਪੜ੍ਹਦੇ ਸਨ। ਸਾਡੇ ਘਰ ਵਿੱਚ ਆਏ ਗਏ ਮਹਿਮਾਨ ਨੂੰ ਮੇਰੇ ਮੰਮੀ ਸਰਦਾਰਨੀ ਰਾਜਿੰਦਰ ਕੌਰ ਵਿਸ਼ੇਸ਼ ਖ਼ਾਤਰ ਸੇਵਾ ਨਾਲ ਆਪਣੇ ਘਰ ਦਾ ਜੀਅ ਬਣਾ ਲੈਂਦੇ। ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ, ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਦੇਸ਼ ਭਗਤ ਸੂਰਮਿਆਂ ਦੀ ਸੰਗਤ ਡੈਡੀ ਦੇ ਨਾਲ ਨਾਲ ਉਨ੍ਹਾਂ ਨੇ ਵੀ ਬਹੁਤ ਮਾਣੀ ਹੈ। ਬਾਬਾ ਭਕਨਾ ਜੀ ਦੇ ਸਰੀਰਕ ਵਿਛੋੜੇ ਵੇਲੇ ਮੇਰੇ ਮੰਮੀ ਡੈਡੀ ਹੀ ਵੀ ਜੇ ਹਸਪਤਾਲ ਅੰਮ੍ਰਿਤਸਰ ਵਿੱਚ ਉਨ੍ਹਾਂ ਦੀ ਸਾਂਭ ਸੰਭਾਲ ਕਰ ਰਹੇ ਸਨ। ਇਹ ਸੁਭਾਗ ਕਿੰਨੇ ਕੁ ਲੋਕਾਂ ਦਾ ਹੈ ਕਿ ਉਹ ਆਪ ਅਪਣਾਏ ਜੰਗੇ ਆਜ਼ਾਦੀ ਦੇ ਧਰਮੀ ਬਾਬਲ ਨੂੰ ਹੱਥੀਂ ਤੋਰਨ ਤੇ ਸਾਰੀ ਉਮਰ ਉਸ ਦੇ ਵਿਰਸੇ ਤੇ ਵਿਸ਼ਵਾਸ ਨੂੰ ਅੱਗੇ ਵਧਾਉਣ ਲਈ ਪੂਰੀ ਉਮਰ ਲਾ ਦੇਣ।

ਅਸੀਂ ਉਦੋਂ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਦੇ ਸਟਾਫ਼ ਕੁਆਰਟਰਜ਼ ਵਿੱਚ ਹੀ ਰਹਿੰਦੇ ਸਾਂ।

ਮੈਂ ਜਦੋਂ 15 ਸਾਲ ਦੀ ਹੋਈ।

ਮੈਂ ਡੈਡੀ ਨੂੰ ਕਿਹਾ ਕਿ ਮੈਂ ਵੀ ਉਹਨਾਂ ਨਾਲ ਕਾਲਿਜ ਦੇ ਖੇਡ ਟਰੈਕ ਵਿੱਚ ਦੌੜਨ

ਜਾਣਾ ਹੈ। ਮੈਂ ਲਗਾਤਾਰ ਸਵੇਰੇ ਅਲਾਰਮ ਲਾ ਕੇ ਜਾਗਦੀ ਤੇ ਦੌੜਨ ਜਾਂਦੀ।

ਕੁਝ ਸਮੇਂ ਬਾਦ ਉਨ੍ਹਾਂ ਮੈਨੂੰ ਕਲਾਵੇ ਵਿੱਚ ਲੈਂਦਿਆਂ ਕਿਹਾ ਕਿ ਤੇਰੀ ਦਯਾਨੰਦ ਮੈਡੀਕਲ ਕਾਲਜ ਵਿੱਚ ਐੱਮ ਬੀ ਬੀ ਐੱਸ ਵਿੱਚ ਪੜ੍ਹਨ ਜਾਣ ਦੀ ਏਨੀ ਖੁਸ਼ੀ ਨਹੀਂ ਸੀ ਹੋਈ ਜਿੰਨੀ ਤੇਰੀ ਇਸ ਗੱਲ ਦੀ ਮੈਨੂੰ ਖੁਸ਼ੀ ਹੋਈ ਕਿ ਤੂੰ। ਰੇਤੇ ਨਾਲ ਸਵੇਰੇ ਪ੍ਰਭਾਤ ਵੇਲ਼ੇ ਟਰੈਕ ਵਿੱਚ ਜਾਵੇਗੀ।

ਮੈਂ ਹਰ ਰੋਜ਼ ਆਪਣੇ ਘਰ ਤੋਂ 10 ਕਿਲੋਮੀਟਰ ਸਾਈਕਲ ਤੇ ਦਯਾ ਨੰਦ ਮੈਡੀਕਲ ਕਾਲਜ ਜਾਂਦੀ। ਉਹਨਾਂ ਨੂੰ ਮੇਰੇ ਸਾਹਸ ਤੇ ਆਤਮ ਬਲ ਉੱਪਰ ਬਹੁਤ ਵਿਸ਼ਵਾਸ ਸੀ ਇਹ ਵੀ ਮੇਰੇ ਲਈ ਬੜੇ ਮਾਣ ਦੀ ਗੱਲ ਸੀ। ਉਦੋਂ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਤੋਂ ਦਯਾਨੰਦ ਮੈਡੀਕਲ ਕਾਲਿਜ ਵੱਲ ਨਹਿਰੋ ਨਹਿਰ ਰਸਤਾ ਵੀ ਸੁੰਨ ਮਸਾਣ ਸੀ। ਧੂਰੀ ਵਾਲਾ ਫਾਟਕ ਲੰਘ ਕੇ ਲੱਗੇ ਬੇਰੀਆਂ ਵਾਲੇ ਬਾਗ ਨੇੜੇ ਅਕਸਰ ਲੁੱਟਾਂ ਖੋਹਾਂ ਹੋ ਜਾਂਦੀਆਂ ਸਨ। ਗਿੱਲ ਰੋਡ ਵੀ ਅੱਜ ਵਰਗੀ ਨਹੀਂ ਸੀ।

ਬਚਪਨ ਵਿੱਚ ਅਸੀਂ ਗੌਰਮਿੰਟ ਕਾਲਿਜ ਸਾਹਮਣੇ ਡਾ. ਹੀਰਾ ਸਿੰਘ ਰੋਡ ਤੇ ਦਾਦੀ ਜੀ ਸਰਦਾਰਨੀ ਬਾਲ ਕੌਰ ਸਮੇਤ ਸਾਂਝੇ ਪਰਿਵਾਰ ਵਿੱਚ ਰਹਿੰਦੇ ਸਾਂ। ਉਹਨਾਂ ਦੇ ਹਿਸਾਬ ਨਾਲ ਸਾਰੇ ਮੇਰੇ ਚਾਚੇ ਤਾਏ ਭੈਣ ਭਰਾ ਮੇਰੇ ਉਨੇ ਹੀ ਸਤਿਕਾਰਯੋਗ ਸਨ ਜਿੰਨੇ ਮੇਰੇ ਜਣਨਹਾਰੇ ਮਾਪੇ ਆਪ ਸਨ। ਉਨਾਂ ਨੇ ਕਦੀ ਵੀ ਮੈਨੂੰ ਸਿਰਫ ਆਪਣੀ ਔਲਾਦ ਹੀ ਨਹੀਂ ਸਮਝਿਆ ਸਗੋਂ ਪਰਿਵਾਰਕ ਸਾਂਝ ਵਧਾਉਣ ਲਈ ਹੀ ਸਿੱਖਿਅਤ ਕੀਤਾ।

ਜਦੋਂ ਮੈਂ ਮੈਡੀਕਲ ਕਾਲਜ ਦਾਖਿਲ ਹੋਈ ਤਾਂ ਉਨਾਂ ਨੇ ਮੈਨੂੰ ਇਕੱਲਿਆਂ ਬਿਠਾ ਕੇ ਕਿਹਾ ਕਿ ਬੇਟੀ!

ਸਾਡੇ ਘਰ ਚ ਪਹਿਲਾਂ ਕੋਈ ਡਾਕਟਰ ਨਹੀਂ ਬਣਿਆ। ਜੇ ਤੈਨੂੰ ਉੱਥੇ ਜਾ ਕੇ ਪੜ੍ਹਨਾ ਔਖਾ ਲੱਗੇ ਤਾਂ ਆਪਣਾ ਫੈਸਲਾ ਹੁਣ ਵੀ ਬਦਲ ਸਕਦੀ ਹੈ। ਇਹ ਨਾ ਸੋਚੀਂ ਕਿ ਕਿਤੇ ਮਿਹਨਤ ਜਾਂ ਪੈਸੇ ਬਰਬਾਦ ਹੋ ਜਾਣਗੇ। ਉਹ ਮੇਰੇ ਨਾਲ ਪੜ੍ਹਦੇ ਸਹਿਪਾਠੀਆਂ ਲਈ ਵੀ ਓਨੇ ਹੀ ਸਤਿਕਾਰਤ ਮਾਂ ਬਾਪ ਸਨ, ਜਿੰਨੇ ਮੇਰੇ।

ਮੈਨੂੰ ਉਹਨਾਂ ਦੀ ਧੀ ਹੋਣ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਇਸ ਦੁਨੀਆ ਵਿੱਚ ਮੈਨੂੰ ਸਿਖਾਉਣ ਵਾਲੇ ਬਹੁਤ ਸਾਰੇ ਬਾਬਲ,ਵੱਡੇ ਵੀਰ ਤੇ ਭੈਣਾ ਭਰਾ ਹਰ ਮੌਕੇ ਤੇ ਮੌਜੂਦ ਸੀ, ਜਿਹੜੇ ਮੇਰੇ ਦਿਸ਼ਾ ਨਿਰਦੇਸ਼ਕ ਬਣ ਸਹੀ ਰਾਹ ਦੱਸਣ ਨੂੰ ਹਰ ਵੇਲੇ ਤਿਆਰ ਸਨ।

ਮੇਰੇ ਮੰਮੀ ਡੈਡੀ ਦੀ ਇੱਛਾ ਸੀ ਕਿ ਉਨ੍ਹਾਂ ਦੇ ਸਵਾਸ ਤਿਆਗਣ ਮਗਰੋਂ ਸਾਡਾ ਸਰੀਰ ਕਿਸੇ ਮੈਡੀਕਲ ਖੋਜ ਅਦਾਰੇ ਨੂੰ ਸੌਂਪਿਆ ਜਾਵੇ। ਮੰਮੀ ਦਾ ਸਰੀਰ ਤਾਂ ਉਹ ਆਪ ਹੀ 2014 ਵਿੱਚ ਪੀ ਜੀ ਆਈ ਚੰਡੀਗੜ੍ਹ ਨੂੰ ਸੌਂਪ ਗਏ ਸਨ।

2015 ਵਿੱਚ ਮੇਰੇ ਚਾਚਾ ਜੀ ਕਰਨਲ ਗੁਰਦਰਸ਼ਨ ਪਾਲ ਸਿੰਘ ਵੜੈਚ ਦੀ ਦੇਹ ਵੀ ਪੀ ਜੀ ਆਈ ਚੰਡੀਗੜ੍ਹ ਨੂੰ ਹੀ ਸੌਂਪੀ ਗਈ ਸੀ।

ਮੇਰੇ ਚਾਚਾ ਜੀ ਦੇ ਬੇਟੇ ਨਵਜੋਤ ਸਿੰਘ ਵੜੈਚ ਦਾ ਮ੍ਰਿਤਕ ਸਰੀਰ ਵੀ 2019 ਵਿੱਚ ਪੀ ਜੀ ਆਈ ਰੋਹਤਕ (ਹਰਿਆਣਾ) ਨੂੰ ਖੋਜ ਕਾਰਜਾਂ ਲਈ ਸੌਂਪਿਆ ਗਿਆ ਸੀ।

ਹੁਣ ਡੈਡੀ ਦਾ ਸਰੀਰ ਵੀ ਉਨ੍ਹਾਂ ਦੀ ਇੱਛਾ ਮੁਤਾਬਕ ਸਾਡੇ ਪਰਿਵਾਰ ਨੇ ਪੀ ਜੀ ਆਈ ਚੰਡੀਗੜ੍ਹ ਨੂੰ ਸੌਂਪਿਆ ਹੈ।

ਉਹ ਵਜਦ ਵਿੱਚ ਆ ਕੇ ਉਹ ਕਬੀਰ ਜੀ ਦਾ ਇਹ ਸ਼ਬਦ ਅਕਸਰ ਗਾਉਂਦੇ ਹੁੰਦੇ ਸਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

ਇਹ ਸ਼ਬਦ ਉਨ੍ਹਾਂ ਸਿਰਫ਼ ਗਾਇਆ ਹੀ ਨਹੀਂ, ਸਾਰੀ ਉਮਰ ਨਿਭਾਇਆ ਵੀ।

ਮੇਰੇ ਮਾਪਿਆਂ ਦੀ ਹਾਜ਼ਰੀ ਮੇਰੇ ਰੋਮ ਰੋਮ ਵਿੱਚ ਹਰ ਪਲ ਹਾਜ਼ਰ ਸੀ, ਹਾਜ਼ਰ ਹੈ ਤੇ ਹਾਜ਼ਰ ਰਹੇਗੀ। ਇਹ ਉਨ੍ਹਾਂ ਦੀ ਦਿੱਤੀ ਸਾਬਤ ਕਦਮੀ ਵਾਲੀ ਸਿੱਖਿਆ ਅਤੇ ਮੇਰੇ ਵਿੱਚ ਪ੍ਰਗਟਾਏ ਵਿਸ਼ਵਾਸ ਸਦਕਾ ਹੀ ਹੈ।

ਆਪਣੀ ਸਮਰੱਥਾ ਤੇ ਸੂਝ ਮੁਤਾਬਕ ਮੈਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਉਨ੍ਹਾਂ ਦੇ ਅਧੂਰੇ ਮਿਸ਼ਨ ਨੂੰ ਉਨ੍ਹਾਂ ਦੇ ਪੁਰਾਣੇ ਸਾਥੀਆਂ, ਸਹਿਯੋਗੀਆਂ ਤੇ ਸ਼ੁਭ ਚਿੰਤਕਾਂ ਦੇ ਸੰਗ ਸਾਥ ਸੰਪੂਰਨ ਕਰਨ ਦੀ ਕੋਸਸ਼ਿ ਕਰਾਗੀ।

ਉਹ ਸਰੀਰਕ ਰੂਪ ਵਿੱਚ ਜ਼ਰੂਰ ਵਿੱਛੜੇ ਹਨ ਪਰ ਹੁਣ ਸਾਡੇ ਕਣ ਕਣ ਵਿੱਚ ਪਸਰ ਗਏ ਹਨ।

●

# ਮੇਰੇ ਗੁਰੂ, ਸਾਥੀ ਤੇ ਰਾਹ ਦਰਸਾਵੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

***ਜਗਮੋਹਨ ਸਿੰਘ (ਪ੍ਰੋ.)***

ਮੈਂ 1963 ਵਿਚ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣੇ ਦਾਖ਼ਲਾ ਲਿਆ। ਕਾਲਜ ਦੀ ਖਾਸੀਅਤ ਹੈ, ਕਿ ਇਸ ਨੂੰ ਖੜਾ ਕਰਣ ਵਾਲੇ ਦੇਸ਼ ਪ੍ਰੇਮੀ ਆਜ਼ਾਦੀ ਤੇ ਗੁਰਦਵਾਰਾ ਲਹਿਰ ਵਿਚ ਅਹਿਮ ਹਿਸਾ ਪਾਉਣ ਵਾਲੇ ਸਰਦਾਰ ਮੰਗਲ ਸਿੰਘ ਗਿੱਲ ਨੇ ਜਿਥੇ ਗਿੱਲ ਪਿੰਡ ਵਾਸੀਆਂ ਨੂੰ ਪਰੇਰ ਕੇ 80 ਕਿਲੇ ਜਮੀਨ ਕਾਲਜ ਲਈ ਦਿਤੀ ਉਥੇ ਇਹ ਕੰਡੀਸ਼ਨ ਵੀ ਸੁਰਿਖਤ ਕਰਵਾ ਲਈ ਕਿ ਇਸ ਵਿਚ ਦਾਖਲਾ 75 ਫੀ ਸਦੀ ਪਿੰਡਾਂ ਵਿਚ ਪੜੇ ਵਿਦਿਆਰਥੀਆਂ ਨੂੰ ਮਿਲੇਗਾ। ਇੰਜਨੀਅਰਿੰਗ ਕਾਲਜ ਨੇ ਪ੍ਰੋ ਮਲਵਿੰਦਰ ਜੀਤ ਸਿੰਘ ਵੜਾਇਚ ਨੂੰ ਹਿਯੂਮੇਨੀਟੀ ਪੜ੍ਹਾਉਣ ਲਈ 1960 ਵਿਚ ਚੁਨਿਆ।

ਮੇਰੇ ਲਈ ਇਹ ਵਿਸ਼ਾ ਇੰਜਨੀਅਰਿੰਗ ਦੇ ਨਾਲ ਨਾਲ ਵੱਧ ਉਤਸੁਕਤਾ ਵਾਲਾ ਸੀ। ਕਿਉਂ ਕਿ ਮੇਰੇ ਮਾਤਾ ਜੀ ਦਾ ਇਹ ਸੁਨੇਹਾ ਕਿ ਜੇ ਤੂੰ ਸ਼ਹੀਦ ਭਗਤ ਸਿੰਘ ਨਾਲ ਰਿਸ਼ਤਾ ਜੋੜਨਾ ਹੈ ਤਾਂ ਉਸ ਬਾਰੇ ਸਭ ਕੁਝ ਜਾਣੋ। ਜਿਸ ਵਿਚ ਉਹ ਸਾਰੇ ਵਿਸ਼ੇ ਸਨ ਜੋ ਉਸ ਨੇ ਪੜ੍ਹੇ ਸਨ ਬਾਰੇ ਜਾਨਣ ਦੀ ਬਹੁਤ ਉਕਸਤਾ ਸੀ। ਜੋ ਮੈਨੂੰ ਪ੍ਰੋ ਮਲਵਿੰਦਰਜੀਤ ਸਿੰਘ ਵੜੈਚ ਜੋ ਕੇ ਮੇਰੇ ਨਿਵੇਕਲੇ ਟੀਚਰ ਸਨ ਵਿਚ ਮਿਲੀ।

ਸ਼ਹੀਦ ਭਗਤ ਸਿੰਘ ਨੂੰ ਜਾਨਣ ਦੀ ਉਤਸੁਕਤਾ ਦਾ ਦੂਸਰਾ ਹਿਸਾ ਸੀ ਉਹਨਾਂ ਦੇ ਸਾਥੀਆਂ ਨੂੰ, ਮਿਲਣਾ। ਘਰ ਵਿਚ ਉਹਨਾਂ ਸਭ ਤੋਂ ਉਸ ਬਾਰੇ ਨਿਜੀ ਜਾਣਕਾਰੀ ਪਰਾਪਤ ਕਰਨਾ। ਇਸੇ ਉਤਸੁਕਤਾ ਮੈਂ ਗਦਰ ਪਾਰਟੀ ਦੀ 50ਵੇਂ ਸਥਾਪਤੀ ਇਕੱਠ ਜੋ ਜਲੰਧਰ ਗਦਰ ਯਾਦਗਾਰੀ ਬਿਲਡਿੰਗ ਵਿਚ ਹੋ ਰਹੀ ਸੀ ਤੇ ਮੈਨੂੰ ਪਤਾ ਲੱਗਾ ਕਿ ਉਥੈ ਸਭ ਜਿੰਦਾ ਗਦਰੀ ਇਕਠੇ ਹੋ ਰਹੇ ਹਨ। ਮੈਂ ਉਥੈ ਪੁਹੰਚ ਗਿਆ। ਮੈਂ ਸਭ ਨੂੰ ਇਕੱਲੇ ਇਕੱਲੇ ਮਿਲਣ ਦਾ ਇਕ ਤਰੀਕਾ ਬਣਾਇਆ ਕਿ ਉਹਨਾਂ ਨੂੰ ਪੁੱਛਾਂ ਕਿ ਉਹ ਨੌਜਵਾਨਾਂ ਨੂੰ ਕੀ ਸੁਨੇਹਾ ਦਿੰਦੇ ਹਨ।

ਪਰ ਉਥੇ ਜਦ ਮੈਂ ਬਾਬਾ ਸੋਹਨ ਸਿੰਘ ਭਕਨਾ ਦੀ ਸਪੀਚ ਸੁਣੀ ਤਾਂ ਉਸ ਨੇ ਬਹੁਤ ਗਹਿਰਾ ਅਸਰ ਕੀਤਾ। ਉਹ ਕਹਿ ਰਹੇ ਸਨ ਕਿ "ਪ੍ਰਤਾਪ ਸਿੰਘ ਕੈਰੋਂ ਗਦਰ ਪਾਰਟੀ ਦੇ ਵਜੀਫੇ ਤੇ ਪੜ੍ਹਿਆ ਹੈ, ਪਰ ਜ਼ਿਆਦਾ ਸ਼ੈਤਾਨ ਹੋ ਗਿਆ ਹੈ, ਕਿਉਂ ਕਿ ਉਹ ਮੇਰੇ ਕੋਲ ਭਕਨੇ ਆਇਆ ਤੇ ਕਹਿਣ ਲੱਗਾ ਕਿ ਮੈਂ ਦੇਸ਼ ਭਗਤਾ ਦੀ ਸੇਵਾ ਕਰਨਾ ਚਾਹੁੰਦਾ ਹਾਂ ਇਸ ਲਈ ਮੈਨੂੰ ਤੁਹਾਡਾ ਇਥੇ ਕੁਟੀਆ ਵਿਚ ਰਹਿਣਾ ਚੰਗਾ ਨਹੀ ਲਗਦਾ ਇਸ ਕਰਕੇ ਸੋਲਨ ਤੁਹਾਡੇ ਲਈ ਕੋਠੀ ਬਣਾ ਦਿੱਤੀ ਹੈ, ਤੁਸੀਂ ਉਥੇ ਜਾ ਕਿ ਅਰਾਮ ਨਾਲ ਰਹੋ।" ਬਾਬਾ ਜੀ ਦਾ ਜਵਾਬ ਸੀ ਇਹ

ਤੇਰਾ ਮੈਨੂੰ ਜਲਦੀ ਮਾਰਣ ਦਾ ਬੜਾ ਚਲਾਕੀ ਵਾਲਾ ਤਰੀਕਾ ਹੈ, ਕਿਉਂ ਕਿ ਏਥੇ ਰਹਿ ਕੇ ਮੈਂ ਲੋਕਾਂ ਦੇ ਦੁੱਖ ਸੁਖ ਵਿਚ ਭਾਈਵਾਲ ਬਣਦਾ ਹਾਂ ਜੋ ਮੇਰੇ ਲਈ ਜੀਵਨ ਹੈ, ਇਥੋਂ ਪੁਟ ਕੇ ਮੈਨੂੰ ਮਾਰਨ ਦਾ ਪਰਬੰਧ ਕਰ ਰਿਹਾ ਹੈ।" ਤੇ ਅਗੇ ਉਹ ਸੁਨੇਹਾ ਸੀ ਜਿਸ ਨੇ ਮੈਨੂੰ ਖਿੱਚ ਲਿਆ। ਉਹਨਾਂ ਨੇ ਅੱਗੇ ਕਿਹਾ ਕੇ "ਅਸੀ ਬਹੁਤ ਸਿਰੜੀ ਹਾਂ ਅਸੀਂ ਉਦੋਂ ਤਕ ਮਰਨਾ ਨਹੀਂ ਜਦ ਤਕ ਨੌਜਵਾਨ ਸਾਡੇ ਕੋਲੋਂ ਆ ਕੇ ਆਪਨਾ ਵਿਰਸਾ ਨਹੀਂ ਲੈ ਲੈਂਦੇ"।

ਕਾਲਜ ਵਿਚ ਮੇਰਾ ਜਰਨਲ ਨੋਲਿਜ ਵਿਚ ਰੁਚੀ ਵੇਖਕੇ ਪ੍ਰੋਫੇਸਰ ਸਾਹਿਬ ਨੇ ਨੋਟ ਕੀਤੀ ਅਤੇ ਕੁਝ ਕਿਤਾਬਾਂ ਪੜ੍ਹਣ ਨੂੰ ਦੇਣੀਆਂ ਸ਼ੁਰੂ ਕੀਤੀਆਂ ਜਿਸ ਵਿਚ ਮੈਨੂੰ ਹੋਰ ਰੁਚੀ ਵਧਣ ਲਗੀ। ਮੈਂ ਜਲਦੀ ਜਲਦੀ ਉਹ ਪੜ੍ਹ ਲੈਂਦਾ ਤੇ ਵਾਪਸ ਕਰਨ ਆ ਜਾਂਦਾ। ਉਹਨਾਂ ਦਿਨਾਂ ਵਿਚ ਉਹ ਹੀਰਾ ਸਿੰਘ ਰੋਡ ਘੁਮਾਰ ਮੰਡੀ ਲੁਧਿਆਣਾ ਰਹਿੰਦੇ ਸਨ। ਉਹਨਾਂ ਦਾ ਆਮ ਮਿਹਨਤੀ ਲੋਕਾਂ ਲਈ ਮਦਦਗਾਰ ਹੋਣਾ ਬਹੁਤ ਉਤਸ਼ਾਹਤ ਕਰਦਾ ਸੀ। ਏਥੇ ਉਹਨਾਂ ਦੀ ਸਾਥਣ ਦਾ ਸਨੇਹ ਹੋਰ ਉਤਸ਼ਾਹਿਤ ਕਰਦਾ ਸੀ। ਉਹਨਾ ਦਾ ਨਾਂ ਰਾਜਿੰਦਰ ਕੋਰ ਸੀ ਪਰ ਸਤਿਕਾਰ ਨਾਲ ਮੈਂ ਉਹਨਾਂ ਨੂੰ ਰਾਜ ਭੈਣ ਜੀ ਕਹਿ ਕੇ ਸੰਬੋਧਨ ਕਰਦਾ ਸੀ।

ਪਿਛੋਂ ਇਕ ਵਾਰ ਹੱਸਦੇ ਹੋਏ ਪ੍ਰੋਫੇਸਰ ਸਾਹਿਬ ਨੇ ਕਿਹਾ ਸੀ ਮੇਰੀ ਪੜ੍ਹਣ ਦੀ ਸਪੀਡ ਏਨੀਂ ਸੀ ਕਿ ਨਵੀਆਂ ਕਿਤਾਬਾਂ ਪੜ੍ਹਾਂਦੇ ਰਹਿਣਾ ਮੁਸ਼ਕਲ ਹੋ ਰਿਹਾ ਸੀ। ਪਰ ਉਹਨਾਂ ਦੀ ਅਗਵਾਈ ਨੇ ਮੈਨੂੰ ਇਤਿਹਾਸ, ਸੋਸ਼ਿਆਲੋਜੀ, ਰਾਜਨੀਤੀ ਅਤੇ ਅਜਾਦੀ ਸੰਗਰਾਮ ਬਾਰੇ ਸਮਝ ਵਿਚ ਬਹੁਤ ਮਦਦ ਕੀਤੀ।

ਫਿਰ ਮੈਂ ਇਕ ਦਿਨ ਬਾਬਾ ਜੀ ਦੇ ਸੁਨੇਹੇ ਦੀ ਗੱਲ ਉਹਨਾਂ ਨਾਲ ਕੀਤੀ ਤਾਂ ਉਨ੍ਹਾਂ ਨੇ ਉਸ ਨੂੰ ਸਮਝਦੇ ਹੋਏ ਫ਼ੈਸਲਾ ਕੀਤਾ ਕੇ ਚਲੋ ਬਾਬਾ ਜੀ ਕੋਲ ਚਲੀਏ। ਮੈਨੂੰ ਯਾਦ ਹੈ ਕਿ 6 ਜੂਨ 1966 ਨੂੰ ਪ੍ਰੋਫ਼ੈਸਰ ਸਾਹਿਬ, ਮੈਂ ਤੇ ਰਾਜਿੰਦਰ ਚੀਮਾ ਬਾਬਾ ਜੀ ਨੂੰ ਲੱਭਣ ਤੁਰ ਪਏ। ਕਿਉਂਕੇ ਮੇਰੇ ਇਕ ਭੂਆਂ ਜੀ ਭੁੱਸੇ (ਅੰਮ੍ਰਿਤਸਰ) ਰਹਿੰਦੇ ਸਨ ਤੇ ਉਹ ਭਕਨੇ ਪਿੰਡ ਦਾ ਜਿਕਰ ਕਰਦੇ ਹੁੰਦੇ ਸਨ। ਇਹ ਜਾਣਕਾਰੀ ਮੈਂ ਭਾ ਜੀ ਨਾਲ ਸਾਂਝੀ ਕੀਤੀ ਸੀ। ਹੁਣ ਉਹ ਪ੍ਰੋਫ਼ੈਸਰ ਸਾਹਿਬ ਤੋਂ ਮੇਰੇ ਭਾ ਜੀ ਹੋ ਗਏ ਸਨ। ਇਸ ਅਧੂਰੀ ਜਾਣਕਾਰੀ ਕਰਕੇ ਅਸੀ ਝੁਬਾਲ ਵਲ ਦੀ ਭਕਨੇ ਪਹੁੰਚੇ। ਪਰ ਭਾ ਜੀ ਨੇ ਸਾਨੂੰ ਦੋਹਾਂ ਨੂੰ ਉਤਸ਼ਾਹਿਤ ਕਰਦੇ ਹੋਏ ਇਹ ਗਰਮੀ ਵਿਚ ਸ਼ਫਰ ਸੁਹਾਵਣਾ ਕਰ ਦਿਤਾ।

ਪਰ ਬਾਬਾ ਜੀ ਨੂੰ ਮਿਲਣਾ ਸਾਡੇ ਵਾਸਤੇ ਇਕ ਇਨਕਲਾਬੀ ਕਦਮ ਸੀ। ਬਾਬਾ ਜੀ ਉਹਨਾਂ ਦਿਨਾਂ ਵਿਚ ਕੁਝ ਨਾ ਕੁਝ ਲਿਖਦੇ ਸਨ ਪਰ ਉਹ ਉਰਦੂ ਵਿਚ ਹੂੰਦਾ ਸੀ। ਭਾ ਜੀ ਦਾ ਉਰਦੂ ਜਾਨਣਾ ਬਹੁਤ ਕੰਮ ਆਇਆ। ਉਹ ਉਹਨਾਂ ਪੈਂਫਲਿਟਾਂ ਨੂੰ ਪੰਜਾਬੀ ਤੇ ਅੰਗਰੇਜੀ ਵਿਚ ਤਰਜਮਾਂ ਕਰਦੇ, ਰਾਜਿੰਦਰ ਹਿੰਦੀ ਵਿਚ। ਛਾਪਣ ਲਈ ਜਲੰਧਰ ਅੱਡਾ ਬਣ ਗਿਆ ਜਿਥੇ ਜਲਵੰਤ ਸਿੰਘ ਵੀ ਖੂਬ ਮਦਦ ਕਰਦੇ ਸੀ ਇਸ ਨੂੰ ਯੁਵਕ ਕੇਂਦਰ ਕਿਹਾ ਗਿਆ। ਫਿਰ ਭਾ ਜੀ ਤੇ ਮੈਂ ਖਟਕੜ ਕਲਾਂ ਗਏ ਬੇਬੇ ਜੀ ਕੋਲ (ਸਹੀ ਭਗਤ ਸਿੰਘ ਦੇ ਮਾਤਾ ਜੀ। ਉਹਨਾਂ ਦਾ ਪਹਿਲਾ ਸੰਦੇਸ਼ ਨੋਜਵਾਨਾ ਦੇ ਨਾਂ ਜਿਸ ਵਿਚ ਉਹਨਾਂ ਨੇ ਭਗਤ ਸਿੰਘ ਤੇ ਸਰਾਭੇ ਦੇ ਰਿਸ਼ਤੇ ਬਾਰੇ, ਭਗਤ ਸਿੰਘ ਦੇ ਕਿਤਾਬਾਂ ਪੜ੍ਹਣ ਬਾਰੇ ਦਾ ਸੁਨੇਹਾ ਦਿੱਤਾ

ਸੀ ਉਹ ਰਿਕਾਰਡ ਕੀਤਾ ਅਤੇ ਯੁਵਕ ਕੇਂਦਰ ਦਾ ਪੱਕਾ ਪਤਾ ਵੀ ਬੇਬੇ ਜੀ ਦੇ ਘਰ ਨੂੰ ਬਣਾ ਲਿਆ।

ਯੁਵਕ ਕੇਂਦਰ ਜਲੰਧਰ ਨੇ ਇਕ ਕੌਮੀ ਲਹਿਰ ਮਹੀਨਾ ਵਾਰ ਰਸਾਲਾ ਵੀ ਕੱਢਣਾ ਸ਼ੁਰੂ ਕੀਤਾ ਜਿਸ ਰਾਹੀਂ ਨੋਜਵਾਨਾ ਨੂੰ ਅਜ਼ਾਦੀ ਸੰਗਰਾਮ ਨਾਲ ਜੋੜਨ ਦਾ ਮੌਕਾ ਮਿਲਿਆ, ਇਸ ਨਾਲ ਬਹੁਤ ਸਾਰੇ ਅੰਗਰੇਜ਼ ਖ਼ਿਲਾਫ਼ ਅਜ਼ਾਦੀ ਸੰਗਰਾਮ ਦੇ ਦਸਤਾਵੇਜ਼ ਵੀ ਇਕਠੇ ਹੋਏ।

ਇਸ ਵਿਚ ਜਿੰਨ੍ਹਾਂ ਬਚਿਆਂ ਨੂੰ ਪੜਣ ਦਾ ਮੋਕਾ ਨਹੀ ਮਿਲ ਰਿਹਾ ਸੀ ਉਹਨਾਂ ਨੂੰ ਕਾਲਜ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਕਲਾਸਾ ਲਾਉਣ ਦੀ ਜਿਮੇਵਾਰੀ ਵੀ ਯੁਵਕ ਕੇਂਦਰ ਦੇ ਨੋਜਵਾਨਾ ਨੇ ਲਈ।

ਬਾਬਾ ਜੀ ਨੇ ਪਹਿਲੀ ਸਿਖਿਆ ਦਿੱਤੀ ਕਿ ਜੇ ਜਨਤਾ ਦੀ ਸੇਵਾ ਤੁਹਾਡਾ ਅਕੀਦਾ ਹੈ ਤਾ ਇਸ ਵਿਚੋਂ ਨਿਜੀ ਹਿਤ ਨਾ ਲੱਭਿਉ ਤੇ ਫੈਸਲੇ ਵੇਲੇ ਸਭ ਲੀਡਰ ਹੋ ਤੇ ਜਮੀਨੀ ਕੰਮ ਵੇਲੇ ਸਭ ਸਾਥੀ। ਇਸ ਬਾਬਾ ਜੀ ਦੇ ਸੰਦੇਸ਼ ਨੇ ਯੁਵਕ ਕੇਂਦਰ ਦੇ ਸਭ ਸ਼ਾਥੀਆਂ ਨੂੰ ਜੀਵਨ ਭਰ ਚੁੱਪ ਚਾਪ ਲਗੇ ਰਹਿਣ ਦੀ ਪਰੇਰਣਾ ਦਿੱਤੀ।

ਇਸ ਦਾ ਇਕ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ੀ ਰਾਜ ਦੇ ਖ਼ਿਲਾਫ਼ ਨਿਧੜਕ ਜੀਵਨ ਲਗਾਉਣ ਵਾਲੇ ਜਿਹੜੇ ਦੇਸ਼ ਭਗਤਾਂ ਨੂੰ ਕੋਈ ਨਹੀਂ ਜਾਣਦਾ ਸੀ। ਉਹਨਾਂ ਨੂੰ ਨੌਂਜਵਾਨਾਂ ਦੇ ਰੂ ਬਰੂ ਕੀਤਾ ਗਿਆ ਅਤੇ ਉਹਨਾਂ ਦਾ ਸੁਨੇਹਾ ਸਿਧੇ ਨੋਜਵਾਨਾਂ ਨੂੰ ਦਿਤਾ ਜਾਵੇ। ਇਸ ਵਿਚ ਹੀ ਗਦਰੀ ਬਾਬਿਆਂ ਦੀਆਂ ਲਿਖਤਾਂ ਨੂੰ ਭਾ ਜੀ ਨੇ ਪੰਜਾਬੀ ਭਾਸ਼ਾ ਇੱਕ ਰੂਪਾਂਤਰ ਤੇ ਅੰਗਰੇਜ਼ੀ ਵਿਚ ਕਰਕੇ ਛਪਾਵ ਕੇ ਜਨਤਾ ਲਈ ਹਾਜ਼ਰ ਕਰ ਦਿਤਾ।

ਹੁਮੇਨੀਟੀ ਪੜ੍ਹਾਉਂਦੇ ਹੋਏ ਸਾਨੂੰ ਇੰਜੀਨਅਰਾਂ ਨੂੰ ਇਨਸਾਨੀਅਤ ਨਾਲ ਪਿਆਰ ਕਰਨਾ ਸਿਖਾ ਦਿਤਾ। ਬਹੁਤ ਵਿਦਿਆਰਥੀਆਂ ਦੇ ਛੁਪੇ ਗੁਣਾਂ ਨੂੰ ਸਾਹਿਤ ਵਿਚ ਵਿਚਰਣ ਲਈ ਉਤਸ਼ਾਹਿਤ ਕੀਤਾ।

ਉਨ੍ਹਾਂ ਦੇ ਪਿਛੇ ਉਨ੍ਹਾਂ ਦੇ ਵੱਡੇ ਭਰਾ ਕਰਨਲ ਹਰਬੰਸ ਸਿੰਘ ਦਾ ਇਨਕਲਾਬੀ ਜਜ਼ਬਾ ਵੀ ਯਾਦ ਆਉਂਦਾ ਹੈ। ਆਪ ਜੀ ਦੀ ਬੇਟੀ ਦਾ ਨਾਮ ਮਿੰਨਾ ਹੈ ਤੇ ਉਹਨਾਂ ਦਾ ਨਾਮ ਵਿਅਤਨਾਮੀ ਇਨਕਲਾਬੀ ਲੀਡਰ ਹੋ ਚੀ ਮਿੰਨ੍ਹ ਦੀ ਯਾਦ ਵਿੱਚ ਰੱਖਿਆ ਗਿਆ ਸੀ।

ਉਹਨਾਂ ਦਾ ਹਰ ਸਟੂਡੈਂਟ ਵਿਚ ਏਨਾ ਗਹਿਰਾਂ ਦਿਲਚਸਪੀ ਹੁੰਦੀ ਸੀ ਕਿ ਹਰ ਇਕ ਨੂੰ ਉਸਦੇ ਨਾਂ ਨਾਲ ਪਹਿਚਾਣਦੇ ਉਸ ਦੇ ਪਿਛੋਕੜ ਬਾਰੇ ਜਾਣਕਾਰੀ ਰੱਖਦੇ। ਇਸ ਤਰ੍ਹਾਂ ਹਰ ਇਕ ਨੂੰ ਠੀਕ ਸਲਾਹ ਦੇ ਕੇ ਅਗੇ ਵਧਣ ਵਿਚ ਮਦਦ ਕਰਦੇ। ਉਹ ਇਕ ਵਾਹਦ ਟੀਚਰ ਸਨ ਜੋ ਚਾਰੇ ਸਾਲ ਸਟੂਡੈਂਟ ਦੇ ਸੰਪਰਕ ਵਿਚ ਰਹਿੰਦੇ ਸਨ।

ਉਹਨਾਂ ਨੇ ਸਾਡੇ ਜੀਵਨ ਨੂੰ ਏਨਾ ਅਮੀਰ ਤੇ ਭਰਪੂਰ ਕੀਤਾ ਹੈ ਕਿ ਉਹਨਾਂ ਦੇ "ਦੇਹ ਦਾ ਪਰਦਾ ਕਰ ਜਾਣ " ਬਾਅਦ ਵੀ ਅਸੀਂ

ਉਹਨਾਂ ਦੇ ਸੁਨੇਹੇ ਨੂੰ ਮਹਿਸੂਸ ਕਰ ਸਕਦੇ ਹਾਂ।

●

# ਮੇਰੇ ਅੰਦਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਕੋਈ ਇੱਕ ਟੋਟਾ ਅੱਜ ਵੀ ਜਿਊਂਦਾ ਹੈ!

*ਵਰਿਆਮ ਸਿੰਘ ਸੰਧੂ (ਡਾ.)*
*ਭਾਰਤੀ ਸਾਹਿੱਤ ਅਕਾਡਮੀ*
*ਪੁਰਸਕਾਲ ਵਿਜੇਤਾ ਲੇਖਕ*

ਗ਼ਦਰ ਲਹਿਰ ਬਾਰੇ ਜਾਨਣ, ਉਸ ਦੇ ਨਾਇਕਾਂ ਦੀ ਖੋਜ-ਪੜਤਾਲ ਕਰਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਉਸਦਾ ਇੱਕ ਵੱਡਾ ਕਾਰਨ ਤਾਂ ਇਹ ਸੀ ਕਿ ਸਾਰੇ ਹਿੰਦੁਸਤਾਨ ਵਿਚੋਂ ਸਭ ਤੋਂ ਵੱਧ ਗ਼ਦਰੀ ਸੁਰ ਸਿੰਘ ਪਿੰਡ ਨੇ ਹੀ ਪੈਦਾ ਕੀਤੇ ਸਨ। ਸ਼ਹੀਦ ਭਾਈ ਪ੍ਰੇਮ ਸਿੰਘ ਤੇ ਉਮਰਕੈਦ ਤੇ ਕਾਲੇਪਾਣੀ ਦੀ ਸਜ਼ਾ ਕੱਟਣ ਵਾਲਾ ਭਾਈ ਕਾਲਾ ਸਿੰਘ ਮੇਰੇ ਆਪਣੇ ਸਕਿਆਂ ਵਿਚੋਂ ਸਨ। ਕਾਮਾਗਾਟਾਮਾਰੂ ਜਹਾਜ਼ ਦਾ ਗ੍ਰੰਥੀ ਭਾਈ ਸੁੱਚਾ ਸਿੰਘ ਵੀ ਮੇਰੀ ਪੱਤੀ ਦਾ ਸੀ। ਇਸਤੋਂ ਇਲਾਵਾ ਕਰਤਾਰ ਸਿੰਘ ਸਰਾਭੇ ਨਾਲ ਸ਼ਹੀਦ ਹੋਣ ਵਾਲੇ ਭਾਈ ਜਗਤ ਸਿੰਘ ਤੋਂ ਲੈ ਕੇ ਦਰਜਨਾਂ ਦੀ ਗਿਣਤੀ ਵਿਚ ਜੁਝਾਰੂ ਗ਼ਦਰੀ ਮੇਰੇ ਪਿੰਡ ਤੋਂ ਹੋਏ। ਉਸ ਵੇਲੇ ਜਗਜੀਤ ਸਿੰਘ ਦੀ ਇੱਕੋ ਇੱਕ ਪੁਸਤਕ 'ਗ਼ਦਰ ਪਾਰਟੀ ਲਹਿਰ' ਹੀ ਛਪੀ ਸੀ। ਮੈਂ ਉਸ ਵਿਚੋਂ ਹਵਾਲੇ ਲੈ ਕੇ ਤੇ ਸ਼ਹੀਦ ਪ੍ਰੇਮ ਸਿੰਘ ਤੇ ਸ਼ਹੀਦ ਜਗਤ ਸਿੰਘ ਦੇ ਪਰਿਵਾਰਾਂ ਤੇ ਪਿੰਡ ਦੇ ਹੋਰ ਬਜ਼ੁਰਗਾਂ ਨਾਲ ਸੰਪਰਕ ਕਰ ਕੇ ਆਰਟੀਕਲ ਲਿਖੇ ਜੋ 'ਅਜੀਤ' ਅਖ਼ਬਾਰ ਵਿਚ ਛਪੇ। 1963 ਵਿੱਚ ਪਹਿਲੀ ਵਾਰ ਬਾਬਾ ਸੋਹਣ ਸਿੰਘ ਭਕਨਾ ਹੁਰਾਂ ਨੂੰ ਮਿਲਣ ਦਾ ਸਬੱਬ ਵੀ ਬਣਿਆ। ਉਹ ਅਕਸਰ ਸਾਡੇ ਪਿੰਡ ਦੇ ਸ਼ਹੀਦਾਂ ਨੂੰ ਯਾਦ ਕਰਨ ਕਰਾਉਣ ਲਈ ਸਾਡੇ ਪਿੰਡ ਇਤਿਹਾਸਕ ਦਿਹਾੜਿਆਂ 'ਤੇ ਆਉਂਦੇ ਰਹਿੰਦੇ ਸਨ ਤੇ ਗ਼ਦਰ ਲਹਿਰ ਤੇ ਗ਼ਦਰੀਆਂ ਦੇ ਇਤਿਹਾਸ ਨਾਲ ਸਾਡਾ ਰਿਸ਼ਤਾ ਚੇਤੇ ਕਰਾਉਂਦੇ ਰਹਿੰਦੇ ਸਨ। ਮੇਰੇ ਲਈ ਉਹ 'ਜ਼ਿੰਦਾ-ਸ਼ਹੀਦ' ਦਾ ਰੁੱਤਬਾ ਰੱਖਦੇ ਸਨ।

20 ਦਸੰਬਰ 1968 ਨੂੰ ਬਾਬਾ ਸੋਹਣ ਸਿੰਘ ਭਕਨਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਦੀ ਮੌਤ ਤੋਂ ਪਿੱਛੋਂ ਮੈਂ ਇੱਕ ਲੇਖ ਲਿਖਿਆ ਜਿਸ ਵਿੱਚ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਜ਼ਿਕਰ ਕਰਦਿਆਂ, ਅੱਜ ਉਹਨਾਂ ਦੀਆਂ ਕੁਰਬਾਨੀਆਂ ਨੂੰ ਭੁਲਾਉਂਦੇ ਜਾ ਰਹੇ ਨੌਜਵਾਨ ਵਰਗ ਨੂੰ ਕਾਟਵਾਂ ਤਾਅਨਾ ਮਾਰਿਆ ਅਤੇ ਉਹਨਾਂ ਦੀ ਆਪਣੇ ਇਤਿਹਾਸਿਕ ਨਾਇਕਾਂ ਦੀਆਂ ਕੁਰਬਾਨੀਆਂ ਤੋਂ ਅਣਜਾਣਤਾ 'ਤੇ ਵਿਅੰਗ ਕੀਤਾ ਸੀ।

ਇਹ ਲੇਖ 'ਅਜੀਤ' ਦੇ ਮੁੱਖ-ਪੰਨੇ 'ਤੇ ਛਪਿਆ। ਇਸਨੂੰ ਪੜ੍ਹ ਕੇ ਇੱਕ ਨੌਜਵਾਨ ਪਾਲ ਸਿੰਘ ਮੇਰੇ ਕੋਲ ਆਇਆ। ਮੇਰੇ ਲੇਖ ਦੀ ਪ੍ਰਸੰਸਾ ਕੀਤੀ ਅਤੇ ਦੱਸਿਆ ਕਿ ਉਹ

ਜਲੰਧਰ ਤੋਂ ਚੱਲ ਰਹੇ ਇੱਕ ਅਦਾਰੇ 'ਯੁਵਕ ਕੇਂਦਰ' ਨਾਲ ਸੰਬੰਧਤ ਹੈ। 'ਯੁਵਕ ਕੇਂਦਰ' ਦਾ ਨਿਸ਼ਾਨਾ ਆਪਣੇ ਆਜ਼ਾਦੀ-ਸੰਗਰਾਮ ਦੇ ਭੁੱਲੇ-ਵਿੱਸਰੇ ਸ਼ਹੀਦਾਂ ਅਤੇ ਯੋਧਿਆਂ ਦੀ ਯਾਦ ਨੂੰ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਕਰਨਾ ਹੈ। ਇਸ ਮਕਸਦ ਲਈ ਉਹ ਛੋਟੇ ਛੋਟੇ ਪੈਂਫ਼ਲੈਟ ਛਾਪਦੇ ਸਨ, ਜਿਨ੍ਹਾਂ ਵਿੱਚ ਸ਼ਹੀਦਾਂ ਦੇ ਜੀਵਨ-ਸਮਾਚਾਰ ਅਤੇ ਇਨਕਲਾਬੀ ਇਤਿਹਾਸ ਦੇ ਵੇਰਵੇ ਹੁੰਦੇ। ਕੁੱਝ ਪੈਂਫ਼ਲੈਟਾਂ ਵਿੱਚ ਬਾਬਾ ਭਕਨਾ ਦੀਆਂ ਲਿਖ਼ਤਾਂ ਸਨ। ਲੋਕਾਂ ਨੂੰ ਆਜ਼ਾਦੀ ਘੁਲਾਟੀਆ ਦੀ ਦੇਣ ਤੋਂ ਜਾਣੂ ਕਰਵਾਉਣ ਅਤੇ ਸੌਂ ਚੁੱਕੀ ਜਾਂ ਸਵਾ ਦਿੱਤੀ ਗਈ ਇਤਿਹਾਸਕ ਸੂਝ ਨੂੰ ਜਾਗਰਤ ਕਰਨ ਲਈ ਉਹ ਵੱਖ-ਵੱਖ ਥਾਈਂ ਆਪਣੇ ਛਾਪੇ ਸਾਹਿਤ ਅਤੇ ਸ਼ਹੀਦਾਂ ਦੀਆਂ ਦੁਰਲੱਭ ਤਸਵੀਰਾਂ ਦੀਆਂ ਨੁਮਾਇਸ਼ਾਂ ਲਾਉਂਦੇ।

ਮੈਂ 'ਯੁਵਕ ਕੇਂਦਰ' ਬਾਰੇ ਪਹਿਲਾਂ ਹੀ ਸੁਣਿਆ ਹੋਇਆ ਸੀ। ਕੇਂਦਰ ਦੇ ਕੰਮਾਂ ਬਾਰੇ ਵੀ ਜਾਣਦਾ ਸਾਂ। ਪਰ ਪਾਲ ਸਿੰਘ ਇਸ ਅਦਾਰੇ ਨਾਲ ਮੇਰੀ ਨਿੱਜੀ ਜਾਣ-ਪਛਾਣ ਤੇ ਨੇੜਤਾ ਬਣਾਉਣੀ ਚਾਹੁੰਦਾ ਸੀ। ਜ਼ਾਹਿਰਾ ਤੌਰ 'ਤੇ ਕਿਸੇ ਕਿਸਮ ਦੀ ਸਿਆਸੀ ਪ੍ਰਤੀਬੱਧਤਾ ਤੋਂ ਨਿਰਲੇਪ ਰਹਿ ਕੇ ਉਹ ਆਪਣੇ ਇਨਕਲਾਬੀ ਇਤਿਹਾਸ ਨੂੰ ਚੇਤੇ ਕਰਵਾਉਣ ਤੇ ਲੋਕ-ਮਨਾਂ ਵਿੱਚ ਵਸਾਉਣ ਦਾ ਇਤਿਹਾਸਿਕ ਕਾਰਜ ਕਰ ਰਹੇ ਸਨ। ਇੰਜੀਨੀਅਰਿੰਗ ਕਾਲਜ ਲੁਧਿਆਣੇ ਦਾ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਅਤੇ ਸ਼ਹੀਦ ਭਗਤ ਸਿੰਘ ਦਾ ਭਣੇਵਾਂ ਜਗਮੋਹਨ ਸਿੰਘ ਉਹਨਾਂ ਦੇ ਆਗੂ ਸਨ। ਪਾਲ ਸਿੰਘ ਨੇ ਮੈਨੂੰ ਆਖਿਆ ਕਿ ਮੈਂ ਵੀ ਇਸ ਪਵਿੱਤਰ ਫ਼ਰਜ਼ ਨੂੰ ਅਦਾ ਕਰਨ ਵਿੱਚ ਉਹਨਾਂ ਦਾ ਸਾਥ ਦਿਆਂ। ਮੈਨੂੰ ਕੋਈ ਉਜਰ ਨਹੀਂ ਸੀ। ਉਹ ਤਾਂ ਮੇਰੇ ਹੀ ਮਨ ਦੀ ਗੱਲ ਕਰ ਰਹੇ ਸਨ। ਪਾਲ ਸਿੰਘ ਮੈਨੂੰ ਆਪਣੇ ਨਾਲ ਲੁਧਿਆਣੇ ਲੈ ਕੇ ਗਿਆ। ਰਾਤ ਅਸੀਂ ਭਾ ਜੀ ਪ੍ਰੋ. ਜਸਵੰਤ ਸਿੰਘ ਗਿੱਲ (ਗੁਰਭਜਨ ਗਿੱਲ ਦੇ ਵੱਡੇ ਭਾਈ ਸਾਹਿਬ) ਹੁਰਾਂ ਕੋਲ ਠਹਿਰੇ। ਉਹ ਵੀ ਯੁਵਕ ਕੇਂਦਰ ਦੀਆਂ ਸਰਗਰਮੀਆਂ ਨਾਲ ਮੁੱਢ ਤੋਂ ਹੀ ਜੁੜੇ ਹੋਏ ਸਨ। ਉਹ ਮੇਰੇ ਬਾਰੇ ਜਾਣਦੇ ਤਾਂ ਸਨ, ਪਰ ਸਾਡੇ ਮਿਲਾਪ ਦਾ ਵਸੀਲਾ ਪਾਲ ਸਿੰਘ ਹੀ ਬਣਿਆ। ਉਹ ਉਦੋਂ ਨਿੱਕੇ ਜਿਹੇ ਘਰ ਵਿਚ ਹੁੰਦੇ ਸਨ। ਅਸੀਂ ਭੁੰਜੇ ਬਿਸਤਰੇ ਲਾ ਕੇ ਸੁੱਤੇ। ਉਹ ਸਾਰੀ ਰਾਤ ਸਾਡੇ ਨਾਲ ਯੁਵਕ ਕੇਂਦਰ ਅਤੇ ਵੇਲੇ ਦੀ ਸਿਆਸਤ ਬਾਰੇ ਗੱਲਾਂ ਕਰਦੇ ਰਹੇ।

ਅਗਲੇ ਦਿਨ ਪਾਲ ਸਿੰਘ ਮੈਨੂੰ ਪ੍ਰੋ. ਮਲਵਿੰਦਰ ਜੀਤ ਸਿੰਘ ਹੁਰਾਂ ਨੂੰ ਮਿਲਾਉਣ ਲਈ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੈ ਗਿਆ। ਉਹ ਬੜੇ ਹੀ ਮੋਹ ਨਾਲ ਮਿਲੇ। ਉਹਨਾਂ ਨੇ ਬਾਬਾ ਸੋਹਣ ਸਿੰਘ ਭਕਨਾ, ਭਾਈ ਜਗਤ ਸਿੰਘ ਸੁਰਸਿੰਘ ਤੇ ਪ੍ਰੇਮ ਸਿੰਘ ਸੁਰਸਿੰਘ ਬਾਰੇ ਮੇਰੇ ਲਿਖੇ ਲੇਖ ਵੀ ਪੜ੍ਹੇ ਹੋਏ ਸਨ। ਉਹਨਾਂ ਨੇ ਮੇਰੀ ਪਿੱਠ 'ਤੇ ਥਾਪੜਾ ਦੇ ਕੇ ਆਸ਼ੀਰਵਾਦ ਦਿੱਤੀ ਕਿ ਮੈਂ ਗ਼ਦਰੀ ਸੂਰਬੀਰਾਂ ਬਾਰੇ ਆਪਣਾ ਖੋਜ-ਕਾਰਜ ਜਾਰੀ ਰੱਖਾਂ ਤੇ ਜਿਸ ਵੀ ਹਵਾਲੇ ਦੀ ਮੈਨੂੰ ਲੋੜ ਹੋਵੇ, ਉਹਨਾਂ ਨੂੰ ਦੱਸਾਂ।

ਉਹਨਾਂ ਨੇ ਯੁਵਕ ਕੇਂਦਰ ਦੀਆਂ ਸਰਗਰਮੀਆਂ ਨਾਲ ਜੁੜਨ ਲਈ ਵੀ ਪ੍ਰੇਰਿਆ ਤੇ ਆਪਣੇ ਜ਼ਿਲ੍ਹੇ ਵਿੱਚ ਗ਼ਦਰੀ ਸ਼ਹੀਦਾਂ ਦਾ ਪੈਗ਼ਾਮ ਪਿੰਡ-ਪਿੰਡ ਪਹੁੰਚਾਉਣ ਦਾ ਵਾਅਦਾ ਵੀ ਲਿਆ। ਉਹਨਾਂ ਨਾਲ ਸਭ ਤੋਂ ਵੱਡੀ ਸਾਂਝ ਇਹ ਲੱਗੀ ਕਿ ਉਹਨਾਂ ਨੇ ਮੇਰੇ ਆਦਰਸ਼

ਪੁਰਖ਼ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲ ਕੇ ਉਹਨਾਂ ਕੋਲੋਂ ਉਹਨਾਂ ਦੇ ਜੀਵਨ ਸਮਾਚਾਰ ਲਿਖਵਾਉਣ ਦਾ ਉੱਦਮ ਕਰਵਾ ਲਿਆ ਸੀ ਅਤੇ ਬਾਬਾ ਹਰੀ ਸਿੰਘ ਉਸਮਾਨ ਵਰਗੇ ਯੋਧਿਆਂ ਨੂੰ ਮਿਲ ਕੇ ਉਹਨਾਂ ਦੇ ਜੀਵਨ ਕਲਮ-ਬੱਧ ਕਰ ਰਹੇ ਸਨ।

ਮੈਂ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਦੇ ਦੱਸੇ ਰਾਹ 'ਤੇ ਤੁਰ ਤਾਂ ਪਹਿਲਾਂ ਹੀ ਰਿਹਾ ਸਾਂ, ਹੁਣ ਹੋਰ ਤੇਜ਼ ਹੋ ਗਿਆ।

ਸਾਹਿਤ ਰਚਨਾ ਤੋਂ ਇਲਾਵਾ ਕੁਝ ਹੋਰ ਸਾਰਥਕ ਕੰਮ ਕਰਨ ਲਈ ਵੀ ਮੈਨੂੰ ਯੁਵਕ ਕੇਂਦਰ ਜਲੰਧਰ ਵਰਗਾ ਮੰਚ ਮਿਲ ਰਿਹਾ ਸੀ। ਯੁਵਕ ਕੇਂਦਰ ਨੇ ਸਾਨੂੰ ਸ਼ਹੀਦਾਂ ਦੀਆਂ ਤਸਵੀਰਾਂ, ਕਿਤਾਬਾਂ ਤੇ ਪੈਂਫ਼ਲਿਟ ਵੀ ਦਿੱਤੇ। ਅਸੀਂ ਆਪਣੇ ਆਸੇ ਪਾਸੇ ਦੇ ਪਿੰਡਾਂ ਵਿੱਚ ਹੋਣ ਵਾਲੇ ਮੇਲਿਆਂ ਅਤੇ ਹੋਰ ਸਮਾਗਮਾਂ ਸਮੇਂ ਇਹ ਨੁਮਾਇਸ਼ਾਂ ਜਾ ਲਾਉਂਦੇ ਅਤੇ ਲੋਕਾਂ ਨੂੰ ਭੁੱਲੇ-ਵਿਸਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਉਂਦੇ। ਦੱਸਦੇ; ਕਿ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਕੇਵਲ ਓਹੋ ਹੀ ਨਹੀਂ ਜੋ ਕਿਤਾਬਾਂ ਵਿੱਚ ਪੜ੍ਹਾਇਆ ਜਾਂਦਾ ਹੈ ਸਗੋਂ ਇਸ ਇਤਿਹਾਸ ਨੂੰ ਸਿਰਜਣ ਵਾਲੇ ਅਸਲ ਨਾਇਕ ਤਾਂ ਇਹ ਲੋਕ ਹੀ ਹਨ, ਜਿਨ੍ਹਾਂ ਦਾ ਜ਼ਿਕਰ ਪਾਠ-ਪੁਸਤਕਾਂ ਵਿੱਚ ਜਾਣ-ਬੁੱਝ ਕੇ ਨਹੀਂ ਆਉਣ ਦਿੱਤਾ ਗਿਆ। ਲੋਕ ਇਹ ਨੁਮਾਇਸ਼ਾਂ ਦੇਖ ਕੇ ਬੜੇ ਖ਼ੁਸ਼ ਹੁੰਦੇ ਅਤੇ ਇਹ ਵੀ ਪੁੱਛਦੇ, "ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ?

ਪਰ 'ਅਗਲਾ ਪ੍ਰੋਗਰਾਮ' ਤਾਂ ਸਾਡੇ ਕੋਲ ਕੋਈ ਨਹੀਂ ਸੀ। ਮੈਂ ਵੀ ਇਹ ਅਗਲਾ ਪ੍ਰੋਗਰਾਮ ਲੋੜਦਾ ਸਾਂ। ਇਹ ਅਗਲਾ ਪ੍ਰੋਗਰਾਮ ਤਾਂ ਕੋਈ ਰਾਜਨੀਤਕ ਪਾਰਟੀ ਹੀ ਦੇ ਸਕਦੀ ਸੀ। ਪਰ ਉਹ ਕਿਹੜੀ ਪਾਰਟੀ ਸੀ?

ਇੰਞ ਮੈਨੂੰ ਜਾਪਦਾ ਹੈ ਕਿ ਪ੍ਰੋ . ਵੜੈਚ ਤੇ ਉਹਨਾਂ ਦੇ ਉਸਾਰੇ ਅਦਾਰੇ ਯੁਵਕ ਕੇਂਦਰ ਨੇ ਸਿੱਧੇ ਤੌਰ 'ਤੇ ਕੋਈ ਸਿਆਸੀ ਰਾਹ ਦਿਖਾਉਣ ਤੋਂ ਭਾਵੇਂ ਗੁਰੇਜ਼ ਹੀ ਕੀਤਾ ਪਰ ਉਹਨਾਂ ਨੇ ਉਸ ਰਾਹ ਨੂੰ ਵੇਖਣ, ਪਛਾਨਣ ਵਾਲੀ ਨਜ਼ਰ ਜ਼ਰੂਰ ਦਿੱਤੀ। ਉਹਨਾਂ ਕੋਲੋਂ ਪੜ੍ਹ ਕੇ ਗਏ ਸੈਂਕੜੇ ਵਿਦਿਆਰਥੀ ਸਰਗਰਮ ਸਿਆਸਤ ਵਿੱਚ ਵੀ ਕੁੱਦੇ। ਨਵੀਆਂ ਪੈੜਾਂ ਵੀ ਪਾਈਆਂ। ਉਹ ਪ੍ਰੋ ਸਾਹਿਬ ਦੀ ਲਾਸਾਨੀ ਦੇਣ ਦੇ ਕਰਜ਼ਦਾਰ ਮਹਿਸੂਸ ਕਰਦੇ ਹਨ।

ਜਿੱਥੋਂ ਤੱਕ ਮੇਰਾ ਸੰਬੰਧ ਹੈ, ਪ੍ਰੋ ਸਾਹਿਬ ਨਾਲ ਭਾਵੇਂ ਮੇਰਾ ਲਗਾਤਾਰ ਬਹੁਤਾ ਨਿੱਜੀ ਮੇਲ-ਮਿਲਾਪ ਨਹੀਂ ਰਿਹਾ, ਪਰ ਉਹਨਾਂ ਨੂੰ ਲੱਗਦਾ ਸੀ ਕਿ ਮੇਰੇ ਵਿਚ ਇਤਿਹਾਸ ਨੂੰ ਖੋਜਣ ਦਾ ਕਣ ਹੈ। ਇਸ ਲਈ ਉਹ ਮੈਨੂੰ ਹੁੱਝਾਂ ਮਾਰਦੇ ਰਹਿੰਦੇ। ਹਲੂਣਦੇ ਰਹਿੰਦੇ। ਉਹਨਾਂ ਨੇ ਮੈਨੂੰ ਸ਼ਹੀਦ ਭਾਈ ਪ੍ਰੇਮ ਸਿੰਘ ਤੇ ਜਗਤ ਸਿੰਘ ਦੇ ਕੇਸਾਂ ਦੀਆਂ ਸਮੁੱਚੀਆਂ ਫ਼ਾਈਲਾਂ ਭੇਜ ਕੇ ਹੁਕਮ ਲਾਇਆ ਕਿ ਉਹਨਾਂ ਬਾਰੇ ਲਿਖਣਾ ਹੁਣ ਮੇਰਾ ਕੰਮ ਹੈ।

ਮੈਂ ਗ਼ਦਰ ਲਹਿਰ 'ਤੇ ਲਗਾਤਾਰ ਕੰਮ ਕੀਤਾ ਹੈ। ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਤੇ ਕਰਤਾਰ ਸਿੰਘ ਸਰਾਭਾ ਦੀਆਂ ਮੁਕੰਮਲ ਜੀਵਨੀਆਂ ਲਿਖੀਆਂ। ਇਸਤੋਂ ਇਲਾਵਾ, 'ਗ਼ਦਰੀ ਬਾਬੇ ਕੌਣ ਸਨ?'', 'ਗਦਰ ਲਹਿਰ ਦੀ ਗਾਥਾ', 'ਗ਼ਦਰ ਲਹਿਰ ਦਾ ਚੌਮੁਖੀਆ ਚਿਰਾਗ' ਤੇ ਹੋਰ ਪੁਸਤਕਾਂ ਵੀ ਲਿਖੀਆਂ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸਦਾ ਮੇਰਾ ਹੌਸਲਾ ਵੀ ਵਧਾਉਂਦੇ ਰਹੇ ਤੇ ਲੋੜੀਂਦਾ ਮੈਟਰ ਵੀ ਭੇਜਦੇ ਰਹੇ।

ਹੇਠਾਂ ਲਿਖੇ ਸਾਡੇ ਇੱਕ ਈਮੇਲ ਵਟਾਂਦਰੇ ਤੋਂ ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਉਹਨਾਂ ਅੰਦਰ ਮੇਰੇ ਵਰਗੇ ਨਵੇਂ ਖੋਜੀਆਂ ਦੀ ਸਹਾਇਤਾ ਕਰਨ ਦੀ ਕਿੰਨੀ ਲਲਕ ਸੀ।

ਉਹ ਲਿਖਦੇ ਹਨः-

ਪਿਆਰੇ ਸੰਧੂ ਸਾਹਿਬ,

ਮੈਨੂੰ 3 ਸਤੰਬਰ ਦੇ "ਪੰਜਾਬੀ ਟ੍ਰਿਬਿਊਨ" ਤੋਂ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਤੁਸੀਂ "ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਜੀਵਨੀ" ਲਿਖ ਰਹੇ ਹੋ।

ਕੀ ਮੈਂ ਤੁਹਾਨੂੰ ਕੁਝ ਸੰਬੰਧਿਤ ਸਮੱਗਰੀ ਦੇ ਸਕਦਾ ਹਾਂ - ਪਹਿਲਾਂ ਸ਼ਹੀਦ ਭਗਤ ਸਿੰਘ ਦੁਆਰਾ ਉਨ੍ਹਾਂ 'ਤੇ ਇੱਕ ਲੇਖ ਹੈ ਜੋ ਅਸਲ ਵਿੱਚ "ਚਾਂਦ" (ਨਵੰਬਰ 1928) ਦੇ 'ਫਾਂਸੀ ਅੰਕ' ਵਿੱਚ ਪ੍ਰਕਾਸ਼ਤ ਹੋਇਆ ਸੀ, ਜਿਸਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ ਸੀ ਅਤੇ ਪ੍ਰਕਾਸ਼ਤ ਕੀਤਾ ਗਿਆ ਸੀ। ਇੱਥੇ ਇਸ ਲੇਖ ਦੀ ਇੱਕ ਸਾਫਟ ਕਾਪੀ ਹੈ।

ਦੂਜਾ, ਤੁਸੀਂ ਜਾਣਦੇ ਹੋਵੋਗੇ ਕਿ ਗਿਆਨੀ ਕੇਸਰ ਸਿੰਘ ਨੇ 1978 ਵਿੱਚ ਸ਼ਹੀਦ 'ਤੇ ਇੱਕ ਮਹਾਨ ਕਿਤਾਬ ਲਿਖੀ ਸੀ, ਜੋ ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ ਵਿੱਚ ਉਪਲਬਧ ਹੈ।

ਅੰਤ ਵਿੱਚ, ਮੈਂ "ਗ਼ਦਰ" ਅਖ਼ਬਾਰਾਂ ਵਿੱਚ 8 ਨਵੰਬਰ 1914 ਨੂੰ ਅਦਾਲਤ ਸਾਹਮਣੇ ਆਪਣੇ ਬਿਆਨ ਦੀ ਰਿਪੋਰਟਿੰਗ ਕਰਨ ਵਾਲੀਆਂ ਦੋ ਖ਼ਬਰਾਂ ਦੀ ਪਛਾਣ ਕੀਤੀ ਹੈ ਅਤੇ 17 ਜਨਵਰੀ 1915 ਨੂੰ ਇੱਕ ਸੰਖੇਪ ਖ਼ਬਰ ਅਤੇ ਫੋਟੋ ਉਨ੍ਹਾਂ ਦੀ ਸ਼ਹਾਦਤ ਦੀ ਰਿਪੋਰਟਿੰਗ ਕਰ ਰਹੀ ਹੈ। ਜੇਕਰ ਤੁਸੀਂ ਚਾਹੋ ਤਾਂ ਮੈਂ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਸਕੈਨ ਕਰਕੇ ਤੁਹਾਨੂੰ ਡਾਕ ਰਾਹੀਂ ਭੇਜ ਸਕਦਾ ਹਾਂ।

ਮਲਵਿੰਦਰ ਜੀਤ ਸਿੰਘ ਵੜੈਚ ਉਹਨਾਂ ਦੇ ਇਸ ਉਤਸ਼ਾਹੀ ਹੁਲਾਰੇ ਵਾਲੀ ਈਮੇਲ ਦੇ ਜੁਆਬ ਵਿੱਚ ਮੈਂ ਲਿਖਿਆः-

ਬਹੁਤ ਹੀ ਸਤਿਕਾਰਯੋਗ ਪ੍ਰੋਫ਼ੈਸਰ ਸਾਹਿਬ-ਤੁਸੀਂ ਹੱਲਾਸ਼ੇਰੀ ਦਿੱਤੀ ਹੈ। ਮੈਂ ਇਸ ਲਈ ਤੁਹਾਡਾ ਧੰਨਵਾਦ ਕਰਦਾ ਵੀ ਫੱਬਦਾ ਨਹੀਂ। ਤੁਸੀਂ ਧੰਨਵਾਦਾਂ ਤੋਂ ਕਿਤੇ ਵੱਡੇ ਹੋ।

ਤੁਹਾਡੇ ਗ਼ਦਰ ਲਹਿਰ ਨੂੰ ਸਮਰਪਿਤ ਕੀਤੇ ਕੰਮ ਦਾ ਕੋਈ ਬਦਲ ਨਹੀਂ। ਆਪਾਂ ਸਾਰੇ ਗ਼ਦਰੀ ਬਾਬਿਆਂ ਦੇ ਦੇਣਦਾਰ ਹਾਂ, ਪਰ ਜੋ ਤੁਸੀਂ ਗ਼ਦਰ ਇਤਿਹਾਸ ਨੂੰ ਖੋਜਣ ਤੇ ਸਾਂਭਣ ਦਾ ਕੰਮ ਕੀਤਾ, ਉਸ ਲਈ ਅਸੀਂ ਸਭ ਲੋਕ ਤੁਹਾਡੇ ਦੇਣਦਾਰ ਹਾਂ।

ਮੈਂ ਕੋਈ ਇਤਿਹਾਸਕਾਰ ਤਾਂ ਹਾਂ ਨਹੀਂ, ਬੱਸ ਬਾਬਿਆਂ ਦਾ ਆਪਣੇ ਸਿਰ ਚਾੜ੍ਹਿਆ ਕਰਜ਼ਾ ਪਾਈ-ਪਾਈ ਕਰ ਕੇ ਉਤਾਰਨ ਦੀ ਕੋਸ਼ਿਸ਼ ਵਿਚ ਹਾਂ।

ਜੇ ਕਿਤੇ ਮੈਂ ਤੁਹਾਡੇ ਨਾਲ ਪਹਿਲਾਂ ਸੰਪਰਕ ਕਰ ਲੈਂਦਾ ਤਾਂ ਕਿੰਨਾਂ ਚੰਗਾ ਹੁੰਦਾ! ਭਾਈ ਮੇਵਾ ਸਿੰਘ ਵਾਲੀ ਕਿਤਾਬ ਛਪ ਚੁੱਕੀ ਹੈ। ਫਿਰ ਵੀ ਜੇ ਤੁਸੀਂ ਸੰਬੰਧਤ ਮੈਟਰ ਭੇਜ ਸਕੋ ਤਾਂ ਮੈਂ ਅਗਲੀ ਐਡੀਸ਼ਨ ਵਾਸਤੇ ਸਾਂਭ ਕੇ ਰੱਖ ਲਵਾਂਗਾ।

ਹਾਂ, ਤੁਹਾਡੇ ਨਾਲ ਬਣਿਆਂ ਸੰਪਰਕ ਮੇਰਾ ਸ਼ਾਇਦ ਹੋਰ ਕੁਝ ਵੀ ਸੰਵਾਰ ਜਾਵੇ। ਮੈਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਲਗਪਗ ਮੁਕੰਮਲ ਕਰ ਲਈ ਹੈ। ਹਫ਼ਤੇ

ਤੱਕ ਛਪਣ ਲਈ ਜਾ ਰਹੀ ਸੀ। ਪਰ ਜੇ ਤੁਹਾਡੇ ਵੱਲੋਂ ਕੁਝ ਯਾਦਗਾਰੀ ਮੈਟਰ ਮਿਲ ਸਕੇ ਤਾਂ ਮੈਂ ਤੁਹਾਡੇ ਧੰਨਵਾਦ ਸਹਿਤ ਕਿਤਾਬ ਵਿਚ ਸ਼ਾਮਲ ਕਰ ਲਵਾਂਗਾ। ਇਹ ਤੁਹਾਡਾ ਮੇਰੇ 'ਤੇ ਬੜਾ ਵੱਡਾ ਅਹਿਸਾਨ ਹੋਵੇਗਾ। ਇਸ ਨਾਲ ਜੀਵਨੀ ਮੁਕੰਮਲ ਹੋਣ ਵਿਚ ਬੜੀ ਮੁੱਲਵਾਨ ਮਦਦ ਮਿਲੇਗੀ। ਸਰਾਭੇ ਬਾਰੇ ਤੁਹਾਡੀ ਐਡਿਟ ਕੀਤੀ ਕਿਤਾਬ ਤਾਂ ਮੇਰੇ ਕੋਲ ਹੈ। ਬਾਬਿਆਂ ਦੇ ਉਸ ਬਾਰੇ ਵਿਚਾਰ ਵੀ ਹਨ ਪਰ ਤੁਹਾਡੇ ਕੋਲ ਬੜਾ ਸੋਨਾ ਦੱਬਿਆ ਪਿਆ ਹੈ। ਜੇ ਉਹਦੀ ਲਿਸ਼ਕ ਇਸ ਪੁਸਤਕ ਨੂੰ ਮਿਲ ਜਾਵੇ ਤਾਂ ਧੰਨ ਧੰਨ ਹੋ ਜਾਵੇਗੀ।

ਮੈਂ ਇਹ ਵੀ ਇਕਬਾਲ ਕਰਦਾ ਜਾਵਾਂ ਕਿ ਮੇਰੀ ਜਵਾਨੀ ਦੇ ਚੜ੍ਹਦੇ ਦਿਨਾਂ ਵਿਚ ਤੁਹਾਡਾ ਅਤੇ 'ਯੁਵਕ ਕੇਂਦਰ' ਦੀਆਂ ਗਤੀਵਿਧੀਆਂ ਤੇ ਲਿਖਤਾਂ ਦਾ ਵੀ ਮੇਰੇ ਜੀਵਨ ਨੂੰ ਮੋੜਨ ਤੇ ਸੰਵਾਰਨ ਵਿਚ ਬੜਾ ਹਿੱਸਾ ਹੈ।

ਇਕ ਵਾਰ ਫਿਰ ਤੁਹਾਡੇ ਕੀਤੇ ਕੰਮ ਨੂੰ ਤੁਹਾਡੇ ਰਾਹੀਂ ਨਤਮਸਤਕ ਹੁੰਦਾ ਹਾਂ ਤੇ ਤੁਹਾਡੇ ਹੁੰਗਾਰੇ ਦਾ ਬੜੀ ਤੀਬਰਤਾ ਨਾਲ ਤਲਬਗ਼ਾਰ ਹਾਂ ਜੀ।

ਤੁਹਾਡਾ-ਵਰਿਆਮ

ਉਹਨਾਂ ਦਾ ਉੱਤਰ ਸੀਃ-

ਕਿਰਪਾ ਕਰਕੇ ਮੈਨੂੰ ਮਾਫ਼ ਕਰਨਾ ਕਿ ਮੈਂ ਇਹ ਧਿਆਨ ਦੇਣ ਤੋਂ ਭੁੱਲ ਗਿਆ ਕਿ ਤੁਹਾਡੀ ਕਿਤਾਬ ਪਹਿਲਾਂ ਹੀ ਪ੍ਰਕਾਸ਼ਿਤ ਹੋ ਚੁੱਕੀ ਹੈ। ਫਿਰ ਵੀ, ਮੈਨੂੰ ਕਿਸੇ ਵੀ ਸ਼ਹੀਦ ਜਾਂ ਇਨਕਲਾਬੀ ਦੇ ਸੰਬੰਧ ਵਿੱਚ ਮੇਰੇ ਕੋਲ ਅਤੇ ਮੇਰੇ ਗਿਆਨ ਵਿੱਚ ਮੌਜੂਦ ਸਮੱਗਰੀ ਤੁਹਾਡੇ ਨਾਲ ਸਾਂਝੀ ਕਰਨ ਵਿੱਚ ਬਹੁਤ ਖੁਸ਼ੀ ਹੋਵੇਗੀ।

ਮਲਵਿੰਦਰ ਜੀਤ ਸਿੰਘ ਵੜੈਚ

ਫਿਰ ਉਹਨਾਂ ਨੇ ਭਾਈ ਮੇਵਾ ਸਿੰਘ ਬਾਰੇ ਲਿਖੀ ਮੇਰੀ ਪੁਸਤਕ ਆਪ ਪ੍ਰਾਪਤ ਕਰ ਕੇ 'ਪੰਜਾਬੀ ਟ੍ਰਿਬਿਊਨ' ਵਿਚ ਉਹਦਾ ਬਹੁਤ ਵਧੀਆ ਰਿਵੀਊ ਕਰਦਿਆਂ ਉਹਨੂੰ ਇਤਿਹਾਸ ਦੀ ਪ੍ਰਮਾਣਿਕ ਪੁਸਤਕ ਦਾ ਦਰਜਾ ਦੇ ਕੇ ਨਿਵਾਜ਼ਿਆ।

ਉਤਲੇ ਸਾਰੇ ਵੇਰਵੇ ਦੱਸਦੇ ਹਨ ਕਿ ਪ੍ਰੋ ਸਾਹਿਬ ਨੇ ਇਤਿਹਾਸ ਲਿਖਿਆ ਹੀ ਨਹੀਂ ਸਗੋਂ ਅਣਲਿਖਿਆ ਇਤਿਹਾਸ ਸਿਰਜਿਆ ਵੀ ਹੈ। ਜਿਹੜਾ ਦਿਸਦਾ ਨਹੀਂ ਅਤੇ ਜਿਸ 'ਤੇ ਉਹਨਾਂ ਦਾ ਨਾਂ ਵੀ ਨਹੀਂ ਲਿਖਿਆ ਹੋਇਆ, ਪਰ ਉਹ ਇਤਿਹਾਸ ਟੋਟਾ ਟੋਟਾ ਕਰ ਕੇ ਕਈਆਂ ਦੇ ਜੀਵਨ ਵਿੱਚ ਸੁਨਹਿਰੀ ਕਣੀਆਂ ਬਣ ਕੇ ਲਿਸ਼ਕ ਰਿਹਾ ਹੈ।

ਉਹਨਾਂ ਦੇ ਸਿਰਜੇ ਅਜਿਹੇ ਅਣਲਿਖੇ ਜੀਵੰਤ ਇਤਿਹਾਸ ਵਿੱਚ ਉਹਨਾਂ ਦੇ ਸੈਂਕੜੇ ਸੁਜੱਗ ਵਿਦਿਆਰਥੀ ਵੀ ਹਨ ਜਿਨ੍ਹਾਂ ਨੇ ਆਪਣੀ ਸੋਚ ਤੇ ਕਾਰਜਾਂ ਰਾਹੀਂ ਪਿਛਲੇ ਦਹਾਕਿਆਂ ਦੇ ਸਮਾਜੀ-ਸਿਆਸੀ ਜੀਵਨ ਵਿਚ ਗੂੜ੍ਹਾ ਪ੍ਰਭਾਵ ਛੱਡਿਆ ਹੈ। ਮੇਰੇ ਵਰਗੇ ਵੀ ਕਈ ਲੋਕ ਵੀ ਹਨ, ਜਿਨ੍ਹਾਂ ਲਈ ਉਹ ਸਦਾ ਉਤਸ਼ਾਹ ਅਤੇ ਪ੍ਰੇਰਨਾ ਦਾ ਸੋਮਾ ਰਹੇ।

ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਕੋਈ ਟੋਟਾ ਮੇਰੇ ਵਿੱਚ ਅੱਜ ਵੀ ਜਿਉਂਦਾ ਹੈ। ਇੰਞ ਹੀ ਉਹ ਹੋਰ ਸੈਕੜੇ ਲੋਕਾਂ ਦੇ ਦਿਲਾਂ ਵਿਚ ਜਿਊਂਦੇ ਹਨ। ਜਿਊਂਦੇ ਰਹਿਣਗੇ।

●

# ਮਲਵਿੰਦਰਜੀਤ ਸਿੰਘ ਵੜੈਚ ਹੋਣ ਦੇ ਅਰਥ

*ਸਵਰਾਜਬੀਰ (ਡਾ.)*
*ਭਾਰਤੀ ਸਾਹਿੱਤ ਅਕਾਡਮੀ*
*ਪੁਰਸਕਾਰ ਵਿਜੇਤਾ ਲੇਖਕ*

ਗ਼ਦਰ ਪਾਰਟੀ ਵੀਹਵੀਂ ਸਦੀ ਦੇ ਪੰਜਾਬ ਦਾ ਨਿਸ਼ਾਨ ਹੈ, ਪੰਜਾਬ ਦਾ ਪਰਚਮ, ਪੰਜਾਬੀਆਂ ਦੇ ਸਿਰੜ, ਦ੍ਰਿੜ੍ਹਤਾ ਤੇ ਕਦੇ ਵੀ ਈਨ ਨਾ ਮੰਨਣ ਵਾਲੇ ਸੁਭਾਅ ਦਾ ਉੱਚਾ ਬੁਲੰਦ ਝੰਡਾ। ਗ਼ਦਰ ਪਾਰਟੀ ਦੇ ਬਾਨੀ ਸਨ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਕਾਂਸ਼ੀ ਰਾਮ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਕਰੀਮ ਬਖ਼ਸ਼, ਬਾਬਾ ਮੁਣਸ਼ੀ ਰਾਮ, ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਜਵਾਲਾ ਸਿੰਘ, ਬਾਬਾ ਸੰਤੋਖ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਕਰਮ ਸਿੰਘ ਚੀਮਾ, ਪੰਡਤ ਜਗਤ ਰਾਮ, ਬਾਬਾ ਈਸ਼ਰ ਸਿੰਘ ਮਰਹਾਣਾ ਤੇ ਹੋਰ ਗ਼ਦਰੀ। ਦਰਜਨਾਂ ਨੂੰ ਫਾਂਸੀ ਲੱਗੀ ਤੇ ਦਰਜਨਾਂ ਨੇ ਕਾਲੇ ਪਾਣੀ ਦੀ ਸਜ਼ਾ ਕੱਟੀ, ਸੈਂਕੜਿਆਂ ਨੂੰ ਹੋਰ ਸਜ਼ਾਵਾਂ ਮਿਲੀਆਂ, ਜੂਹਬੰਦ ਹੋਏ, ਜਾਇਦਾਦਾਂ ਕੁਰਕ ਹੋਈਆਂ। ਪੰਜਾਬੀ ਇਤਿਹਾਸ ਦੇ ਏਨੇ ਮਧੋਲੇ ਹੋਏ ਸਨ ਕਿ ਕਈ ਦਹਾਕੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੀ ਵਿਰਾਸਤ ਸੰਭਾਲਣ ਦਾ ਖਿਆਲ ਨਾ ਆਇਆ। ਯਤਨ ਹੋਏ ਪਰ ਉਨ੍ਹਾਂ ਵਿੱਚ ਇਕਸਾਰਤਾ ਤੇ ਲਗਾਤਾਰਤਾ ਨਾ ਬਣੀ। ਇਸ ਸਬੰਧ ਵਿੱਚ ਗਿਆਨੀ ਕੇਸਰ ਸਿੰਘ ਨਾਵਲਕਾਰ, ਸੋਹਣ ਸਿੰਘ ਜੋਸ਼, ਜਗਜੀਤ ਸਿੰਘ, ਹਰੀਸ਼ ਪੁਰੀ, ਗੁਰਚਰਨ ਸਿੰਘ ਸਹਿੰਸਰਾ ਤੇ ਹੋਰਨਾਂ ਨੇ ਇਹ ਕਾਰਜ ਵਿੱਢਿਆ। ਏਸੇ ਕੜੀ ਵਿੱਚ ਸਨ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸਨ।

ਗ਼ਦਰੀ ਬਾਬਿਆਂ ਵਿੱਚ ਉਹ ਲੋਕ ਵੀ ਸਨ ਜਿਨ੍ਹਾਂ ਨੂੰ ਇਹ ਚਿੰਤਾ ਸੀ ਕਿ ਗ਼ਦਰ ਪਾਰਟੀ ਦੀ ਵਿਰਾਸਤ ਸੰਭਾਲੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿਚ ਸ਼ਹੀਦ ਭਗਤ ਸਿੰਘ ਦੇ ਭਣੇਵੇਂ ਤੇ ਮਲਵਿੰਦਰਜੀਤ ਸਿੰਘ ਵੜੈਚ ਹੋਰਾਂ ਦੇ ਵਿਦਿਆਰਥੀ ਤੇ ਉਨ੍ਹਾਂ ਦੇ ਕਾਰਜ ਵਿਚ ਭਾਈਵਾਲ ਪ੍ਰੋ. ਜਗਮੋਹਨ ਸਿੰਘ ਅਨੁਸਾਰ ਬਾਬਾ ਸੋਹਨ ਸਿੰਘ ਭਕਨਾ ਦਾ ਕਹਿਣਾ ਸੀ ਕਿ ਅਸੀਂ (ਬਾਬਾ ਭਕਨਾ ਜੀ) ਬੜੇ ਸਿਰੜ ਵਾਲੇ ਹਾਂ ਤੇ ਅਸਾਂ ਆਪਣੀ ਵਿਰਾਸਤ ਤੁਹਾਨੂੰ ਦੇ ਕੇ ਹੀ ਇਸ ਦੁਨੀਆਂ ਤੋਂ ਜਾਣਾ ਹੈ। ਮਲਵਿੰਦਰਜੀਤ ਵੜੈਚ ਤੇ ਉਹਨਾਂ ਦੇ ਸਾਥੀ 6 ਜੂਨ 1966 ਨੂੰ ਬਾਬਾ ਸੋਹਣ ਸਿੰਘ ਭਕਨਾ ਦੇ ਸੰਪਰਕ ਵਿਚ ਆਏ ਤੇ ਉਨ੍ਹਾਂ ਨੇ ਗ਼ਦਰ ਪਾਰਟੀ ਦੀ ਵਿਰਾਸਤ, ਸਾਹਿਤ ਤੇ ਹੋਰ ਲਿਖਤਾਂ ਨੂੰ ਸੰਭਾਲਣ ਦਾ ਕਾਰਜ ਆਰੰਭਿਆ। ਗ਼ਦਰ ਪਾਰਟੀ ਦੇ ਸਾਹਿਤ ਦੇ ਨਾਲ ਨਾਲ ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਦੇ ਹੋਰ ਯੋਧਿਆਂ ਤੇ ਖ਼ਾਸ ਕਰਕੇ ਸ਼ਹੀਦ ਭਗਤ ਸਿੰਘ ਨਾਲ ਸੰਬਧਿਤ ਵੇਰਵਿਆਂ,

ਕਾਗਜ਼ਾਤ ਤੇ ਰਿਕਾਰਡਾਂ ਨੂੰ ਸੰਭਾਲਿਆ। ਇਹ ਕੰਮ ਹੀ ਵੜੈਚ ਹੋਰਾਂ ਦੀ ਜ਼ਿੰਦਗੀ ਦਾ ਮਰਕਜ਼ ਤੇ ਮਕਸਦ ਬਣ ਗਿਆ। ਉਨ੍ਹਾਂ ਜਗਜੀਤ ਸਿੰਘ, ਡਾ. ਗੁਰਦੇਵ ਸਿੰਘ ਸਿੱਧੂ, ਹਰੀਸ਼ ਜੈਨ, ਜਗਮੋਹਨ ਸਿੰਘ, ਚਰੰਜੀ ਲਾਲ ਕੰਗਣੀਵਾਲ, ਸੀਤਾ ਰਾਮ ਬਾਂਸਲ ਤੇ ਹੋਰਨਾਂ ਨਾਲ ਮਿਲ ਕੇ ਯਾਦਗਾਰੀ ਕੰਮ ਕੀਤਾ।

96 ਸਾਲ ਪਹਿਲਾਂ ਲਹਿੰਦੇ ਪੰਜਾਬ ਦੇ ਜ਼ਿਲ੍ਹੇ ਗੁਜਰਾਂਵਾਲਾ ਦੇ ਪਿੰਡ ਲੱਧੇਵਾਲਾ ਵੜੈਚ ਵਿੱਚ ਜਨਮੇ ਮਲਵਿੰਦਰਜੀਤ ਸਿੰਘ ਵੜੈਚ ਦੇ ਪਰਿਵਾਰ ਨੇ ਪੰਜਾਬ ਦੀ ਵੰਡ ਦਾ ਦੁੱਖ ਝੱਲਿਆ। ਪਰਿਵਾਰ ਪਹਿਲਾਂ ਕਪੂਰਥਲੇ ਤੇ ਫਿਰ ਕਰਨਾਲ ਦੇ ਪਿੰਡ ਰਾਵਰ ਵਿੱਚ ਵੱਸਿਆ। ਉਨ੍ਹਾਂ ਨੇ 1960 ਤੋਂ 1989 ਤੱਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਪੜ੍ਹਾਇਆ। ਇਸ ਕਾਲਿਜ ਦੇ ਬਹੁਤੇ ਵਿਦਿਆਰਥੀ ਪੰਜਾਬ ਦੇ ਦਿਹਾਤੀ ਖੇਤਰ ਨਾਲ ਸਬੰਧਿਤ ਸਨ ਤੇ ਵੜੈਚ ਹੋਰਾਂ ਲਈ ਉਨ੍ਹਾਂ ਨੂੰ ਆਪਣੇ ਇਤਿਹਾਸ ਪ੍ਰਤੀ ਸੂਝਵਾਨ ਬਣਾਉਣਾ ਇੱਕ ਪ੍ਰਮੁੱਖ ਕਾਰਜ ਸੀ। ਯੁਵਕ ਕੇਂਦਰ ਦੀ ਸਥਾਪਨਾ ਵੀ ਇਸੇ ਕਾਰਜ ਦਾ ਹਿੱਸਾ ਸੀ ਜਿਸ ਵਿਚ ਉਨ੍ਹਾਂ ਦੇ ਵੱਡੇ ਭਰਾ ਕਰਨਲ ਹਰਬੰਸ ਸਿੰਘ ਵੜੈਚ, ਡਾ. ਜਗਮੋਹਨ ਸਿੰਘ, ਜਸਵੰਤ ਸਿੰਘ ਗਿੱਲ, ਰਾਜਿੰਦਰ ਸਿੰਘ ਚੀਮਾ ਤੇ ਹੋਰਨਾਂ ਨੇ ਵੱਡਾ ਹਿੱਸਾ ਪਾਇਆ। ਪ੍ਰੋ. ਜਗਮੋਹਨ ਸਿੰਘ ਯਾਦ ਕਰਦੇ ਹਨ ਕਿ ਵੜੈਚ ਸਾਹਿਬ ਦੀ ਪਤਨੀ ਬੀਬੀ ਰਾਜਿੰਦਰ ਕੌਰ, ਜਿਨ੍ਹਾਂ ਨੂੰ ਸਾਰੇ ਰਾਜ ਭੈਣ ਜੀ ਕਹਿੰਦੇ ਸਨ, ਦੀ ਵੜੈਚ ਸਾਹਿਬ ਦੇ ਕਾਰਜਾਂ ਵਿੱਚ ਵੱਡੀ ਭੂਮਿਕਾ ਸੀ।

1966-67 ਵਿਚ ਉਨ੍ਹਾਂ ਦੇ ਬਾਬਾ ਸੋਹਨ ਸਿੰਘ ਭਕਨਾ ਨਾਲ ਸੰਪਰਕ ਵਿਚ ਆਉਣ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ। ਉਹ ਹੋਰ ਗ਼ਦਰੀ ਬਾਬਿਆਂ ਨੂੰ ਮਿਲੇ। ਉਹ ਤੇ ਪ੍ਰੋ. ਜਗਮੋਹਨ ਸਿੰਘ ਬਾਬਾ ਹਰੀ ਸਿੰਘ ਉਸਮਾਨ ਨੂੰ ਉਨ੍ਹਾਂ ਦੇ ਪਿੰਡ ਬੱਦੋਵਾਲ ਵਿਚ ਅਗਸਤ 1968 ਵਿਚ ਮਿਲੇ। ਵੜੈਚ ਹੋਰਾਂ ਦੇ ਆਪਣੇ ਸ਼ਬਦਾਂ ਵਿਚ ”ਸਾਡੇ ਲਈ ਤਾਂ ਬਾਬਾ ਜੀ ਦੀ ਚੁੱਪ ਨੂੰ ਤੋੜਨਾ ਹੀ ਸਭ ਤੋਂ ਵੱਡੀ ਮੁਹਿੰਮ ਸੀ।” ਵੜੈਚ ਸਾਹਿਬ ਨੇ ਬਾਬਾ ਹਰੀ ਸਿੰਘ ਉਸਮਾਨ ਦੀ ਡਾਇਰੀ ਤੇ ਉਨ੍ਹਾਂ ਦੇ ਲੇਖਾਂ ਨੂੰ ਸੰਪਾਦਿਤ ਕੀਤਾ। ਵੜੈਚ ਹੋਰਾਂ ਨੇ ਇਤਿਹਾਸਕਾਰਾਂ ਦੀ ਗਦਰ ਪਾਰਟੀ ਬਾਰੇ ਉਦਾਸੀਨਤਾ ਨੂੰ ਤੋੜਨ ਵਿਚ ਵੀ ਵੱਡੀ ਭੂਮਿਕਾ ਨਿਭਾਈ। ਪ੍ਰੋ. ਜਗਮੋਹਨ ਸਿੰਘ ਅਨੁਸਾਰ ਲੁਧਿਆਣਾ ਵਿਚ ਵੜੈਚ ਸਾਹਿਬ ਦਾ ਘਰ ਅਜਿਹਾ ਟਿਕਾਣਾ ਬਣ ਗਿਆ ਜਿੱਥੇ ਦੇਸ਼ ਦੇ ਹਰ ਹਿੱਸੇ ਤੋਂ ਅਜ਼ਾਦੀ ਸੰਗਰਾਮ ਦੇ ਯੋਧੇ ਆਏ, ਗ਼ਦਰ ਪਾਰਟੀ ਤੇ ਸ਼ਹੀਦ ਭਗਤ ਸਿੰਘ ਦੇ ਸਾਥੀ ਆਏ। ਪ੍ਰੋ. ਸਾਹਿਬ ਨੇ 60 ਤੋਂ ਜ਼ਿਆਦਾ ਇਤਿਹਾਸਕ ਖੋਜ ਪੁਸਤਕਾਂ ਲਿਖੀਆਂ ਤੇ ਸੰਪਾਦਿਤ ਕੀਤੀਆਂ।

ਮਨੁੱਖ ਦਾ ਹੋਣਾ ਉਸ ਦੇ ਹੋਣ ਦੀ ਹਕੀਕਤ ਵੀ ਹੁੰਦਾ ਹੈ ਤੇ ਉਸ ਦੇ ਹੋਣ ਦੇ ਅਰਥ ਵੀ। ਕੋਈ ਇਹ ਅਰਥ ਆਰਥਿਕ ਦੌੜ ਵਿੱਚੋਂ ਲੱਭਦਾ ਹੈ ਤੇ ਕੋਈ ਸਮਾਜ ਨਾਲ ਆਪਣੇ ਸਬੰਧਾਂ 'ਚੋਂ। ਸਮਾਜ ਨਾਲ ਆਪਣੇ ਸਬੰਧਾਂ 'ਚੋਂ ਆਪਣੇ ਅਰਥ ਲੱਭਣ ਵਾਲੇ ਫ਼ਰਦ ਆਪਣੇ ਸਮਾਜ ਦੇ ਇਤਿਹਾਸ, ਮਿਥਿਹਾਸ, ਸਭਿਆਚਾਰ, ਲੋਕ-ਸਾਹਿਤ, ਸਾਹਿਤ, ਲੋਕ-ਕਲਾਵਾਂ ਆਦਿ ਦੇ ਨਾਲ ਨਾਲ ਸਮਾਜ ਦੇ ਵਰਤਮਾਨ ਤੇ ਭਵਿੱਖ ਸਬੰਧੀ ਵੀ ਚਿੰਤਤ

ਹੁੰਦੇ ਹਨ। ਵੜੈਚ ਹੋਰਾਂ ਨੇ ਆਪਣੇ ਹੋਣ ਦੇ ਅਰਥ ਪੰਜਾਬ ਦੇ ਇਤਿਹਾਸ ਦੀ ਖੋਜ ਤੇ ਆਪਣੀ ਅਗਲੀ ਪੀੜ੍ਹੀ ਦੇ ਇਤਿਹਾਸਕਾਰਾਂ ਤੇ ਵਿਦਿਆਰਥੀਆਂ ਨੂੰ ਗ਼ਦਰ ਪਾਰਟੀ ਤੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਪ੍ਰਤੀ ਸੰਵੇਦਨਸ਼ੀਲ ਬਣਾਉਣ ਵਿੱਚੋਂ ਲੱਭੇ।

ਮਲਵਿੰਦਰਜੀਤ ਸਿੰਘ ਵੜੈਚ ਨੇ ਲਗਪਗ ਉਨ੍ਹਾਂ ਗ਼ਦਰੀ ਬਾਬਿਆਂ ਤੇ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨਾਲ ਸੰਪਰਕ ਕੀਤਾ, ਜਿਹੜੇ ਉਨ੍ਹਾਂ ਦੇ ਸਮੇਂ ਜੀਉਂਦੇ ਸਨ। ਗੁਰੂ ਨਾਨਕ ਇੰਜੀਨੀਅਰਿੰਗ ਕਾਲਿਜ ਤੋਂ 'ਸੇਵਾ-ਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੇ ਵਕਾਲਤ ਦੀ ਪੜ੍ਹਾਈ ਕੀਤੀ। ਉਨ੍ਹਾਂ ਕਵੀ ਬਾਬਾ ਹਰਨਾਮ ਸਿੰਘ ਕਾਲਾਸੰਘਿਆ ਤੇ ਹੋਰ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਦੀ ਜ਼ਬਤ ਕੀਤੀ ਜ਼ਮੀਨ ਵਾਪਸ ਕਰਵਾਉਣ ਲਈ ਮੁਕੱਦਮੇ ਕੀਤੇ ਤੇ ਜਿੱਤੇ। ਉਨ੍ਹਾਂ ਨੇ ਗ਼ਦਰ ਪਾਰਟੀ ਤੇ ਕਾਮਾਗਾਟਾ ਮਾਰੂ ਲਹਿਰ ਨੂੰ ਕੇਂਦਰੀ ਸਰਕਾਰ ਤੋਂ ਅਜ਼ਾਦੀ ਸੰਘਰਸ਼ਾਂ ਵਜੋਂ ਮਾਨਤਾ ਪ੍ਰਾਪਤ ਕਰਵਾਉਣ ਲਈ ਮੁਕੱਦਮੇ ਵੀ ਕੀਤੇ ਤੇ ਜਿੱਤੇ। ਇਤਿਹਾਸਕਾਰ ਗੁਰਦੇਵ ਸਿੰਘ ਸਿੱਧੂ ਅਨੁਸਾਰ ਵੜੈਚ ਸਾਹਿਬ ਨਵੇਂ ਇਤਿਹਾਸਕਾਰਾਂ ਨੂੰ ਉਤਸ਼ਾਹਿਤ ਕਰਦੇ ਸਨ। ਉਨ੍ਹਾਂ ਦਾ ਪ੍ਰੇਰਨਾ ਸਰੋਤ ਸਨ। ਨਵੇਂ ਇਤਿਹਾਸਕਾਰਾਂ ਨੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ। ਉਹ ਕੱਸ ਕੇ ਕੰਮ ਲੈਣ ਵਾਲੇ ਉਸਤਾਦ (Hard Task Master) ਵੀ ਸਨ ਅਤੇ ਤੱਥਾਂ ਦੀ ਤਸਦੀਕ ਕਰਨ ਲਈ ਲੰਬੀ ਘਾਲਣਾ ਘਾਲਦੇ ਸਨ।

ਮੇਰਾ ਵੜੈਚ ਸਾਹਿਬ ਨਾਲ ਸੰਪਰਕ 2003 ਵਿੱਚ ਹੋਇਆ। ਮੈਂ ਅਮਰਜੀਤ ਸਿੰਘ ਚੰਦਨ ਕੋਲ ਜ਼ਿਕਰ ਕੀਤਾ ਕਿ ਮੈਂ ਚੰਦਰ ਸ਼ੇਖਰ ਆਜ਼ਾਦ ਦੀ ਲਿਖੀ ਇੱਕ ਚਿੱਠੀ ਝਾਂਸੀ ਦੇ ਅਜਾਇਬਘਰ ਵਿਚ ਦੇਖੀ ਹੈ। ਕੁਝ ਦਿਨਾਂ ਬਾਅਦ ਮੈਨੂੰ ਪ੍ਰੋ. ਵੜੈਚ ਦਾ ਖ਼ਤ ਆਇਆ ਜਿਸ ਵਿਚ ਤਾਕੀਦ ਕੀਤੀ ਗਈ ਸੀ ਕਿ ਉਸ ਚਿੱਠੀ ਦਾ ਉਤਾਰਾ ਕਰਾਉਣਾ ਹੁਣ ਮੇਰੀ ਜ਼ਿੰਮੇਵਾਰੀ ਹੈ। ਆਖ਼ਰੀ ਵਾਰ ਮੈਂ ਉਨ੍ਹਾਂ ਨੂੰ ਕਿਸਾਨ ਅੰਦੋਲਨ ਦੌਰਾਨ ਪੀ. ਸਾਈਨਾਥ ਤੇ ਪ੍ਰੋ. ਜਗਮੋਹਨ ਸਿੰਘ ਹੋਰਾਂ ਦੇ ਨਾਲ ਮਿਲਿਆ।

ਮਲਵਿੰਦਰਜੀਤ ਸਿੰਘ ਵੜੈਚ ਦੇ ਲੰਮੇ ਸਮੇਂ ਦੇ ਸਾਥੀ, ਇਤਿਹਾਸਕਾਰ ਤੇ ਪ੍ਰਕਾਸ਼ਕ ਹਰੀਸ਼ ਜੈਨ ਅਨੁਸਾਰ ਵੜੈਚ ਹੋਰਾਂ ਦੀ ਜ਼ਿੰਦਗੀ ਤੇ ਫ਼ਲਸਫ਼ੇ ਨੂੰ ਉਨ੍ਹਾਂ ਦੇ ਹਲੀਮੀ ਭਰੇ ਇਸ ਵਾਕ "ਮੈਂ ਗ਼ਦਰ ਪਾਰਟੀ ਦੇ ਬਾਬਿਆਂ ਦਾ ਮੁਣਸ਼ੀ ਹਾਂ" 'ਚੋਂ ਹੀ ਸਮਝਿਆ ਜਾ ਸਕਦਾ ਹੈ। ਇਤਿਹਾਸ ਦੇ ਕਿਸੇ ਬਾਬ ਦਾ ਮੁਣਸ਼ੀ ਹੋਣਾ, ਕੋਈ ਸੌਖਾ ਕੰਮ ਨਹੀਂ ਹੁੰਦਾ, ਖ਼ਾਸ ਕਰ ਕੇ ਜਦੋਂ ਇਤਿਹਾਸ ਦੇ ਉਸ ਹਿੱਸੇ ਨਾਲ ਤੁਹਾਡੀਆਂ ਭਾਵਨਾਵਾਂ ਡੂੰਘੀ ਤਰ੍ਹਾਂ ਨਾਲ ਜੁੜੀਆਂ ਹੋਣ, ਤੇ ਜਦੋਂ ਤੁਸੀਂ ਇਤਿਹਾਸ ਦੇ ਉਸ ਹਿੱਸੇ ਨੂੰ ਆਪਣੀ ਕੌਮ ਦਾ ਅਣਮੋਲ ਹਿੱਸਾ ਸਮਝਦੇ ਹੋਵੋ। ਇਹ ਮਾਣਮੱਤਾ ਕੰਮ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਹੀ ਹਿੱਸੇ ਆਇਆ। ਉਨ੍ਹਾਂ ਦੇ ਸਿਰੜ ਤੇ ਸਾਧਨਾ ਨੂੰ ਸਲਾਮ। ਉਨ੍ਹਾਂ ਦੇ ਕਾਰਜ ਦਾ ਵੱਡਾ ਹਿੱਸਾ ਸੀਤਾ ਰਾਮ ਬਾਂਸਲ ਹੋਰਾਂ ਕੋਲ ਜਲੰਧਰ ਵਿੱਚ ਸਾਂਭਿਆ ਪਿਆ ਹੈ।

●

# ਭਾਜੀ ਮਲਵਿੰਦਰ ਜੀਤ ਸਿੰਘ ਵੜੈਚ ਦੇ ਪਿੱਛੇ ਪਿੱਛੇ ਤੁਰਦਿਆਂ

***ਜਸਵੰਤ ਸਿੰਘ ਗਿੱਲ***
*ਪ੍ਰਿੰਸੀਪਲ (ਰੀਟਾ:)*
*ਗੁਰੂ ਨਾਨਕ ਨੈਸ਼ਨਲ ਕਾਲਿਜ*
*ਦੋਰਾਹਾ (ਲੁਧਿਆਣਾ)*

ਸਾਡੇ ਭਾਜੀ ਮਲਵਿੰਦਰਜੀਤ ਸਿੰਘ ਜੀ ਦੇ ਦੇਹਾਂਤ ਉਪਰੰਤ ਅਖਬਾਰਾਂ ਵਿੱਚ ਬਹੁਤ ਕੁਝ ਪ੍ਰਕਾਸ਼ਿਤ ਹੋਣ ਤੋਂ ਬਾਅਦ ਬਹੁਤ ਮੁਸ਼ਕਿਲ ਹੁੰਦੈ, ਕੋਈ ਵੱਖਰੀ ਜਾਂ ਨਵੀਂ ਗੱਲ ਕਹਿਣੀ। ਮੈਂ ਉਹਨਾਂ ਕੁਝ ਕੁ ਲੋਕਾਂ ਵਿਚੋਂ ਹਾਂ ਜਿਸ ਨੂੰ ਬਚਪਨ ਤੋਂ ਉਨ੍ਹਾਂ ਨਾਲ ਵਿਚਰਨ ਦਾ ਮੌਕਾ ਪ੍ਰਾਪਤ ਹੋਇਆ। ਹਰ ਵਿਅਕਤੀ ਦੇ ਜੀਵਨ ਸਫਰ ਵਿੱਚੋਂ ਉਸ ਸਮੇ ਦੇ ਸਮਾਜਕ ਤਾਣੇ ਬਾਣੇ ਅਤੇ ਆਰਥਿਕ ਰਾਜਨੀਤਕ ਬਣਤਰ ਵੀ ਜਰੂਰ ਝਲਕਦੀ ਹੈ।

ਜਿੱਥੇ ਚੱਲੇ ਗਿਰਧਾਰੀ ਲਾਲ।
ਉੱਥੇ ਮੈਂ ਵੀ ਚੱਲਾਂ ਨਾਲ ਨਾਲ।

ਭਾਜੀ ਉਦੋਂ ਕਰਨਾਲ ਰਹਿੰਦੇ ਸਨ। ਮੇਰੇ ਵੱਡੇ ਭੂਆ ਜੀ ਦੇ ਵਿਚਕਾਰਲੇ ਪੁੱਤਰ ਹੋਣ ਕਾਰਨ ਉਹ ਮੈਨੂੰ ਵੀ 1956 ਵਿੱਚ ਸਾਡੇ ਪਿੰਡ ਬਸੰਤ ਕੋਟ (ਗੁਰਦਾਸਪੁਰ)ਤੋਂ ਕਰਨਾਲ ਪੜ੍ਹਨ ਲਈ ਲੈ ਆਏ। ਫਿਰ ਉਹ 1957 ਵਿੱਚ ਉਹ ਦਿੱਲੀ ਚਲੇ ਗਏ ਤੇ ਮੈਂ ਵੀ ਦਿੱਲੀ।

ਫਿਰ ਭਾਜੀ ਮੇਰਠ ਤੇ ਮੈਂ ਵੀ ਨਾਲ ਮੇਰਠ। ਮੇਰਾ ਦਸਵੀਂ ਦਾ ਦਾਖਲਾ ਫਾਰਮ ਭਾਜੀ ਨੇ ਹੀ ਭਰਿਆ ਸੀ। ਉਹਨਾਂ ਨੇ ਮੇਰੀ ਜਨਮ ਵੀ ਤਰੀਕ ਆਪਣੀ ਦਸਵੀਂ ਦੇ ਨਤੀਜੇ ਦੀ ਤਰੀਕ ਮੁਤਾਬਕ 15 ਮਈ 1945 ਲਿਖੀ। ਇਸ ਤਰ੍ਹਾਂ ਮੈਂ ਅਸਲ ਉਮਰ ਨਾਲੋਂ ਡੇਢ ਸਾਲ ਛੋਟਾ ਹੋ ਗਿਆ। ਭਾਜੀ ਨੇ ਕੁਝ ਸਮਾਂ ਮੈਨੂੰ ਕੰਮ ਕਰਨ ਲਈ ਦਿੱਲੀ ਕਿਤਾਬਾਂ ਦੀ ਦੁਕਾਨ ਤੇ ਸੇਲਜਮੈਨ ਲਵਾ ਦਿੱਤਾ। ਉਹ ਮੇਰੇ ਜੀਵਨ ਦਾ ਬਹੁਤ ਹੀ ਵਧੀਆ ਤਜ਼ਰਬਾ ਸੀ।

ਭਾਜੀ 1960 ਵਿੱਚ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਨੌਕਰੀ ਕਾਰਨ ਲੁਧਿਆਣੇ ਆ ਗਏ। ਮੈਨੂੰ ਵੀ ਦਿੱਲੀ ਤੋਂ ਲੁਧਿਆਣੇ ਜੀਜੀਐਨ ਖਾਲਸਾ ਕਾਲਜ ਵਿੱਚ ਦਾਖਲ ਕਰਵਾ ਦਿੱਤਾ। ਇਹ ਉਹੀ ਰਿਫ਼ਿਊਜੀ ਕਾਲਜ ਸੀ ਜਿਸ ਵਿੱਚ ਭਾਜੀ ਆਪ ਦੇਸ਼ ਵੰਡ ਤੋਂ ਪਹਿਲਾਂ ਗੁਜਰਾਂਵਾਲ਼ਾ ਵਿਖੇ ਪੜ੍ਹਦੇ ਹੁੰਦੇ ਸਨ।

20ਵੀ ਸਦੀ ਦੇ ਸ਼ੁਰੂਆਤ ਵਿਚ, ਕਿਸਾਨ ਪਰਿਵਾਰਾਂ ਵਿੱਚ ਇੱਕੋ ਇੱਕ ਨੌਕਰੀ ਫੌਜ ਦੀ ਨੌਕਰੀ ਹੀ ਹੁੰਦੀ ਸੀ। ਲੜਕੀਆਂ ਨੂੰ ਜੰਮਦੇ ਹੀ ਮਾਰ ਦੇਣਾ ਆਮ ਰਿਵਾਜ ਸੀ, ਜਿਸ ਕਾਰਨ ਰਿਸ਼ਤੇ ਲੱਭਣੇ ਮੁਸ਼ਕਿਲ ਹੁੰਦੇ ਸਨ। ਸਾਡਾ ਦਾਦਕਾ ਟੱਬਰ ਨਿਰੋਲ ਕਿਸਾਨੀ ਸੀ। ਸਾਡਾ ਟੱਬਰ ਖਾਨਦਾਨੀ ਅਨਪੜ੍ਹ ਸੀ। ਪਹਿਲੇ ਵਿਸ਼ਵ ਯੁੱਧ ਦਾ ਸਮਾਂ ਸੀ ਜਦ ਸਾਡੇ ਦਾਦੇ ਸ ਬੇਲਾ ਸਿੰਘ

ਦੇ ਦੋ ਭਰਾ ਫੌਜ ਵਿੱਚ ਨੌਕਰ ਸਨ। ਆਮ ਤੌਰ ਤੇ ਉਹਨਾ ਸਮਿਆਂ ਵਿੱਚ ਰਿਸ਼ਤੇ ਪਿੰਡਾਂ ਦੇ ਨੇੜੇ ਤੇੜੇ ਹੀ ਹੁੰਦੇ ਸਨ। ਭਾਜੀ ਦੇ ਪਿਤਾ ਜੀ ਸਰਦਾਰ ਭਾਗ ਸਿੰਘ ਵੜੈਚ ਵੀ ਸਾਡੇ ਦਾਦਿਆਂ ਵਾਲੀ ਪਲਟਣ ਵਿੱਚ ਹੀ ਸਨ। ਸਾਡੇ ਦਾਦਿਆਂ ਨੇ ਸਾਡੀ ਸਭ ਤੋਂ ਵੱਡੀ ਭੂਆ ਜੀ ਦਾ ਰਿਸ਼ਤਾ ਸ: ਭਾਗ ਸਿੰਘ ਨਾਲ ਕਰ ਦਿੱਤਾ। ਅੰਗਰੇਜ਼ ਫੌਜ ਵਿੱਚ ਪਲਟਣਾਂ ਦੀ ਬਣਤਰ ਜ਼ਾਤ ਧਰਮ ਤੇ ਇਲਾਕਿਆਂ ਅਨੁਸਾਰ ਹੁੰਦੀ ਸੀ। ਇਸ ਨਾਲ ਪਿੰਡਾਂ ਤੋਂ ਦੂਰ ਦੁਰੇਡੇ ਰਹਿੰਦਿਆਂ ਉਦਾਸੀ ਨਹੀਂ ਸੀ ਹੁੰਦੀ। ਉਹਨਾਂ ਸਮਿਆਂ ਵਿੱਚ ਲੱਧੇਵਾਲਾ ਵੜੈਚ(ਗੁਜਰਾਂਵਾਲਾ) ਕੀਤਾ ਰਿਸ਼ਤਾ ਬਹੁਤ ਹੀ ਦੂਰ ਮੰਨਿਆ ਜਾਂਦਾ ਸੀ। ਇਸੇ ਲਈ ਸਾਡੇ ਘਰ ਵਿੱਚ ਭੂਆ ਜੀ ਨੂੰ "ਲਹਿੰਦੇ ਵਾਲੀ ਬੀਬੀ" ਕਹਿੰਦੇ ਹੁੰਦੇ ਸਨ। ਸਾਡੀ ਭੂਆ ਜੀ ਦਾ ਪੇਕਾ ਨਾਮ ਮੰਗਲ ਕੌਰ ਸੀ। ਅੱਗੋਂ ਉਹਨਾ ਦੇ ਸੌਹਰਾ ਸਾਰਹਿਬ ਦਾ ਨਾਮ ਵੀ ਮੰਗਲ ਸਿੰਘ ਸੀ। ਸਹੁਰੇ ਘਰ ਜਾ ਕੇ ਸਾਡੀ ਭੂਆ ਬੀਬੀ ਬਾਲ ਕੌਰ ਬਣ ਗਈ। ਇਸੇ ਕਰਕੇ ਭੂਆ ਜੀ ਮੰਗਲ ਵਾਰ ਨੂੰ ਦੇਵੀ ਦਾ ਵਾਰ ਹੀ ਕਹਿੰਦੇ ਹੁੰਦੇ ਸਨ। ਸਹੁਰੇ ਤੇ ਪਤੀ ਦਾ ਨਾਮ ਲੈਣਾ ਵੀ ਮਨ੍ਹਾਂ ਹੁੰਦਾ ਸੀ ਉਦੋਂ।

ਲੱਧੇਵਾਲਾ ਵੜੈਚ, ਗੁਜਰਾਂਵਾਲਾ ਸ਼ਹਿਰ ਦੇ ਨਾਲ ਹੀ ਸੀ। ਸਕੂਲੀ ਤੇ ਕਾਲਜੀ ਪੜ੍ਹਾਈ ਨੇੜੇ ਹੀ ਸੀ। ਭਾਜੀ ਦੇ ਵੱਡੇ ਭਰਾ ਹਰਬੰਸ ਸਿੰਘ ਉਨ੍ਹਾਂ ਤੋਂ ਸੱਤ ਸਾਲ ਵੱਡੇ ਸਨ। ਭਾਜੀ ਮਲਵਿੰਦਰਜੀਤ ਜਿਉਂ ਜਿਉਂ ਵੱਡੇ ਹੋਣ ਲੱਗੇ ਉਦੋਂ ਸੋਵੀਅਤ ਇਨਕਲਾਬ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਆਪਣੇ ਵੱਲ ਖਿੱਚ ਰਿਹਾ ਸੀ। ਜਦੋਂ ਉਹ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਵਿੱਚ ਕਾਲਜ ਦੀ ਪੜ੍ਹਾਈ ਕਰ ਰਹੇ ਸਨ ਤਾਂ ਕਾਲਜ ਦੇ ਬਹੁਤ ਸਾਰੇ ਨੌਜਵਾਨ ਸੋਵੀਅਤ ਤਰਜ਼ ਦਾ ਭਾਰਤ ਵੇਖਣ ਲੱਗੇ। ਭਾਜੀ ਹਰਬੰਸ ਦੇ ਸਹਿਪਾਠੀਆਂ ਵਿੱਚ ਪ੍ਰੋ.ਫ਼ੈਸਰ ਦੀਦਾਰ ਸਿੰਘ ਲੇਖਕ ਕਿੱਸਾ ਸ਼ਹੀਦ ਭਗਤ ਸਿੰਘ ਵਾਲੇ, ਕਰਨਲ ਗੁਰਦੇਵ ਸਿੰਘ, ਪ੍ਰਿੰਸੀਪਲ ਸਰਦੂਲ ਸਿੰਘ ਤੇ ਇੱਕ ਮਿੱਤਰ ਨਾਸਿਰ ਵੀ ਸ਼ਾਮਿਲ ਸਨ। ਇਸ ਕ੍ਰਾਂਤੀਕਾਰੀ ਸੋਚ ਦਾ ਅਸਰ ਉਹਨਾਂ ਦੇ ਛੋਟੇ ਭਰਾਵਾਂ ਤੇ ਵੀ ਪਿਆ।

**1947 ਦੀ ਪੰਜਾਬ ਦੀ ਤਕਸੀਮ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ।**

ਵੰਡ ਵੇਲੇ ਸਮੇਂ ਭਾਜੀ ਮਲਵਿੰਦਰਜੀਤ ਐਫਐਸਸੀ ਦੇ ਵਿਦਿਆਰਥੀ ਸਨ। ਫਸਾਦਾਂ ਕਾਰਨ ਪੰਜਾਬ ਯੂਨੀਵਰਸਿਟੀ ਲਾਹੌਰ ਸਲਾਨਾ ਇਮਤਿਹਾਨ ਨਾ ਕਰਵਾ ਸਕੀ। ਪੰਜਾਬ ਯੂਨੀਵਰਸਿਟੀ ਸਮੇਤ ਵਿਦਿਆਰਥੀ ਤੇ ਮਾਪੇ ਰਿਫਿਊਜੀ ਬਣ ਗਏ। ਰਿਫਿਊਜੀ ਵਿਦਿਆਰਥੀ ਉਧਰੋਂ ਉੱਜੜ ਕੇ ਆਏ ਰਿਫਿਊਜੀ ਕੈਂਪਾਂ ਦੀ ਸੇਵਾ ਸੰਭਾਲ ਵਿੱਚ ਜੁੱਟ ਗਏ। ਇਮਤਿਹਾਨ ਦੇਣ ਤੋਂ ਰਹਿ ਗਏ ਵਿਦਿਆਰਥੀਆਂ ਨੂੰ ਵਿਸ਼ੇਸ਼ ਨਿਯਮ ਬਣਾ ਕੇ ਸਮਾਜ ਸੇਵਾ ਦੇ ਇਵਜ਼ ਵਿੱਚੋਂ ਪੰਜਾਬ ਯੂਨੀਵਰਸਿਟੀ ਨੇ ਪਾਸ ਹੋਣ ਦੇ ਸਰਟੀਫਿਕੇਟ ਜਾਰੀ ਕਰ ਦਿੱਤੇ। ਫਸਾਦਾਂ ਵਿੱਚ ਭਾਜੀ ਦੇ ਪਿਤਾ ਜੀ ਕੈਪਟਨ ਭਾਗ ਸਿੰਘ ਤੇ ਨਿੱਕਾ ਭਰਾ ਅਨੂਪ ਸਿੰਘ ਵੀ ਮਾਰਿਆ ਗਿਆ। ਸਾਡੀ ਭੂਆ ਤੜਫ ਰਹੇ ਪਿਆਸੇ ਪੁੱਤਰ ਨੂੰ ਆਪਣੀ ਚੁੰਨੀ ਭਿਓ ਕੇ ਪਾਣੀ ਪਿਆਉਣ ਦਾ ਯਤਨ ਕੀਤਾ। ਉਨ੍ਹਾਂ ਦੇ ਹੱਥ ਤੇ ਹਮਲਾਵਰ ਦੀ ਤਲਵਾਰ ਦੇ ਵਾਰ ਨਾਲ ਉਂਗਲ ਵੱਢੀ ਗਈ। ਉਸਨੂੰ ਗਿੱਲੀ ਚੁੰਨੀ ਪਾਣੀ ਲਈ ਸਹਿਕ ਕੇ ਮਰੇ ਪੁੱਤਰ ਨੂੰ ਤੇ ਪਾ ਕੇ ਅੱਗੇ ਤੁਰਨਾ ਪਿਆ।

## ਕੁਝ ਦਿਲਚਸਪ ਕਿੱਸੇ

ਦੂਸਰੇ ਮਹਾਂ ਯੁੱਧ ਦੌਰਾਨ ਤੀਲਾਂ ਦੀਆਂ ਡੱਬੀਆਂ ਵੀ ਰਾਸ਼ਨ ਵਿੱਚ ਮਿਲਦੀਆਂ ਸਨ। ਡਿੱਪੂ ਤੇ ਭਾਜੀ ਮਲਵਿੰਦਰਜੀਤ ਤੇ ਨਿੱਕਾ ਭਰਾ ਡੱਬੀਆਂ ਲੈਣ ਲਈ ਲਾਈਨ ਵਿੱਚ ਖੜੇ ਹੋ ਗਏ। ਦੁਕਾਨਦਾਰ ਨੂੰ ਪਤਾ ਸੀ ਕਿ ਇਹ ਦੋਵੇਂ ਸਕੇ ਭਰਾ ਨੇ। ਮਾਚਸ ਇੱਕ ਹੀ ਦਿੱਤੀ ਜਾ ਸਕਦੀ ਸੀ। ਉਸ ਨੇ ਸ਼ਰਾਰਤ ਨਾਲ ਦੋਹਾਂ ਨੂੰ ਮੂੰਹ ਖੋਲਣ ਲਈ ਖੁਲਵਾ ਕੇ ਕਿਹਾ ਕਿ ਤੁਸੀਂ ਤਾਂ ਦੋਵੇਂ ਭਰਾ ਲੱਗਦੇ ਹੋ। ਬੱਚਿਆਂ ਦੀ ਚਲਾਕੀ ਫੜੀ ਗਈ ਤੇ ਸਾਰੇ ਪਾਸੇ ਹਾਸਾ ਪੈ ਗਿਆ।

ਭਾਜੀ ਦੱਸਦੇ ਹੁੰਦੇ ਸਨ ਕਿ ਇੱਕ ਵਾਰ ਪਿੰਡ ਵਿਚ ਚੋਰੀ ਹੋ ਗਈ। ਖੋਜੇ ਸਾਰੇ ਬੰਦਿਆਂ ਦੇ ਪੈਰਾਂ ਦੇ ਨਿਸ਼ਾਨ ਕੱਚੀ ਮਿੱਟੀ ਤੇ ਤੋਰ ਕੇ ਚੈੱਕ ਕਰ ਰਹੇ ਸਨ। ਬੱਚਾ ਮਲਵਿੰਦਰਜੀਤ ਵੀ ਚਾਹੁੰਦਾ ਸੀ ਕਿ ਉਸ ਦੀ ਵੀ ਪੈੜ ਚੈੱਕ ਕੀਤੀ ਜਾਵੇ। ਖੋਜੇ ਨੇ ਕਿਹਾ ਕਿ ਅਸੀਂ ਸਿਰਫ ਪੱਗ ਬੰਨਾਂ (ਬਾਲਗਾਂ ਦੀ) ਪੈੜ ਚੈੱਕ ਕਰਨੀ ਹੈ। ਭਾਜੀ ਦੌੜ ਕੇ ਘਰ ਪੱਗ ਬੰਨ੍ਹਣ ਚਲੇ ਗਏ। ਵਾਪਸ ਪੈੜ ਚੈੱਕ ਕਰਨ ਲਈ ਕਿਹਾ। ਉਹਨਾਂ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਸਾਡੀ ਵਿਚਕਾਰਲੀ ਗੁੰਨਾ ਕਲਾਂ ਵਾਲੀ ਭੂਆ ਹਰਨਾਮ ਕੌਰ ਦਾ ਵੱਡਾ ਪੁੱਤਰ ਗੁਰਦਿਆਲ ਸਿੰਘ ਬਾਜਵਾ ਤੇ ਭਾਜੀ ਮਲਵਿੰਦਰਜੀਤ ਹਾਣੀ ਸਨ। ਭਾਜੀ ਨੇ ਦਸਵੀਂ ਗੁਜਰਾਂਵਾਲੇ ਤੋਂ ਤੇ ਭਾ ਜੀ ਗੁਰਦਿਆਲ ਸਿੰਘ ਬਾਜਵਾ ਨੇ ਦਸਵੀਂ ਸਿਆਲਕੋਟ ਤੋਂ ਪਾਸ ਕੀਤੀ। ਛੁੱਟੀਆਂ ਵਿੱਚ ਸਾਡੇ ਪਿੰਡ ਨਿੱਦੋ ਕੇ (ਨਾਰੋਵਾਲ) ਨਾਨਕੀਂ ਆਏ ਦੋਵੇਂ ਭਰਾ ਸਲਾਹ ਕਰਨ ਲੱਗੇ ਅੱਗੋਂ ਕੀ ਪੜ੍ਹਨਾ ਹੈ। ਭਾਜੀ ਮਲਵਿੰਦਰਜੀਤ ਨੇ ਕਿਹਾ ਕਿ ਉਹ ਨਾਨ-ਮੈਡੀਕਲ ਪੜਨਾ ਚਾਹੁੰਦੇ ਹਨ। ਭਾਜੀ ਗੁਰਦਿਆਲ ਮੱਰੇ ਕਾਲਜ ਸਿਆਲਕੋਟ ਜਾ ਕੇ ਆਰਟਸ ਵਿੱਚ ਦਾਖਲ ਹੋ ਗਏ। ਛੁੱਟੀਆਂ ਵਿੱਚ ਜਦ ਦੁਬਾਰਾ ਇਕੱਠੇ ਹੋਏ ਤਾਂ ਦੋਵੇਂ ਮਸੇਰ ਭਰਾ ਇਕ ਦੂਸਰੇ ਨਾਲ ਬਹਿਸਣ ਲੱਗੇ। ਭਾਜੀ ਗੁਰਦਿਆਲ ਕਹਿਣ ਲੱਗੇ ਕਿ ਮਲਵਿੰਦਰਜੀਤ ਤੂੰ ਤਾਂ ਕਿਹਾ ਸੀ ਕਿ ਮੈਂ ਆਰਟਸ ਲੈਣੀ ਹੈ ਪਰ ਤੂੰ ਤਾਂ ਸਾਇੰਸ ਲੈ ਲਈ ਹੋਈ ਹੈ। ਅਸਲ ਵਿੱਚ ਭਾਜੀ ਗੁਰਦਿਆਲ ਨੇ ਨਾਨ ਮੈਡੀਕਲ ਨੂੰ ਆਰਟਸ ਹੀ ਸਮਝਿਆ ਸੀ।

ਦੇਸ਼ ਵੰਡ ਤੋਂ ਬਾਅਦ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਜਦ ਸ਼ੁਰੂ ਕਰਨਾ ਸੀ ਤਾਂ ਭਾਜੀ ਮਲਵਿੰਦਰਜੀਤ ਫੌਜ ਦੀ ਈਐਮਈ ਬ੍ਰਾਂਚ ਵਿੱਚ ਬਤੌਰ ਸਿਪਾਹੀ ਭਰਤੀ ਹੋ ਗਏ। ਵੱਡਾ ਭਰਾ ਹਰਬੰਸ ਸਿੰਘ ਪਹਿਲਾਂ ਹੀ ਫੌਜ ਵਿੱਚ ਕਪਤਾਨ ਸੀ ਹੁਣ ਛੋਟਾ ਗੁਰਦਰਸ਼ਨ ਪਾਲ ਵੀ ਕਮਿਸ਼ਨਡ ਅਫਸਰ ਬਣ ਗਿਆ। ਬਜ਼ੁਰਗ ਮਾਂ ਤੇ ਘਰ ਦੀ ਦੇਖ ਭਾਲ ਲਈ ਭਾਜੀ ਨੂੰ ਫੌਜ ਵਿੱਚੋਂ ਨਾਵਾਂ ਕਟਵਾ ਕੇ ਵਾਪਸ ਕਰਨਾਲ ਆਉਣਾ ਪਿਆ।

ਦੁਬਾਰਾ ਪ੍ਰਾਈਵੇਟ ਪੜ੍ਹਾਈ ਸ਼ੁਰੂ ਕਰ ਦਿੱਤੀ ਹੇਠ ਉੱਤੇ ਦੋ ਐਮ ਏ ਕਰ ਲਈਆਂ। 1956 ਵਿੱਚ ਭਾਜੀ ਦੀ ਸ਼ਾਦੀ ਹੋ ਗਈ। ਉਹਨਾਂ ਦੀ ਪਤਨੀ ਜਿਸ ਨੂੰ ਅਸੀਂ ਸਾਰੇ ਭੈਣਜੀ ਰਾਜ ਕਹਿੰਦੇ ਸਾਂ ਉਸ ਵਕਤ ਅਜੇ ਨੌਵੀਂ ਜਮਾਤ ਵਿੱਚ ਪੜਦੇ ਸਨ। ਭੈਣਜੀ ਰਾਜ ਦੇ ਪਿਤਾ ਜੀ ਤੇ ਭਰਾ ਵੀ ਸੰਤਾਲੀ ਦੇ ਕਤਲੇਆਮ ਵਿੱਚ ਮਾਰੇ ਗਏ ਸਨ। ਭੈਣ ਜੀ ਦੀ ਬਜ਼ੁਰਗ ਮਾਂ ਤੇ ਵੱਡੀ ਭੈਣ ਹੀ ਬਚੀਆਂ।

ਉਹ ਪਰਿਵਾਰ ਸਾਡੇ ਭੂਆ ਜੀ ਦੇ ਦਾਮਾਦ ਸਰਦਾਰ ਜੋਗਿੰਦਰ ਸਿੰਘ ਚੀਮਾ ਦੇ ਪਿੰਡ ਬੱਦੋਕੇ ਗੋਸਾਈਆਂ (ਗੁਜਰਾਂਵਾਲਾ) ਤੋਂ ਸਨ। ਭਾਜੀ ਮਲਵਿੰਦਰਜੀਤ ਦੀ ਸਾਦ ਮੁਰਾਦੀ ਸ਼ਾਦੀ ਵਿੱਚ ਮੈਂ ਵੀ ਹਾਜ਼ਰ ਸੀ। ਭਾਜੀ ਦੇ ਦੋਵੇਂ ਫੌਜੀ ਭਰਾ ਵੱਡੇ ਕਰਨਲ ਹਰਬੰਸ ਸਿੰਘ ਤੇ ਛੋਟੇ ਗੁਰਦਰਸ਼ਨਪਾਲ ਸਿੰਘ ਸ਼ਾਮਿਲ ਨਾ ਹੋ ਸਕੇ। ਭੈਣ ਜੀ ਰਾਜ ਦੀ ਦਸਵੀਂ ਦੀ ਪੜ੍ਹਾਈ ਪ੍ਰਾਈਵੇਟ ਜਾਰੀ ਰਹੀ। ਦਸਵੀਂ ਦੇ ਸਲਾਨਾ ਇਮਤਿਹਾਨ ਸਿਰ ਤੇ ਆ ਗਏ। ਉਸੇ ਵਕਤ ਬੇਟੀ ਮਿੰਨਾ ਪੈਦਾ ਹੋਣ ਵਾਲੀ ਸੀ। ਉਸ ਸਮੇਂ ਵਿਅਤਨਾਮ ਯੁੱਧ ਦਾ ਨਾਇਕ ਹੋਚੀ ਮਿੰਨ ਦਿੱਲੀ ਆਇਆ ਹੋਇਆ ਸੀ। ਅਸੀਂ ਵੀ ਪਾਲਮ ਏਅਰਪੋਰਟ ਤੇ ਉਸ ਦੇ ਸਵਾਗਤ ਲਈ ਗਏ। ਜਦੋਂ ਬੇਟੀ ਦਾ ਜਨਮ ਹੋਇਆ ਉਸ ਦਾ ਨਾਮ ਹੋਚੀ ਮਿੰਨ ਦੀ ਕਦਰਦਾਨੀ ਵਿੱਚ ਮਿੰਨਾ ਰੱਖਿਆ ਗਿਆ। ਮਿੰਨਾ ਦੇ ਜਨਮ ਦੇ ਕੁਝ ਹਫ਼ਤੇ ਬਾਅਦ ਭੈਣ ਜੀ ਨੇ ਦਸਵੀਂ ਦਾ ਇਮਤਿਹਾਨ ਵੀ ਸਫ਼ਲਤਾ ਪੂਰਵਕ ਪਾਸ ਕਰ ਲਿਆ।

1960 ਦੇ ਸ਼ੁਰੂ ਵਿੱਚ ਭਾ ਜੀ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਹਿਊਮੈਨਿਟੀਜ਼ ਦੇ ਅਧਿਆਪਕ ਦੀ ਨੌਕਰੀ ਮਿਲ ਗਈ। ਡਬਲ ਐੱਮ ਏ ਹੋਣ ਕਾਰਨ ਉਹ ਇਸ ਅਸਾਮੀ ਲਈ ਬਹੁਤ ਹੀ ਯੋਗ ਸਨ। ਬਸ ਫਿਰ ਕੀ ਸੀ। ਇੰਜ ਲੱਗਣ ਲੱਗ ਪਿਆ ਕਿ ਭਾਜੀ ਦੀ ਦੂਸਰੀ ਸ਼ਾਦੀ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਨਾਲ ਹੀ ਹੋ ਗਈ ਹੋਵੇ। ਕਾਲਜ ਵਿੱਚ ਸਾਰੇ ਸਾਇੰਸ ਜਾਂ ਇੰਜੀਨੀਅਰਿੰਗ ਦੇ ਹੀ ਅਧਿਆਪਕ ਸਨ। ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਇਕੱਲੇ ਹੁਮੈਨੇਟੀਜ ਦੇ ਅਧਿਆਪਕ ਸਨ। ਉਹਨਾਂ ਦਾ ਅਧਿਆਪਨ ਦਾ ਵਿਸ਼ਾ ਸਮਾਜ, ਰਾਜਨੀਤੀ, ਆਰਥਿਕਤਾ ਤੇ ਸ਼ਾਸਨ ਪ੍ਰਬੰਧ ਨਾਲ ਸੰਬੰਧਿਤ ਸੀ। ਨੀਰਸ ਇੰਜੀਨੀਅਰਿੰਗ ਵਿਸ਼ਿਆਂ ਨਾਲੋਂ ਇਸ ਵਿਸ਼ੇ ਵਿੱਚ ਵਿਦਿਆਰਥੀ ਜ਼ਿਆਦਾ ਦਿਲਚਸਪੀ ਰੱਖਦੇ ਸਨ। ਪੜ੍ਹਾਉਣ ਦਾ ਅੰਦਾਜ਼ ਵੀ ਜ਼ਰੂਰ ਦਿਲਚਸਪ ਹੁੰਦਾ ਸੀ। ਕਾਲਜ ਵਿੱਚ ਨੌਕਰੀ ਦੌਰਾਨ ਭਾਜੀ ਨੇ ਤਿੰਨ ਐੱਮ ਏ ਹੋਰ ਕਰ ਲਈਆਂ।

ਭਾਜੀ ਬੜੇ ਮਾਣ ਨਾਲ ਕਹਿੰਦੇ ਹੁੰਦੇ ਸੀ ਕਿ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਪਹਿਲੇ ਬੈਚ ਤੋਂ ਲੈ ਕੇ ਰਿਟਾਇਰਮੈਂਟ ਤੱਕ ਕੋਈ ਵੀ ਵਿਦਿਆਰਥੀ ਅਜਿਹਾ ਨਹੀਂ ਹੋਵੇਗਾ ਜਿਸ ਨੂੰ ਉਹਨਾਂ ਨੇ ਨਾ ਪੜਾਇਆ ਹੋਵੇ। ਹਿਊਮੈਨਟੀਜ਼ ਇੰਜੀਨੀਅਰਿੰਗ ਦੀਆਂ ਸਾਰੀਆਂ ਬ੍ਰਾਂਚਾਂ ਲਈ ਪੜ੍ਹਨਾ ਲਾਜ਼ਮੀ ਸੀ।

ਇੰਜੀਨੀਅਰਿੰਗ ਕਾਲਜ ਨਨਕਾਣਾ ਸਾਹਿਬ ਐਜੂਕੇਸ਼ਨ ਟਰਸਟ ਨੇ 1956 ਵਿੱਚ ਮਾਡਲ ਗ੍ਰਾਮ ਲੁਧਿਆਣਾ ਦੇ ਇੱਕ ਸਕੂਲ ਕੈਂਪਸ ਤੋਂ ਸ਼ੁਰੂ ਕੀਤਾ। ਮਲੇਰਕੋਟਲਾ ਰੋਡ ਤੇ ਗਿੱਲ ਪਿੰਡ ਵਾਸੀਆਂ ਨੇ ਤਕਰੀਬਨ 100 ਏਕੜ ਜ਼ਮੀਨ ਇਸ ਟਰਸਟ ਨੂੰ ਮੁਫ਼ਤ ਦਿੱਤੀ। ਇਵਜ ਵਿੱਚ ਉਹਨਾਂ ਨੇ ਆਪਣੇ ਪਿੰਡ ਲਈ ਦੋ ਸੀਟਾਂ ਰਾਖਵੀਂਆਂ ਕਰਵਾ ਲਈਆਂ। ਉਦੋਂ ਤੇ ਲੈਕੇ ਹੁਣ ਤੱਕ ਪਿੰਡ ਵਿੱਚੋਂ ਸੈਂਕੜੇ ਇੰਜੀਨੀਅਰ ਪੈਦਾ ਹੋ ਚੁੱਕੇ ਹਨ।

ਅਜ਼ਾਦੀ ਤੋਂ ਬਾਅਦ ਵਾਲੇ ਵਿਦਿਆ ਸ਼ਾਸਤਰੀਆਂ ਨੂੰ ਇਹ ਅਹਿਸਾਸ ਸੀ ਕਿ ਇਕ ਵਿਗਿਆਨਕ ਜਾਂ ਇੰਜੀਨੀਅਰ ਨੂੰ ਸਮਾਜਕ, ਰਾਜਨੀਤਕ ਤੇ ਆਰਥਿਕ ਵਿਵਸਥਾ ਦਾ ਗਿਆਨ ਹੋਣਾ ਬਹੁਤ ਹੀ ਜ਼ਰੂਰੀ ਹੈ।

ਟਰਸਟ ਨੇ ਆਪਣੇ ਨਿਯਮਾ ਵਿੱਚ ਲਿਖ ਦਿੱਤਾ ਕਿ ਕਾਲਜ ਵਿੱਚ 70% ਸੀਟਾਂ ਕੇਵਲ ਪੇਂਡੂ ਵਿਦਿਆਰਥੀਆਂ ਲਈ ਰਾਖਵੀਆਂ ਹੋਣਗੀਆਂ। ਪੇਂਡੂ ਵਿਦਿਆਰਥੀਆਂ ਨਾਲ ਸੰਵਾਦ ਕਰਨਾ ਹੋਰ ਵੀ ਆਸਾਨ ਸੀ। ਸਮੁੱਚੇ ਪੰਜਾਬ ਦੇ ਮੁੰਡੇ ਇਸ ਕਾਲਜ ਵਿੱਚ ਪੜ੍ਹਦੇ ਸਨ।

ਇਸ ਸਮੇਂ ਇੰਜੀਨੀਅਰਿੰਗ ਕਾਲਜ ਵਿੱਚ ਸ਼ਹੀਦ ਭਗਤ ਸਿੰਘ ਦਾ ਭਣੇਵਾਂ ਸ੍ਰ. ਜਗਮੋਹਣ ਸਿੰਘ ਵੀ ਦਾਖ਼ਲ ਹੋ ਗਿਆ। ਖੱਬੇ ਪੱਖੀ ਸੋਚ ਦੀ ਲਾਗ ਭਾਜੀ ਨੂੰ ਵੱਡੇ ਭਰਾ ਹਰਬੰਸ ਸਿੰਘ ਤੋਂ ਪਹਿਲਾਂ ਹੀ ਲੱਗ ਚੁੱਕੀ ਸੀ। ਇਸੇ ਨਾਲ ਹੀ ਆਜ਼ਾਦੀ ਲਹਿਰ ਦੇ ਜਿਉਂਦੇ ਸੰਗਰਾਮੀਆਂ ਨੂੰ ਮਿਲਣ ਦੀ ਮੁਹਿੰਮ ਸ਼ੁਰੂ ਹੋ ਗਈ। ਇਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦੇ ਮਾਤਾ ਜੀ ਤੇ ਭੈਣਾਂ ਭਰਾਵਾਂ ਦੇ ਨਾਲ ਨਾਲ ਗਦਰੀ ਬਾਬਿਆਂ ਨਾਲ ਵੀ ਮੇਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਉਪਰੰਤ ਆਜ਼ਾਦੀ ਲਹਿਰ ਦੇ ਸੰਗਰਾਮੀ ਇਤਿਹਾਸ ਬਾਰੇ ਖੋਜ ਕਾਰਜ ਸ਼ੁਰੂ ਕਰ ਦਿੱਤੇ।

ਇਸ ਖੋਜ ਕਾਰਜ ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਬਹੁਤ ਯੋਗਦਾਨ ਸੀ। ਵਿਦਿਆਰਥੀ ਸਾਰੇ ਪੰਜਾਬ ਦੇ ਪਿੰਡਾਂ ਤੋਂ ਆਉਣ ਕਾਰਨ ਗਦਰੀ ਬਾਬਿਆਂ, ਆਈਐਨਏ ਸੂਰਬੀਰਾਂ, ਬੱਬਰ ਅਕਾਲੀਆਂ ਤੇ ਹੋਰ ਕ੍ਰਾਂਤੀਕਾਰੀਆਂ ਬਾਰੇ ਜਾਣਕਾਰੀ ਇਕੱਠੀ ਕਰਨੀ ਵੀ ਸਹਾਇਕ ਸੀ।

ਆਜ਼ਾਦੀ ਸੰਗਰਾਮ ਨਾਲ ਸੰਬੰਧਤ ਸਾਹਿਤ ਨੂੰ ਲੋਕਾਂ ਵਿੱਚ ਪਹੁੰਚਾਣ ਲਈ ਯੁਵਕ ਕੇਂਦਰ ਜਲੰਧਰ ਵਿਚ ਬਣਾਇਆ ਗਿਆ। ਭਾਰੀ ਗਿਣਤੀ ਵਿੱਚ ਨੌਜਵਾਨ ਇਸ ਲਹਿਰ ਨਾਲ ਜੁੜੇ। ਇਹਨਾ ਵਿੱਚੋਂ ਕੁਝ ਖੱਬੇ ਸੰਗਠਨਾਂ ਵਿੱਚ ਅੱਜ ਤੱਕ ਵੀ ਸਰਗਰਮ ਹਨ। ਕੁਝ ਕੁ ਨੌਜਵਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਉਤਸ਼ਾਹਿਤ ਹੋਕੇ ਨਕਸਲੀ ਲਹਿਰ ਵਿੱਚ ਵੀ ਸ਼ਾਮਲ ਹੋਏ।

1978 ਤੋਂ ਬਾਅਦ ਪੰਜਾਬ ਦੀ ਰਾਜਨੀਤਕ ਫ਼ਿਜ਼ਾ ਬਦਲਣੀ ਸ਼ੁਰੂ ਹੋ ਗਈ। ਇਸ ਦਾ ਅਸਰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੇ ਵੀ ਪਿਆ। ਪਹਿਲਾਂ ਹੋਸਟਲਾਂ ਵਿੱਚ ਸਮਾਜਵਾਦੀ ਇਨਕਲਾਬ ਬਾਰੇ ਸਟੱਡੀ ਸਰਕਲ ਚੱਲਦੇ ਸਨ ਪਰ 1980 ਮਗਰੋਂ ਖਾੜਕੂਵਾਦ ਦੌਰਾਨ ਕਾਲਜ ਦਾ ਮਾਹੌਲ ਬਹੁਤ ਬਦਲ ਗਿਆ। ਕਾਲਿਜ ਟਰਸਟ ਦੀ ਮੀਟਿੰਗ ਵਿਚ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਭਾਨ ਸਿੰਘ ਨੂੰ ਕਾਲਿਜ ਕੈਂਪਸ ਵਿੱਚ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਕਾਲਜ ਦੇ ਅਗਾਂਹਵਧੂ ਵਿਦਿਆਰਥੀ ਅਤੇ ਅਧਿਆਪਕ ਖ਼ਤਰੇ ਅਧੀਨ ਵਿਚਰਣ ਲੱਗੇ। ਧਮਕੀਆਂ ਦਾ ਮਾਹੌਲ ਬਣ ਗਿਆ। ਭਾਜੀ ਮਲਵਿੰਦਰਜੀਤ ਨੂੰ ਵੀ ਧਮਕੀਆਂ ਆਉਣ ਲੱਗੀਆਂ। ਕਈ ਸਾਲ ਖੌਫਨਾਕ ਮਾਹੌਲ ਬਣਿਆ ਰਿਹਾ। ਭਾਜੀ ਮਲਵਿੰਦਰਜੀਤ ਸਿੰਘ ਦੇ ਘਰ ਤੇ ਹੈਂਡ ਗਰਨੇਡ ਵੀ ਸੁੱਟਿਆ ਗਿਆ ਪਰ ਫਟ ਨਾ ਸਕਿਆ ਤੇ ਬਚਾਅ ਹੋ ਗਿਆ।

ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਦੇ ਬਹੁਤੇ ਵਿਦਿਆਰਥੀ ਉਦੋਂ ਹੋਸਟਲਾਂ ਵਿੱਚ ਹੀ ਰਹਿੰਦੇ ਸਨ। ਸਵੇਰ ਸ਼ਾਮ ਕਾਲਜ ਦੇ ਬਾਸਕਟਬਾਲ ਦੀ ਗਰਾਉਂਡ ਜਾਂ ਖੇਡ ਮੈਦਾਨਾਂ ਵਿੱਚ ਵਿਦਿਆਰਥੀਆਂ ਨਾਲ ਭਾ ਜੀ ਦਾ ਮੇਲ ਮਿਲਾਪ ਅਕਸਰ ਹੁੰਦਾ ਰਹਿੰਦਾ

ਸੀ। ਬਹੁਤ ਸਾਰੇ ਵਿਦਿਆਰਥੀ ਸ਼ਾਮ ਨੂੰ ਆਪਣੀਆਂ ਨਿੱਜੀ ਸਮੱਸਿਆਵਾਂ ਸਾਂਝੀਆਂ ਕਰਨ ਲਈ ਭਾ ਜੀ ਕੋਲ ਘਰ ਵੀ ਆ ਜਾਂਦੇ ਸੀ। ਘਰ ਵਿੱਚ ਉਹਨਾਂ ਦੀ ਪਤਨੀ ਭੈਣ ਜੀ ਰਾਜ ਵਿਦਿਆਰਥੀਆਂ ਨੂੰ ਮਾਵਾਂ ਵਰਗੇ ਪਿਆਰ ਤੇ ਸੇਵਾ ਨਾਲ ਵਿਹਾਰ ਕਰਦੇ ਤੇ ਘਰ ਦਾ ਮੈਂਬਰ ਹੀ ਬਣਾ ਲੈਂਦੇ ਸੀ।

ਸਾਡੇ ਪਰਿਵਾਰਾਂ ਵਿੱਚ ਵਿਆਹ ਅਕਸਰ ਸਾਦੇ ਹੁੰਦੇ ਸਨ। ਜਦ ਬੇਟੀ ਮਿੰਨਾ ਦਾ ਚੰਡੀਗੜ੍ਹ ਵਿਚ ਸਾਦਾ ਵਿਆਹ ਕਰਕੇ ਕਾਲਜ ਵਾਪਸ ਆ ਗਏ ਤਾਂ ਸਟਾਫ ਮੈਂਬਰਜ਼ ਆਪਣਾ ਸਮਾਜਕ ਰਸਮ ਵਜੋਂ ਮਿੰਨਾ ਨੂੰ ਸ਼ਗਨ-ਪਿਆਰ ਦੇਣ ਲਈ ਆਉਣ ਲੱਗੇ। ਭਾਜੀ ਸ਼ਗਨ ਲੈਣ ਤੋਂ ਮਨ੍ਹਾ ਕਰਨ ਲੱਗੇ। ਕੁਝ ਸਟਾਫ ਮੈਂਬਰਜ਼ ਨੇ ਇਸ ਦਾ ਬੁਰਾ ਮਨਾਇਆ ਕਿਉਂਕਿ ਭੈਣ ਜੀ ਰਾਜ ਹਰ ਪਰਿਵਾਰ ਦੀ ਖੁਸ਼ੀ ਵਿੱਚ ਸ਼ਗਨ ਦੇਂਦੇ ਆਏ ਸਨ।

ਸ਼ਗਨ ਜਾਂ ਭਾਜੀ ਮੋੜਨੀ ਸਾਡੇ ਸਮਾਜਿਕ ਵਰਤਾਰੇ ਦਾ ਮਿਹਣਾ ਰਿਹਾ ਹੈ। ਆਖਿਰ ਭਾਜੀ ਨੂੰ ਆਪਣੇ ਸਹਿਕਰਮੀਆਂ ਅੱਗੇ ਝੁਕਣਾ ਪਿਆ।

ਭਾ ਜੀ ਮਲਵਿੰਦਰਜੀਤ ਸਿੰਘ ਬਹੁਤ ਸਾਰੇ ਵਿਦਿਆਰਥੀਆਂ ਦੇ ਰੋਲ ਮਾਡਲ ਸਨ। ਸਰਕਾਰੀ ਮਹਿਕਮਿਆਂ ਵਿੱਚ ਐੱਸ ਡੀ ਉ ਲੱਗਣਾ ਟੌਹਰ ਵਾਲਾ ਕੰਮ ਹੁੰਦਾ ਸੀ। ਉਨ੍ਹਾਂ ਤੋਂ ਪ੍ਰਭਾਵਿਤ ਹੋਕੇ ਪ੍ਰਿੰਸੀਪਲ ਦਰਸ਼ਨ ਦੱਤ, ਪ੍ਰੋ. ਗੁਲਾਬ ਸਿੰਘ ਗਰੇਵਾਲ, ਮਨੋਹਰ ਸਿੰਘ ਪਰਮਾਰ, ਪ੍ਰੋ. ਜਗਮੋਹਨ ਸਿੰਘ ਵਰਗੇ ਬਹੁਤ ਸਾਰੇ ਵਿਦਿਆਰਥੀ ਅਧਿਆਪਨ ਕਾਰਜ ਵਿੱਚ ਸ਼ਾਮਲ ਹੋਏ।

ਭਾ ਜੀ ਦਾ ਕਾਲਜ ਦੇ ਛੋਟੇ ਕਰਮਚਾਰੀਆਂ ਨਾਲ ਬਹੁਤ ਪਿਆਰ ਸੀ। ਕਾਲਜ ਵਿੱਚ ਅਧਿਆਪਕਾਂ ਲਈ ਬਹੁਤ ਚੰਗੇ ਘਰ ਬਣੇ ਹੋਏ ਸਨ ਪਰ ਦਰਜਾ ਚਾਰ ਕਰਨਚਾਰੀਆਂ ਲਈ ਟੀਨ ਦੀਆਂ ਚਾਦਰਾਂ ਦੀਆਂ ਛੱਤਾਂ ਸਨ। ਉਹ ਮੌਸਮ ਅਨੁਸਾਰ ਬਹੁਤ ਠਰਦੀਆਂ ਤੇ ਬਹੁਤ ਤਪਦੀਆਂ ਸਨ।

ਰਿਟਾਇਰਮੈਂਟ ਤੋਂ ਬਾਅਦ ਲੰਬੇ ਸੰਘਰਸ਼ ਨਾਲ ਭਾ ਜੀ ਮਲਵਿੰਦਰਜੀਤ ਸਿੰਘ ਨੂੰ ਲਗਪਗ 65 ਹਜ਼ਾਰ ਰੁਪਏ ਦੀ ਗਰੈਚੁਟੀ ਦਾ ਚੈੱਕ ਮਿਲਿਆ ਤਾਂ ਉਨ੍ਹਾਂ ਨੇ ਉਸ ਵਿੱਚ 35 ਹਜ਼ਾਰ ਹੋਰ ਪਾ ਕੇ ਇੱਕ ਲੱਖ ਰੁਪਏ ਦਾ ਡਰਾਫਟ ਟਰਸਟ ਨੂੰ ਵਾਪਸ ਭੇਜ ਕੇ ਬੇਨਤੀ ਕੀਤੀ ਕਿ ਇਸ ਰਕਮ ਨਾਲ ਦਰਜਾ ਚਾਰ ਕਰਮਚਾਰੀਆਂ ਦੇ ਕੁਝ ਕੁਆਰਟਰਾਂ ਤੇ ਟੀਨ ਦੀਆਂ ਚਾਦਰਾਂ ਦੀ ਥਾਂ ਛੱਤ ਪੱਕੀ ਕੀਤੀ ਜਾਵੇ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਉਦੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਸਦਕਾ ਕਾਲਿਜ ਚਲਾ ਰਹੇ ਨਨਕਾਣਾ ਸਾਹਿਬ ਐਜੂਕੇਸ਼ਨ ਟਰਸਟ ਦੇ ਵੀ ਚੇਅਰਮੈਨ ਸਨ।

ਟੌਹੜਾ ਸਾਹਿਬ ਨੇ ਚਿੱਠੀ ਪੜ੍ਹ ਕੇ ਪ੍ਰਬੰਧਕਾਂ ਨੂੰ ਹੁਕਮ ਦਿੱਤਾ ਕਿ ਸਾਰੇ ਦਰਜਾ ਚਾਰ ਕਰਮਚਾਰੀਆਂ ਦੀਆਂ ਛੱਤਾਂ ਉੱਪਰ ਲੈਂਟਰ ਪਵਾ ਦਿੱਤਾ ਜਾਵੇ।

ਇਹ ਸਨ ਸਾਡੇ ਭਾ ਜੀ।

●

# ਗਦਰੀ ਬਾਬਿਆਂ ਦਾ ਮੁਣਸ਼ੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

*ਸੀਤਾ ਰਾਮ ਬਾਂਸਲ*

*ਜਲੰਧਰ*

21 ਨਵੰਬਰ 1929 ਨੂੰ ਲੱਧੇਵਾਲਾ ਵੜੈਚ, ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿੱਚ ਮਾਤਾ ਬਾਲ ਕੌਰ ਅਤੇ ਸੂਬੇਦਾਰ ਮੇਜਰ ਭਾਗ ਸਿੰਘ ਦੇ ਘਰ ਮਲਵਿੰਦਰ ਜੀਤ ਸਿੰਘ ਵੜੈਚ ਦਾ ਜਨਮ ਹੋਇਆ। ਪ੍ਰੋ ਵੜੈਚ ਕਰਨਲ ਹਰਬੰਸ ਸਿੰਘ ਅਤੇ ਹਰਬੰਸ ਕੌਰ ਦੇ ਛੋਟੇ ਭਰਾ ਅਤੇ ਲੈਫ਼ਟੀਨੈਂਟ ਕਰਨਲ ਗੁਰਦਰਸ਼ਨਪਾਲ ਸਿੰਘ ਦੇ ਵੱਡੇ ਭਰਾ ਸਨ।

9 ਮਈ 2026 ਨੂੰ ਸਵੇਰੇ ਲਗਪਗ ਸਾਢੇ ਸੱਤ ਵਜੇ ਉਹ ਸਕੇਤੜੀ ਵਿੱਚ ਆਪਣਾ ਸੰਸਾਰਕ ਸਫ਼ਰ ਪੂਰਾ ਕਰ ਗਏ। ਉਸ ਵੇਲੇ ਉਹਨਾਂ ਦੀ ਉਮਰ 96 ਸਾਲ 5 ਮਹੀਨੇ ਅਤੇ 27 ਦਿਨ ਸੀ।

ਉਹਨਾਂ ਦੀਆਂ ਯਾਦਾਂ, ਉਹਨਾਂ ਦਾ ਇਕੱਠਾ ਕੀਤਾ ਖੋਜ-ਖ਼ਜ਼ਾਨਾ ਅਤੇ ਉਹਨਾਂ ਦੀ ਦਿੱਤੀ ਪ੍ਰੇਰਣਾ ਹਮੇਸ਼ਾਂ ਜਿਊਂਦੀ ਰਹੇਗੀ। ਜਿਵੇਂ ਉਹ ਖੁਦ ਕਹਿੰਦੇ ਸਨ: "ਚੜਦੀ ਕਲਾ ਚੜਦੀ ਕਲਾ ਜ਼ਿੰਦਗੀ ਜ਼ਿੰਦਾਬਾਦ:

ਬੱਬਰ ਅਕਾਲੀ ਮਿਲਖਾ ਸਿੰਘ ਨਿੱਝਰ ਦੀ ਕਿਤਾਬ ਵਿੱਚ ਲਿਖੇ ਸਾਧੂ ਸਿੰਘ ਮਾਣਕਢੇਰੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਦੋਂ ਮੈਂ ਉਨ੍ਹਾਂ ਦੇ ਪਿੰਡ ਗਿਆ ਤਾਂ ਉਥੋਂ ਆ ਕੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਮਿਲਿਆ। ਬਾਬਾ ਜੀ ਨੇ ਮੇਰੀਆਂ ਗੱਲਾਂ ਸੁਣ ਕੇ ਮੈਨੂੰ ਕਾਮਰੇਡ ਚੈਨ ਸਿੰਘ ਚੈਨ ਜੀ ਨੂੰ ਮਿਲਣ ਲਈ ਕਿਹਾ। ਕਾਮਰੇਡ ਚੈਨ ਸਿੰਘ ਚੈਨ ਜੀ ਬੜੇ ਠਰੰਮੇ ਵਾਲੇ ਇਨਸਾਨ ਸਨ। ਉਹਨਾਂ ਨੇ ਮੈਨੂੰ ਗਿਆਨੀ ਹਰਭਜਨ ਸਿੰਘ ਚਮਿੰਡਾ (ਲੁਧਿਆਣਾ) ਜੀ ਦੀ ਲਿਖੀ ਕਿਤਾਬ "ਲਹੂ ਭਿੰਨੀਆਂ ਯਾਦਾਂ" ਪੜ੍ਹਨ ਲਈ ਦਿੱਤੀ ਅਤੇ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਜੀ ਦਾ ਐਡਰੈਸ ਦੇ ਕੇ ਕਿਹਾ ਕਿ ਕਿਤਾਬ ਪੜ੍ਹ ਕੇ ਇਸ ਪਤੇ 'ਤੇ ਚਿੱਠੀ ਲਿਖੀਂ। ਮੈਂ ਕਿਤਾਬ ਵਿੱਚੋਂ ਦੋ ਸਤਰਾਂ ਨੋਟ ਕਰਕੇ ਉਹਦੇ ਬਾਰੇ ਉਹਨਾਂ ਨੂੰ ਚਿੱਠੀ ਲਿਖੀ ਅਤੇ ਉਸ ਚਿੱਠੀ ਦਾ ਜਵਾਬ ਆਇਆ ਕਿ ਭਾਈ ਸਾਹਬ ਤੁਸੀਂ ਸਾਕੇਤੜੀ ਸਾਡੇ ਘਰ ਆਇਓ। ਉਨ੍ਹਾਂ ਨੂੰ ਮਿਲਣ ਗਿਆ, ਮੈਂ ਭਗਤ ਸਿੰਘ ਅਤੇ ਸਾਥੀਆਂ ਬਾਰੇ ਜਾਨਣ ਲਈ ਕਈ ਸਵਾਲ ਕੀਤੇ। ਪ੍ਰੋਫ਼ੈਸਰ ਸਾਹਿਬ ਨੇ ਮੈਨੂੰ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦੀ ਲਿਖੀ ਕਿਤਾਬ "ਯਸ਼ ਕੀ ਧਰੋਹਰ" ਪੜ੍ਹਨ ਨੂੰ ਦਿੱਤੀ ਅਤੇ ਇਸਦਾ ਪੰਜਾਬੀ ਅਨੁਵਾਦ ਕਰਨ ਲਈ ਪ੍ਰੇਰਿਆ।

ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ,

ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਬਾਬਾ ਗੁੱਜਰ ਸਿੰਘ ਭਕਨਾ, ਨੇਵੀ ਬਗਾਵਤ ਦੇ ਮਦਨ ਸਿੰਘ, ਬਾਬਾ ਸੱਜਣ ਸਿੰਘ ਨਾਰੰਗਵਾਲ, ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਚੈਨ ਸਿੰਘ ਚੈਨ, ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ, ਗਿਆਨੀ ਹਰਿਭਜਨ ਸਿੰਘ ਚਮਿੰਡਾ, ਬਾਬਾ ਬਘੇਲ ਸਿੰਘ, ਬਾਬਾ ਕਿਰਪਾ ਸਿੰਘ ਲੰਗਮਜਾਰੀ, ਬਾਬਾ ਲਾਲ ਸਿੰਘ ਨਾਰੰਗਵਾਲ, ਬਾਬਾ ਗੋਪਾਲ ਸਿੰਘ ਸੋਹੀ, ਬਾਬਾ ਪਿਆਰਾ ਸਿੰਘ ਲੰਗੇਰੀ, ਬਾਬਾ ਹਜ਼ਾਰਾ ਸਿੰਘ ਦਦੇਹਰ, ਬਾਬਾ ਮੁਣਸ਼ਾ ਸਿੰਘ ਦੁਖੀ, ਬਾਬਾ ਸੁੰਦਰ ਸਿੰਘ ਘਾਲੀ, ਬਾਬਾ ਕਰਮ ਸਿੰਘ ਚੀਮਾ, ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਸ਼ਿਵ ਵਰਮਾ ਅਤੇ ਦੁਰਗਾ ਭਾਬੀ, ਸ਼ਹੀਦ ਜਤਿਨ ਨਾਥ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ।

ਪ੍ਰੋਫ਼ੈਸਰ ਵੜੈਚ ਨੇ ਆਪਣੀਆਂ ਯਾਦਾਂ ਵਿੱਚ ਲਿਖਿਆ ਕਿ ਗ਼ਦਰੀ ਬਾਬਾ ਹਰਭਜਨ ਸਿੰਘ ਚਮਿੰਡਾ ਨੇ ਮੇਰੇ ਗੋਡੀਂ ਹੱਥ ਲਾ ਕੇ ਕਿਹਾ ਸੀ ਕਿ ਤੁਸੀਂ ਬਹੁਤ ਅੱਛਾ ਕੰਮ ਕਰ ਰਹੇ ਹੋ।

ਪ੍ਰੋਫ਼ੈਸਰ ਵੜੈਚ ਨੇ ਕੁਝ ਸਮਾਂ ਫੌਜ ਵਿੱਚ ਡਿਊਟੀ ਕੀਤੀ ਹੋਣ ਕਰਕੇ ਪੇਪਰਾਂ ਨੂੰ ਸੰਭਾਲ਼ ਕੇ ਰੱਖਣ ਦੀ ਆਦਤ ਨੂੰ ਉਹ ਫੌਜ ਦੀ ਨੌਕਰੀ ਦਾ ਵਰਦਾਨ ਮੰਨਦੇ ਸਨ।

30 ਨਵੰਬਰ 1989 ਨੂੰ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਣੇਵੇਂ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ।

ਮਾਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ 'ਤੇ ਨਾਮਧਾਰੀ ਸੰਗਤ ਚੰਡੀਗੜ੍ਹ ਵਲੋਂ ਇਸ ਮਹੀਨੇ ਤੀਕ ਹਰ ਮਹੀਨੇ ਪ੍ਰੋ. ਵੜੈਚ ਨੂੰ ਫ਼ਲ਼ਾਂ ਦੀ ਟੋਕਰੀ ਘਰ ਜਾ ਕੇ ਭੇਟ ਕਰਦੇ ਰਹੇ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜ਼ਿਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ। ਗ਼ਦਰ ਲਹਿਰ ਨੂੰ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਵਿਚ ਚਦਰ ਲਹਿਰ ਲਿਖਿਆ ਹੋਇਆ ਸੀ ਜਿਸ ਬਾਰੇ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ। ਫਿਰ ਇਸ ਵਿਚ ਵੀ ਸੋਧ ਅਦਾਲਤ ਵਿੱਚ ਕੇਸ ਕਰਕੇ ਕਰਵਾਈ ਸੀ।

ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ ਦੀ ਨਿਲਾਮ ਕੀਤੀ ਜ਼ਮੀਨ ਦੇ ਮੁਆਵਜ਼ੇ ਲਈ ਸਰਕਾਰੀ ਤੰਤਰ ਵਲੋਂ ਨਾਂਹਪੱਖੀ ਰਵੱਈਆ ਅਪਣਾਉਣ ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਰਾਹੀਂ ਨਾਂ ਸਿਰਫ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ ਦੇ ਪੋਤਰਿਆਂ ਨੂੰ 35 ਲੱਖ ਰੁਪਏ ਮੁਆਵਜ਼ਾ ਦੁਆਇਆ ਸਗੋਂ ਆਪਣੀਆਂ

ਦਲੀਲਾਂ ਨਾਲ ਜੱਜਾਂ ਨੂੰ ਐਨਾ ਕਾਇਲ ਕੀਤਾ ਕਿ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੀ ਕਿਸੇ ਵੀ ਲਹਿਰ ਦੇ ਦੇਸ਼ ਭਗਤ ਦੀ ਜ਼ਬਤ/ ਨਿਲਾਮ ਹੋਈ ਜ਼ਮੀਨ ਵਾਰਸਾਂ ਨੂੰ ਮੋੜਨ ਜਾਂ ਮੌਜੂਦਾ ਭਾਅ ਬਰਾਬਰ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਸੀ।

ਖੋਜ ਕਾਰਜਾਂ/ ਕਿਤਾਬਾਂ ਲਿਖਣ, ਸੰਪਾਦਨ ਅਤੇ ਅਨੁਵਾਦ ਕਾਰਜਾਂ ਵਿਚ ਪ੍ਰੋ. ਵੜੈਚ ਦੇ ਸਹਿਯੋਗੀ ਹਨ ਪ੍ਰੋ. ਕੁਲਦੀਪ ਪੁਰੀ, ਸ. ਹਰਿੰਦਰ ਸਿੰਘ, ਹਰੀਸ਼ ਜੈਨ, ਰਮੇਸ਼ ਕੁਮਾਰ, ਸੁਦਰਸ਼ਨ ਕੁਮਾਰ, ਡਾ ਗੁਰਦੇਵ ਸਿੰਘ ਸਿੱਧੂ,ਸੀਤਾ ਰਾਮ ਬਾਂਸਲ, ਬਲਵਿੰਦਰ ਕੌਰ ਬਾਂਸਲ, ਰਾਜਵੰਤੀ ਮਾਨ, ਅਮੋਲਕ ਸਿੰਘ, ਬਲਬੀਰ ਚੰਦ ਲੌਂਗੋਵਾਲ, ਸੰਗਰਾਮ ਸਿੰਘ, ਐਡਵੋਕੇਟ ਸਰਬਜੀਤ ਸਿੰਘ ਵਿਰਕ, ਮਾਧਵੀ ਕਟਾਰੀਆ, ਹਰਦੀਪ ਸਿੰਘ ਧਾਲੀਵਾਲ, ਡਾ. ਪ੍ਰਿਯਾ ਸੂਫ਼ੀ ਅਤੇ ਗੁਰਲਾਲ ਸਿੰਘ ਬਰਾੜ ਹਨ।

ਸੁਖਨਾ ਝੀਲ ਕਿਨਾਰੇ ਜੌਗਿੰਗ ਕਰਨ ਅਤੇ ਸੈਰ ਕਰਨ ਵਾਲਿਆਂ ਵਿੱਚ ਉਹ ਇੱਕ ਜ਼ਿੰਦਾਦਿਲ ਇਨਸਾਨ ਵਜੋਂ ਜਾਣੇ ਜਾਂਦੇ ਸਨ। ਸੈਰ ਕਰਨ ਦੇ ਸ਼ੌਕੀਨ ਕਈ ਪੁਲਿਸ ਅਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀ ਜਿਨ੍ਹਾਂ ਨਾਲ਼ ਗੰਨਮੈਨ ਹੁੰਦੇ ਸਨ ਉਹ ਸਤਿਕਾਰ ਵਜੋਂ ਲੇਕ ਤੇ ਸੈਰ ਕਰਦਿਆਂ ਵੜੈਚ ਸਾਹਿਬ ਦੇ ਰੋਜ਼ਾਨਾ ਗੋਡੀਂ ਹੱਥ ਲਾ ਜਾਂਦੇ ਸਨ।

ਉਹ ਅਕਸਰ ਕਹਿੰਦੇ ਸਨ ਕਿ ਸਾਨੂੰ ਇਨਸਾਨੀ ਦੇਹ ਦੀ ਸਾਂਭ ਸੰਭਾਲ਼ ਕਰਨੀ ਚਾਹੀਦੀ ਹੈ।

ਭਗਤ ਕਬੀਰ ਜੀ ਦੇ ਇਸ ਸ਼ਬਦ ਨੂੰ ਉਹ ਵਜ਼ਦ ਵਿੱਚ ਆ ਕੇ ਗਾਇਆ ਕਰਦੇ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

ਜਾਤਪਾਤ ਦੇ ਕੋਹੜ ਨੂੰ ਉਹ ਭਾਰਤੀ ਸਮਾਜ ਨੂੰ ਲੱਗਾ ਘੁਣ ਸਮਝਦੇ ਸਨ ਅਤੇ ਉਹ ਭਗਤ ਸਿੰਘ ਦਾ ਲੇਖ ਅਛੂਤ ਦਾ ਸਵਾਲ ਸਾਰਿਆਂ ਨੂੰ ਪੜ੍ਹਨ ਲਈ ਦਿੰਦੇ ਸਨ। ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲ਼ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਦਲਿਤਾਂ ਅਤੇ ਦੱਬੇ ਕੁਚਲ਼ੇ ਲੋਕਾਂ ਨੂੰ ਹੱਕ ਲੈ ਕੇ ਦੇਣ ਨੂੰ ਉਹ ਇਨਕਲਾਬੀ ਕਦਮ ਮੰਨਦੇ ਸਨ।

2013 ਵਿਚ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਈ ਗਈ। ਕੁਝ ਲੇਖਕਾਂ ਨੇ ਗ਼ਦਰੀ ਬਾਬੇ ਕੌਣ ਸਨ 'ਤੇ ਆਪਣੇ ਵਿਚਾਰ ਪੇਸ਼ ਕਰਨੇ ਸ਼ੁਰੂ ਕਰ ਦਿੱਤੇ। ਮੈਂ ਵੜੈਚ ਸਾਹਿਬ ਨਾਲ ਜਦੋਂ ਇਸ ਬਾਰੇ ਗੱਲ ਕੀਤੀ ਤਾਂ ਜਵਾਬ ਸੀ -- ਗ਼ਦਰੀ ਬਾਬਿਆਂ ਦੇ ਮੁਕੱਦਮਿਆਂ ਦੇ ਫ਼ੈਸਲੇ ਵਿਚ ਜੱਜਾਂ ਨੇ ਗ਼ਦਰੀਆਂ ਨੂੰ ਇਨਕਲਾਬੀ ਲਿਖਿਆ ਹੈ, ਨਾ ਟੈਰੋਰਿਸਟ ਲਿਖਿਆ ਤੇ ਨਾਂ ਅਨਾਰਕਿਸਟ। ਹਾਲਾਂਕਿ ਮੁਕੱਦਮੇ ਦੌਰਾਨ ਜੱਜਾਂ ਸਾਹਮਣੇ ਸੈਂਕੜੇ ਸਬੂਤ ਸਨ ਜਿਨ੍ਹਾਂ ਤੋਂ ਸਿੱਧ ਹੋ ਗਿਆ ਸੀ ਕਿ ਗ਼ਦਰੀ ਹਥਿਆਰਬੰਦ ਸੰਘਰਸ਼ ਕਰਕੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣਾ ਚਾਹੁੰਦੇ ਸਨ, ਉਹ ਫ਼ਰੰਗੀਆਂ ਨੂੰ ਮਾਰਨ ਦਾ ਇਰਾਦਾ ਰੱਖਦੇ ਸਨ। ਉਨ੍ਹਾਂ ਨੇ ਹਥਿਆਰ ਇਕੱਠੇ ਕੀਤੇ ਅਤੇ ਛਾਉਣੀਆਂ ਵਿਚ ਸੰਪਰਕ ਬਣਾ ਕੇ ਫੌਜੀਆਂ ਨੂੰ ਬਗ਼ਾਵਤ ਲਈ ਤਿਆਰ ਕਰ ਲਿਆ ਸੀ। ਇਸਦੇ ਬਾਵਜੂਦ ਵੀ ਅੰਗਰੇਜ ਜੱਜਾਂ ਨੇ ਗ਼ਦਰੀਆਂ ਨੂੰ ਮੁਕੱਦਮੇ ਵਿਚ ਰੈਵੋਲਿਊਸ਼ਨਿਸਟ (ਇਨਕਲਾਬੀ) ਲਿਖਿਆ ਹੈ।

ਅਖੀਰ 'ਚ ਬੋਲੇ -ਅਸੀਂ ਕੌਣ ਹੁੰਨੇ ਆਂ ਗ਼ਦਰੀਆਂ ਨੂੰ ਕੁਝ ਬਣਾਉਣ ਵਾਲੇ। ਗ਼ਦਰੀ ਬਾਬੇ ਗ਼ਦਰੀ ਬਾਬੇ ਸਨ, ਉਨ੍ਹਾਂ ਨੂੰ ਗ਼ਦਰੀ ਬਾਬੇ ਹੀ ਕਿਹਾ ਜਾਣਾ ਠੀਕ ਹੈ।

ਗੱਲਾਂ ਕਰਦਿਆਂ ਵਿਚ-ਵਿਚ ਹਾਸੇ ਵਾਲੀਆਂ ਗੱਲਾਂ ਸੁਣਾ ਕੇ ਖਿੜਖਿੜਾ ਕੇ ਹੱਸਦੇ ਸਨ ਤੇ ਜਦੋਂ ਗੰਭੀਰ ਗੱਲ ਕਰਦੇ ਤਾਂ ਬਹੁਤ ਗੰਭੀਰਤਾ ਨਾਲ ਬੋਲਦੇ ਤੇ ਅਗਲੇ ਦੀ ਗੱਲ ਵੀ ਧਿਆਨ ਨਾਲ ਸੁਣਦੇ।

ਉਹ ਧਾਰਮਿਕ ਅਡੰਬਰਾਂ ਨੂੰ ਨਹੀਂ ਮੰਨਦੇ ਸੀ ਪਰ ਹਰ ਧਰਮ ਦੇ ਚੰਗੇ ਉਪਦੇਸ਼ ਨੂੰ ਉਹਨਾਂ ਨੇ ਆਪਣੇ ਜੀਵਨ ਵਿੱਚ ਢਾਲਿਆ ਹੋਇਆ ਸੀ। ਉਹਨਾਂ ਨੂੰ ਜੇ ਲੱਗਦਾ ਸੀ ਕਿ ਕਿਸੇ ਨੇ ਉਹਨਾਂ ਦੇ ਨਾਲ ਉਲਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਉਹ ਉਹਦੇ ਨਾਲ ਸਿੱਧੀ ਟੱਕਰ ਮਾਰਨ ਦੀ ਬਜਾਏ ਉਹਦੇ ਤੋਂ ਕਿਨਾਰਾ ਕਰ ਲੈਂਦੇ ਸੀ।

2020-21 ਦੇ ਕਿਸਾਨ ਅੰਦੋਲਨ ਦੌਰਾਨ ਸਿੰਘੂ ਬਾਰਡਰ 'ਤੇ ਨੌਜਵਾਨਾਂ ਵੱਲੋਂ ਇੱਕ ਆਰਜ਼ੀ ਲਾਇਬ੍ਰੇਰੀ ਬਣਾਈ ਗਈ ਸੀ। ਇਹ ਸਿਰਫ਼ ਕਿਤਾਬਾਂ ਰੱਖਣ ਦੀ ਥਾਂ ਨਹੀਂ ਸੀ, ਸਗੋਂ ਗਿਆਨ ਅਤੇ ਚੇਤਨਾ ਦਾ ਕੇਂਦਰ ਸੀ। ਸੰਘਰਸ਼ ਵਿੱਚ ਸ਼ਾਮਲ ਕਿਸਾਨਾਂ ਅਤੇ ਹੋਰ ਸਾਥੀਆਂ ਨੂੰ ਕਿਤਾਬਾਂ ਮੁਹੱਈਆ ਕਰਵਾਉਂਦੇ ਸਨ। ਮੈਂ ਆਪਣੇ ਪਰਿਵਾਰ ਸਮੇਤ ਸਿੰਘੂ ਬਾਰਡਰ ਤੇ ਲਗਪਗ ਸੱਤਰ ਹਜ਼ਾਰ ਰੁਪਏ ਦੀਆਂ ਕਿਤਾਬਾਂ ਉਸ ਲਾਇਬ੍ਰੇਰੀ ਨੂੰ ਦਿੱਤੀਆਂ। ਇਹ ਸੋਝੀ ਪ੍ਰੋ. ਵੜੈਚ ਜੀ ਦੀ ਬਖਸ਼ਿਸ਼ ਹੈ।

ਜਦੋਂ ਨੌਜਵਾਨ ਵਕੀਲ ਯੁਵਰਾਜ ਸਿੰਘ ਮੇਰੇ ਸੰਪਰਕ ਵਿੱਚ ਆਇਆ, ਤਾਂ ਉਸ ਨੇ ਬੜੀ ਸਾਦਗੀ ਨਾਲ ਪੁੱਛਿਆ, "ਮੈਂ ਕੀ ਕਰਾਂ?" ਮੈਂ ਉਸ ਦੇ ਅੰਦਰ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਪ੍ਰਤੀ ਡੂੰਘਾ ਪਿਆਰ ਦੇਖਿਆ। ਉਸ ਦੀ ਲਗਨ ਅਤੇ ਜਜ਼ਬੇ ਨੂੰ ਵੇਖ ਕੇ ਮੈਂ ਉਸ ਨੂੰ ਉਹੀ ਮੱਤ ਦਿੱਤੀ ਜੋ ਮੈਨੂੰ ਪ੍ਰੋ. ਵੜੈਚ ਜੀ ਤੋਂ ਮਿਲੀ ਸੀ। ਯੁਵਰਾਜ ਸਿੰਘ ਨੇ ਇਸ ਸਲਾਹ ਨੂੰ ਸਿਰਫ਼ ਸੁਣਿਆ ਹੀ ਨਹੀਂ, ਸਗੋਂ ਉਸ ਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ। ਹੁਣ ਤੱਕ ਉਹ ਤੀਹ ਹਜ਼ਾਰ ਤੋਂ ਵੱਧ ਕਿਤਾਬਾਂ ਇਨਕਲਾਬੀ ਦੇਸ਼ ਭਗਤਾਂ ਦੇ ਜੀਵਨ, ਉਹਨਾਂ ਦੇ ਸੰਘਰਸ਼ ਬਾਰੇ ਛਾਪ ਕੇ ਲੋਕਾਂ ਵਿੱਚ ਮੁਫ਼ਤ ਵੰਡ ਚੁੱਕਿਆ ਹੈ। ਯੁਵਰਾਜ ਸਿੰਘ ਦੇ ਇਸ ਕੰਮ ਬਾਰੇ ਜਾਣ ਕੇ ਪ੍ਰੋ. ਵੜੈਚ ਨੇ ਸਕੂਨ ਮਹਿਸੂਸ ਕੀਤਾ ਸੀ।

23 ਮਾਰਚ 2003 ਨੂੰ ਦੇਸ਼ ਦੇ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਜੀ ਨੇ ਖਟਕੜ ਕਲਾਂ ਪਿੰਡ ਸਥਿਤ ਮਿਊਜ਼ੀਅਮ ਦੇਖਣ ਦੀ ਇੱਛਾ ਜ਼ਾਹਰ ਕੀਤੀ। ਜਦੋਂ ਮੈਂ ਆਪਣੇ ਮਿੱਤਰ ਅਤੇ ਮਿਊਜ਼ੀਅਮ ਇੰਚਾਰਜ ਜੋਧ ਸਿੰਘ ਨੈਣਵਾਂ ਨਾਲ ਇਸ ਸਬੰਧੀ ਗੱਲ ਕੀਤੀ ਤਾਂ ਅਸੀਂ ਦੇਖਿਆ ਕਿ ਮਿਊਜ਼ੀਅਮ ਵਿੱਚ ਲੱਗੀਆਂ ਬਹੁਤ ਸਾਰੀਆਂ ਤਸਵੀਰਾਂ ਮੌਸਮ ਦੇ ਮੰਦੇ ਅਸਰ ਨਾਲ ਫਿੱਕੀਆਂ ਪੈ ਚੁੱਕੀਆਂ ਸਨ। ਪੈਨਲਾਂ ਦੇ ਕੱਪੜੇ ਅਤੇ ਆਲੇ-ਦੁਆਲੇ ਲੱਗੀ ਐਲਮੀਨੀਅਮ ਬੀਡਿੰਗ ਵੀ ਬਦਲਣ ਦੀ ਲੋੜ ਸੀ। ਜਦੋਂ ਮੈਂ ਇਸ ਬਾਰੇ ਪ੍ਰੋ. ਵੜੈਚ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਹੌਸਲਾ ਦਿੰਦਿਆਂ ਕਿਹਾ: ਬੇਟਾ ਜੀ ਜੇ ਤੁਸੀਂ ਕਰ ਸਕਦੇ ਹੋ ਤਾਂ ਕਰ ਲਓ ਹਿੰਮਤ। ਜਿੰਨਾ ਇਸ 'ਤੇ ਜਿੰਨਾ ਖਰਚਾ ਹੋਊਗਾ, ਉਹ ਸਾਰਾ ਤੁਸੀਂ ਆਪਣੇ ਬਾਪੂ ਦੇ ਖਜ਼ਾਨੇ ਵਿੱਚੋਂ ਲੈ ਜਾਣਾ। ਪੈਸਿਆਂ ਦੀ ਕੋਈ ਪ੍ਰਵਾਹ ਨਹੀਂ ਕਰਨੀ।"

ਇਸ ਤੋਂ ਬਾਅਦ ਅਸੀਂ ਜਲੰਧਰ ਤੋਂ ਕੈਪਸ਼ਨ ਤਿਆਰ ਕਰਵਾਏ, ਅੰਮ੍ਰਿਤਸਰ ਤੋਂ ਫੋਟੋਆਂ ਬਣਵਾਈਆਂ ਅਤੇ ਕਪੂਰਥਲੇ ਤੋਂ ਉਹਨਾਂ ਨੂੰ ਲੈਮੀਨੇਟ ਕਰਵਾ ਕੇ ਲਿਆਂਦਾ। ਕਪੂਰਥਲਾ ਤੋਂ ਪੈਨਲਾਂ ਲਈ ਕੱਪੜਾ ਖ਼ਰੀਦਿਆ। ਇੱਕ ਸਥਾਨਕ ਮਿਸਤਰੀ ਦੀ ਮਦਦ ਨਾਲ ਅਸੀਂ ਖਟਕੜ ਕਲਾਂ ਮਿਊਜ਼ੀਅਮ ਵਿੱਚ ਲਗਾਤਾਰ ਤਿੰਨ ਦਿਨ ਤੱਕ ਕੰਮ ਕੀਤਾ। ਮਿਊਜ਼ੀਅਮ ਦੀ ਮੁਰੰਮਤ ਕੀਤੀ ਅਤੇ ਲਗਪਗ ਪੰਜਾਹ ਨਵੀਆਂ ਤਸਵੀਰਾਂ ਵੀ ਸ਼ਾਮਲ ਕੀਤੀਆਂ।

ਇਸ ਕੰਮ ਤੋਂ ਬਾਅਦ ਮੈਂ ਪਰਿਵਾਰ ਸਮੇਤ ਸਾਕੇਤੜੀ ਮਿਲਣ ਗਿਆ। ਉਹ ਖਟਕੜ ਕਲਾਂ ਵਿੱਚ ਹੋਏ ਨਵੀਨੀਕਰਨ ਦੇ ਕੰਮ ਤੋਂ ਖੁਸ਼ ਸਨ ਕਿ ਸਾਨੂੰ ਇੱਕ ਵਾਟਰ ਪਾਰਕ ਵਿੱਚ ਭੇਜਿਆ, ਬੱਚਿਆਂ ਦੀ ਸੰਤੁਸ਼ਟੀ ਤੋਂ ਬਾਅਦ ਵਾਪਸ ਲਿਆਉਣ ਦਾ ਆਦੇਸ਼ ਦਿੱਤਾ। ਸ਼ਾਮ ਨੂੰ ਪ੍ਰੋ ਵੜੈਚ ਨੇ ਸਾਨੂੰ ਬੀਜੀ ਰਾਜਿੰਦਰ ਕੌਰ ਵੜੈਚ ਨਾਲ ਇੱਕ ਥੀਏਟਰ ਵਿੱਚ ਫ਼ਿਲਮ ਦੇਖਣ ਲਈ ਭੇਜਿਆ। ਮੁਸਕਰਾਉਂਦੇ ਹੋਏ ਕਿਹਾ- ਭਗਤ ਸਿੰਘ ਅਤੇ ਉਸਦੇ ਸਾਥੀ ਵੀ ਥੀਏਟਰ ਵਿੱਚ ਫਿਲਮਾਂ ਦੇਖਣ ਦੇ ਸ਼ੌਕੀਨ ਸਨ, ਇਸ ਲਈ ਸਾਨੂੰ ਵੀ ਜ਼ਿੰਦਗੀ ਦਾ ਆਨੰਦ ਮਾਣਨਾ ਚਾਹੀਦਾ ਹੈ। ਤੁਸੀਂ ਵਧੀਆ ਕੰਮ ਕੀਤਾ ਅਤੇ ਥੱਕੇ ਹੋਵੋਗੇ, ਹੁਣ ਕੁਝ ਦਿਨ ਆਰਾਮ ਕਰੋ ਅਤੇ ਆਪਣੀ ਜ਼ਿੰਦਗੀ ਦਾ ਆਨੰਦ ਮਾਣੋ।

ਮੈਂ ਪ੍ਰਸਿੱਧ ਲੇਖਕ ਬਲਬੀਰ ਮਾਧੋਪੁਰੀ ਨੂੰ ਦਿੱਲੀ ਮਿਲਣ ਗਿਆਂ ਪਤਾ ਲੱਗਾ ਕਿ ਭਾਰਤ ਸਰਕਾਰ ਦੇ ਪ੍ਰਕਾਸ਼ਨ ਨੇ ਸ਼ਹੀਦ ਭਗਤ ਸਿੰਘ ਜੀ ਜੀਵਨੀ ਦਾ ਲੇਖਕ ਲੱਭਣ ਦੀ ਜ਼ਿੰਮੇਵਾਰੀ ਬਲਬੀਰ ਮਾਧੋਪੁਰੀ ਜੀ ਦੀ ਲਾਈ ਹੈ। ਮੈਂ ਬਲਬੀਰ ਮਾਧੋਪੁਰੀ ਨੂੰ ਇਸ ਬਾਰੇ ਪ੍ਰੋ.ਵੜੈਚ ਨਾਲ ਫ਼ੋਨ ਤੇ ਗੱਲ ਕਰਨ ਲਈ ਸੁਝਾਅ ਦਿੱਤਾ। ਇਸ ਤੋਂ ਬਾਅਦ ਪ੍ਰੋ.ਵੜੈਚ ਦੀ ਲਿਖੀ ਕਿਤਾਬ "ਇਟੈਰਨਲ ਰਿਬੈਲ ਭਗਤ ਸਿੰਘ" (ਅਮਰ ਵਿਦਰੋਹੀ ਸ਼ਹੀਦ ਭਗਤ ਸਿੰਘ) ਕਿਤਾਬ ਛਪ ਗਈ ਸੀ। ਇਸ ਕਿਤਾਬ ਦਾ ਹਿੰਦੀ ਅਤੇ ਪੰਜਾਬੀ ਅਨੁਵਾਦ ਵੀ ਛਪ ਚੁਕਾ ਹੈ।

ਰੋਜ਼ਾਨਾ ਰੇਡੀਓ 'ਤੇ ਖ਼ਬਰਾਂ ਦਾ ਬੁਲੇਟਿਨ ਸੁਣਨਾ ਪ੍ਰੋਫ਼ੈਸਰ ਵੜੈਚ ਦਾ ਪੱਕਾ ਨੇਮ ਸੀ।

ਸ਼ਹੀਦ ਸੁਖਦੇਵ ਦੀ ਜਨਮ ਤਰੀਖ਼ ਆਮ ਤੌਰ 'ਤੇ 15 ਮਈ 1907 ਪ੍ਰਚਲਿਤ ਹੈ। ਉਹਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚੋਂ ਉਸ ਸਮੇਂ ਦੀ ਗਜ਼ਟ ਰਿਕਾਰਡ ਵਿੱਚੋਂ ਲੱਭ ਕੇ ਉਸ ਦੀ ਜਾਂਚ ਕੀਤੀ। ਉਸ ਰਿਕਾਰਡ ਵਿੱਚ ਸ਼ਹੀਦ ਸੁਖਦੇਵ ਦੀ ਜਨਮ ਤਰੀਖ਼ 19 ਫ਼ਰਵਰੀ 1907 ਦਰਜ ਮਿਲੀ। ਇਹ ਜਾਣਕਾਰੀ ਮਿਲਣ ਤੋਂ ਬਾਅਦ ਪ੍ਰੋਫ਼ੈਸਰ ਵੜੈਚ ਨੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਸੋਸ਼ਲ ਮੀਡੀਆ, ਖ਼ਾਸ ਕਰਕੇ ਫੇਸਬੁੱਕ 'ਤੇ ਵੀ ਪੋਸਟਾਂ ਸਾਂਝੀਆਂ ਕੀਤੀਆਂ। ਸ਼ਹੀਦ ਸੁਖਦੇਵ ਦੇ ਨਾਨਕਾ ਪਿੰਡ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਦੇ ਰਹੇ।

ਯੁਵਕ ਕੇਂਦਰ ਜਲੰਧਰ ਸਮਾਪਤ ਕਰਨ ਤੇ ਕੁਝ ਲੋਕਾਂ ਨੇ ਉਹਨਾਂ 'ਤੇ ਬੇਬੁਨਿਆਦ ਦੋਸ਼ ਵੀ ਲਗਾਏ। ਇੱਥੋਂ ਤੱਕ ਕਿ ਉਹਨਾਂ ਨੂੰ ਸੀ.ਆਈ.ਏ. ਦਾ ਏਜੰਟ ਕਹਿ ਕੇ ਵੀ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪ੍ਰੋਫ਼ੈਸਰ ਵੜੈਚ ਨੇ ਅਜਿਹੀਆਂ ਗੱਲਾਂ ਦੀ ਪਰਵਾਹ ਕਰਨ ਦੀ ਬਜਾਏ ਆਪਣਾ ਕੰਮ ਜਾਰੀ ਰੱਖਿਆ। ਉਹਨਾਂ ਦਾ ਸਾਰਾ ਧਿਆਨ ਇਤਿਹਾਸ, ਦੇਸ਼ਭਗਤਾਂ ਅਤੇ ਲੋਕ-ਚੇਤਨਾ ਦੇ ਕੰਮ ਵੱਲ ਹੀ ਰਿਹਾ।

ਪ੍ਰੋਫ਼ੈਸਰ ਵੜੈਚ ਦਾ ਮੰਨਣਾ ਸੀ ਕਿ ਅਖ਼ਬਾਰਾਂ ਵਿੱਚ "ਸੰਪਾਦਕ ਨੂੰ ਚਿੱਠੀ" ਵਾਲਾ ਕਾਲਮ ਲੋਕ-ਜਾਗਰੂਕਤਾ ਦਾ ਵੀ ਇੱਕ ਮਹੱਤਵਪੂਰਨ ਮਾਧਿਅਮ ਹੈ। ਉਹ ਕਹਿੰਦੇ ਸਨ ਕਿ ਸਾਨੂੰ ਇਸ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ।

ਗ਼ਦਰੀ ਬਾਬਾ ਸਜਨ ਸਿੰਘ ਨਾਰੰਗਵਾਲ ਤੋਂ ਪ੍ਰੋ ਵੜੈਚ ਨੇ ਉਹਨਾਂ ਨੂੰ ਬੜੇ ਸਾਦੇ ਢੰਗ ਨਾਲ ਪੁੱਛਿਆ- "ਤੁਸੀਂ ਅੰਗਰੇਜ਼ਾਂ ਦੇ ਖਿਲਾਫ਼ ਜੰਗ ਵਿੱਚ ਕਿਉਂ ਕੁੱਦ ਪਏ ਸੀ?" ਜਵਾਬ ਸੀ: ਸਾਡੇ ਮਨ ਵਿੱਚ ਇਹ ਰੜਕ ਸੀ ਕਿ ਇਹ ਅੰਗਰੇਜ਼ ਐਡੀ ਦੂਰੋਂ ਆ ਕੇ ਸਾਡੇ 'ਤੇ ਰਾਜ ਕਿੱਦਾਂ ਕਰ ਰਹੇ ਐ? ਬਸ ਇਹੀ ਰੜਕ ਕਰਕੇ ਅਸੀਂ ਆਜ਼ਾਦੀ ਸੰਘਰਸ਼ ਵਿੱਚ ਆਏ ਅਤੇ ਉਹਨਾਂ ਦੇ ਵਿਰੁੱਧ ਲੜਾਈ ਲੜੀ।"

ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਅਤੇ ਹੋਰ ਇਨਕਲਾਬੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਵਿੱਚ ਸਰਕਾਰੀ ਗਵਾਹ ਬਣੇ ਫਨੀਂਦਰ ਨਾਥ ਘੋਸ਼ ਨੂੰ ਬੈਕੁੰਠ ਸ਼ੁਕਲਾ ਨੇ ਆਪਣੇ ਸਾਥੀ ਚੰਦਰਮਾ ਸਿੰਘ ਨਾਲ ਮਿਲ਼ ਕੇ ਬੇਤੀਆ (ਬਿਹਾਰ) ਵਿਚ ਕਤਲ ਕਰ ਦਿੱਤਾ। ਬੈਕੁੰਠ ਸ਼ੁਕਲ ਨੂੰ ਫਾਂਸੀ ਹੋ ਗਈ ਸੀ। ਬੈਕੁੰਠ ਸ਼ੁਕਲਾ ਦੀ ਪਤਨੀ ਰਾਧਿਕਾ ਦੇਵੀ ਨੂੰ ਪ੍ਰੋਫ਼ੈਸਰ ਵੜੈਚ ਮਨੀ ਆਰਡਰ ਰਾਹੀਂ ਪੈਸੇ ਭੇਜਦੇ ਰਹੇ। ਇਹ ਗੱਲ ਮੈਨੂੰ ਰਾਧਿਕਾ ਦੇਵੀ ਨੇ ਉਨ੍ਹਾਂ ਦੇ ਪਿੰਡ ਮਿਲਣ ਗਏ ਨੂੰ ਦੱਸੀ ਸੀ। ਪ੍ਰੋਫ਼ੈਸਰ ਵੜੈਚ ਚਾਹੁੰਦੇ ਸਨ ਕਿ ਦਿੱਲੀ ਦੇ ਲਾਲ ਕਿਲੇ ਵਿਚ ਦੇਸ਼ ਦੇ ਇਨਕਲਾਬੀ ਸ਼ਹੀਦਾਂ ਅਤੇ ਦੇਸ਼ਭਗਤਾਂ ਦੀ ਇੱਕ ਵਿਸ਼ਾਲ ਰਾਸ਼ਟਰੀ ਯਾਦਗਾਰ ਬਣਨੀ ਚਾਹੀਦੀ ਹੈ।

ਸਾਲ 2008 ਵਿੱਚ ਜਦੋਂ ਮੈਂ ਅਮਰੀਕਾ ਗਿਆ ਤਾਂ ਉੱਥੇ ਮੇਰੀ ਮੁਲਾਕਾਤ ਡਾ. ਤਜਿੰਦਰ ਸਿੰਘ ਸਿਬੀਆ ਨਾਲ ਹੋਈ। ਜੋ ਕਿਸੇ ਯੂਨੀਵਰਸਿਟੀ ਵਿੱਚ ਲਾਇਬ੍ਰੇਰੀਆਂ ਸਨ। ਸਿਬੀਆ ਜੀ ਨੇ ਮੈਨੂੰ ਪੰਜਾਬੀ ਅਤੇ ਉਰਦੂ ਗਦਰ ਅਖ਼ਬਾਰ ਦੇ ਚਾਰ ਸਾਲਾਂ ਦੇ ਅੰਕਾਂ ਦਾ ਅਨਮੋਲ ਸੰਗ੍ਰਹਿ ਸੌਂਪਿਆ। ਇਹ ਮੇਰੇ ਲਈ ਬੇਹੱਦ ਖੁਸ਼ੀ ਅਤੇ ਹੈਰਾਨੀ ਵਾਲੀ ਗੱਲ ਸੀ। ਮੈਂ ਤੁਰੰਤ ਉਹਨਾਂ ਦੀਆਂ ਫੋਟੋ ਸਟੇਟ ਕਾਪੀਆਂ ਕਰਵਾਈਆਂ। ਉਸ ਸਮੇਂ ਮੈਂ ਆਪਣੀ ਖੁਸ਼ੀ ਸਾਂਭ ਨਹੀਂ ਸਕਿਆ। ਅਮਰੀਕਾ ਵਿੱਚ ਦਿਨ ਸੀ ਪਰ ਭਾਰਤ ਵਿੱਚ ਰਾਤ ਦਾ ਇੱਕ ਵੱਜਿਆ ਹੋਇਆ ਸੀ। ਮੈਂ ਤੁਰੰਤ ਘਰ ਫੋਨ ਕੀਤਾ ਅਤੇ ਇਹ ਖ਼ੁਸ਼ਖ਼ਬਰੀ ਪਤਨੀ ਬਲਵਿੰਦਰ ਕੌਰ ਨਾਲ ਸਾਂਝੀ ਕੀਤੀ। ਸਵੇਰੇ ਬਲਵਿੰਦਰ ਨੇ ਜਦੋਂ ਫੋਨ ਕਰਕੇ ਪ੍ਰੋਫ਼ੈਸਰ ਵੜੈਚ ਨੂੰ ਦੱਸਿਆ ਕਿ ਗਦਰ ਅਖ਼ਬਾਰ ਦੇ ਚਾਰ ਸਾਲਾਂ ਦੇ ਅੰਕ ਮਿਲ ਗਏ ਹਨ ਅਤੇ ਉਹਨਾਂ ਦੀਆਂ ਕਾਪੀਆਂ ਭੇਜੀਆਂ ਜਾਣਗੀਆਂ, ਤਾਂ ਇਹ ਸੁਣ ਕੇ ਪ੍ਰੋਫ਼ੈਸਰ ਸਾਹਿਬ ਬਹੁਤ ਭਾਵੁਕ ਹੋ ਗਏ ਸਨ। ਉਹਨਾਂ ਨੇ ਕਿਹਾ:

"ਬੇਟਾ ਜੀ, ਮੈਂ ਤੁਹਾਨੂੰ ਥੋੜ੍ਹੀ ਦੇਰ ਬਾਅਦ ਫੋਨ ਕਰਦਾਂ।" ਲਗਪਗ ਦੋ ਘੰਟਿਆਂ ਬਾਅਦ ਬਲਵਿੰਦਰ ਨੂੰ ਜਦੋਂ ਫੋਨ ਆਇਆ ਤਾਂ ਉਹਨਾਂ ਨੇ ਕਿਹਾ: ਉਸ ਵੇਲੇ ਬੇਟਾ ਜੀ ਮੇਰਾ ਗਲ਼ਾ ਭਰ ਆਇਆ ਸੀ। ਮੈਨੂੰ ਬਹੁਤ ਖੁਸ਼ੀ ਹੋਈ ਸੀ ਇਹ ਸੁਣ ਕੇ।"

ਫਿਰ ਉਹਨਾਂ ਨੇ ਆਪਣੇ ਮਨ ਦੀ ਇੱਕ ਗੱਲ ਸਾਂਝੀ ਕੀਤੀ: ਬੇਟੀ ਮਿੰਨਾ ਅਕਸਰ ਪੁੱਛਦੀ ਹੁੰਦੀ ਸੀ ਡੈਡੀ, ਤੁਸੀਂ ਖੋਜ ਮਟੀਰੀਅਲ ਇਕੱਠਾ ਕਰ ਰਹੇ ਹੋ, ਇਸਦਾ ਅੱਗੇ ਕੀ

ਹੋਵੇਗਾ? ਮੈਨੂੰ ਵੀ ਇਹ ਫ਼ਿਕਰ ਰਹਿੰਦਾ ਸੀ। ਪਰ ਅੱਜ ਤੁਹਾਡੀ ਗੱਲ ਸੁਣ ਕੇ ਮੈਨੂੰ ਆਪਣੇ ਅਸਲੀ ਵਾਰਸ ਲੱਭ ਗਏ ਹਨ।"

ਸ਼ਹੀਦ ਭਗਤ ਸਿੰਘ ਹੁਰਾਂ ਦਾ ਪਰਿਵਾਰ ਲਾਹੌਰ ਲਾਗੇ ਰਾਵੀ ਦਰਿਆ ਦੇ ਪਾਰ ਪਿੰਡ ਖਵਾਸਰੀਆਂ ਝੁੱਗੀਆਂ ਪਿੰਡ ਵਿਚ ਰਹਿੰਦਾ ਰਿਹਾ ਸੀ। ਸੰਨ ਸੰਤਾਲੀ ਦੀ ਵੰਡ ਵਿੱਚ ਉਸ ਪਿੰਡ ਤੋਂ ਆਏ ਪਰਿਵਾਰਾਂ ਨੂੰ ਜ਼ਿਲ੍ਹਾ ਜਲੰਧਰ ਦੇ ਭੋਗਪੁਰ ਕਸਬੇ ਲਾਗੇ ਲੰਮੇ ਪਿੰਡ ਵਿੱਚ ਜ਼ਮੀਨ ਅਲਾਟ ਹੋਈ ਸੀ। ਸ਼ਹੀਦ ਭਗਤ ਸਿੰਘ ਅਤੇ ਉਸਦੇ ਮਾਤਾ, ਪਿਤਾ, ਦਾਦਾ,ਦਾਦੀ, ਚਾਚੀਆਂ ਬਾਰੇ ਪਿੰਡ ਦੇ ਲੋਕਾਂ ਦੀਆਂ ਯਾਦਾਂ ਬਾਰੇ ਜਾਨਣ ਲਈ ਪ੍ਰੋ ਵੜੈਚ ਨੇ ਵੀਡੀਓ ਅਤੇ ਆਡੀਓ ਰਿਕਾਰਡਿੰਗ ਅਤੇ ਫੋਟੋਗ੍ਰਾਫੀ ਕਰਨ ਲਈ ਫਿਲਮੀ ਲੇਖਕ ਪ੍ਰਿੰਸ ਕਮਲਜੀਤ, ਮੈਨੂੰ ਤੇ ਬਲਵਿੰਦਰ ਕੌਰ ਬਾਂਸਲ ਨੂੰ ਨਾਲ ਲਿਜਾਣ ਲਈ ਚੁਣਿਆਂ। ਅਸੀਂ 7 ਮਈ 2011 ਦਿਨ ਸ਼ਨਿੱਚਰਵਾਰ ਨੂੰ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਦੇ ਸਾਹਮਣੇ ਇਕੱਠੇ ਹੋਏ ਤੇ ਉੱਥੋਂ ਲੰਮੇ ਪਿੰਡ ਗਏ ਸੀ। ਵੜੈਚ ਸਾਹਿਬ ਨੇ ਬਜ਼ੁਰਗਾਂ ਨੂੰ ਕਈ ਸਵਾਲ ਪੁੱਛੇ ਤੇ ਫਿਰ ਸ਼ਾਮ ਨੂੰ ਅਸੀਂ ਵਾਪਸ ਆਏ ਸੀ।

ਮੰਡੀ ਰਿਆਸਤ (ਹਿਮਾਚਲ ਪ੍ਰਦੇਸ਼) ਵਿੱਚ ਗਦਰੀਆਂ ਨੇ ਉੱਥੋਂ ਦੀ ਰਾਣੀ ਨਾਲ ਸੰਪਰਕ ਕਾਇਮ ਕਰਕੇ ਬਗਾਵਤ ਦੀ ਯੋਜਨਾ ਬਣਾਈ ਸੀ। ਇਸ ਸਾਰੇ ਕੰਮ ਦੀ ਕਮਾਂਡ ਬਾਬਾ ਨਿਧਾਨ ਸਿੰਘ ਚੁੱਘਾ ਦੇ ਹੱਥ ਵਿੱਚ ਸੀ। ਬਾਅਦ ਵਿੱਚ ਇਸ ਮਾਮਲੇ ਵਿੱਚ ਕੇਸ ਚੱਲੇ ਅਤੇ ਉਹ ਗ੍ਰਿਫ਼ਤਾਰ ਵੀ ਹੋਏ। ਇਸ ਨਾਲ ਜੁੜੇ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਲੱਭਣ ਅਤੇ ਇਤਿਹਾਸ ਦੀਆਂ ਕੜੀਆਂ ਜੋੜਨ ਲਈ ਪ੍ਰੋ ਵੜੈਚ ਮੈਨੂੰ ਆਪਣੇ ਨਾਲ ਲੈ ਕੇ ਮੰਡੀ ਇਲਾਕੇ ਵਿੱਚ ਗਏ ਸਨ। ਉੱਥੇ ਉਹਨਾਂ ਦੇ ਵਿਦਿਆਰਥੀ ਗੌਤਮ ਨੇ ਸਾਡੇ ਰਹਿਣ, ਸਾਡੇ ਲਈ ਗੱਡੀ ਅਤੇ ਡਰਾਈਵਰ ਦਾ ਪ੍ਰਬੰਧ ਕੀਤਾ ਸੀ। ਉਸਨੇ ਸਾਡੀ ਹਰ ਲੋੜ ਦਾ ਧਿਆਨ ਰੱਖਿਆ।

ਪ੍ਰੋ. ਵੜੈਚ ਨੇ ਆਧੁਨਿਕ ਸੂਚਨਾ ਤਕਨੀਕ ਯੁਗ ਦੇ ਹਰ ਪਹਿਲੂ ਨੂੰ ਬਖੂਬੀ ਵਰਤਿਆ।

ਸਾਰੀਆਂ ਕਿਤਾਬਾਂ ਦੀਆਂ ਪੀਡੀਐਫ ਕਾਪੀਆਂ ਲੋਕਾਂ ਤੱਕ ਮੁਫਤ ਪਹੁੰਚਦੀਆਂ ਕੀਤੀਆਂ। ਸਾਕੇਤੜੀ ਗਏ ਤਾਂ ਸਾਨੂੰ ਉਹਨਾਂ ਨੇ ਇਨਕਲਾਬੀ ਦੇਸ਼ ਭਗਤਾਂ ਦੀਆਂ ਫੋਟੋਆਂ ਦੀ ਇੱਕ ਨੁਮਾਇਸ਼ ਦਿੱਤੀ। ਉਹਨਾਂ ਨੇ ਕਿਹਾ ਬੇਟਾ ਜੀ ਇਹ ਅਮਾਨਤ ਅਸੀਂ ਤੁਹਾਨੂੰ ਸੌਂਪ ਰਹੇ ਆਂ, ਪਹਿਲਾਂ ਇਹ ਨੁਮਾਇਸ਼ ਅਸੀਂ ਸਕੂਲਾਂ, ਕਾਲਜਾਂ ਤੇ ਮੇਲਿਆਂ ਵਿੱਚ ਲਾਉਂਦੇ ਰਹੇ ਆਂ। ਫਿਰ ਉਸ ਵਿੱਚ ਵਾਧਾ ਕਰਕੇ ਅਸੀਂ ਵੀ ਇਹ ਕੰਮ ਕਰਦੇ ਰਹੇ।

ਸਰਕਾਰੀ ਨੌਕਰੀ ਦੌਰਾਨ ਵੱਧ ਦਬਾਅ ਬਾਰੇ ਪ੍ਰੋਫ਼ੈਸਰ ਵੜੈਚ ਜੀ ਦੀ ਮੈਨੂੰ ਸਲਾਹ ਸੀ-- ਪਿਆਰ ਅਤੇ ਸਤਿਕਾਰ ਨਾਲ ਵਾਧੂ ਕੰਮਾਂ ਨੂੰ ਨਾਂਹ ਕਹਿਣਾ ਸਿੱਖੋ।"

ਇੱਕ ਵਾਰ ਮੇਰੇ ਇੱਕ ਦੋਸਤ ਦੀ ਭੈਣ ਦੇ ਵਿਆਹੁਤਾ ਜੀਵਨ ਵਿੱਚ ਕੁਝ ਗੜਬੜ ਹੋ ਗਈ। ਹਾਲਾਤ ਇੱਥੋਂ ਤੱਕ ਪਹੁੰਚ ਗਏ ਕਿ ਉਹਨਾਂ ਨੇ ਤਲਾਕ ਲੈਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਮੈਨੂੰ ਵਕੀਲ ਲੱਭਣ ਲਈ ਕਿਹਾ,ਇਸ ਬਾਰੇ ਪ੍ਰੋਫ਼ੈਸਰ ਵੜੈਚ ਨੇ ਕਿਹਾ - ਬੇਟਾ ਜੀ, ਪਹਿਲਾਂ ਆਪਸ ਵਿੱਚ ਬੈਠ ਕੇ ਗੱਲ ਕਰੋ। ਪੰਚਾਇਤੀ ਪੱਧਰ 'ਤੇ ਸਹਿਮਤੀ ਨਾਲ ਮਸਲਾ ਨਿਬੇੜਣ ਦੀ ਕੋਸ਼ਿਸ਼ ਕਰੋ, ਇਹੀ ਸਭ ਤੋਂ ਵਧੀਆ ਤਰੀਕਾ ਹੈ।"

ਬਾਬਾ ਸੋਹਣ ਸਿੰਘ ਭਕਨਾ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਨਾਲ ਮਿਲਾਉਣ ਲਈ ਸੱਦਾ ਦਿੱਤਾ। ਜਦੋਂ ਬਾਬਾ ਭਕਨਾ ਪ੍ਰੋਫ਼ੈਸਰ ਵੜੈਚ ਦੀ ਰਿਹਾਇਸ਼ 'ਤੇ ਪਹੁੰਚੇ, ਤਾਂ ਉੱਥੇ ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ ਵੀ ਮੌਜੂਦ ਸਨ। ਪ੍ਰੋਫ਼ੈਸਰ ਵੜੈਚ ਕਹਿੰਦੇ ਸਨ ਕਿ ਉਹ ਬਹੁਤ ਹੀ ਭਾਵੁਕ ਪਲ ਸੀ। ਬੇਬੇ ਜੀ ਪਿਆਰ ਅਤੇ ਸਤਿਕਾਰ ਨਾਲ ਬਾਬਾ ਭਕਨਾ ਜੀ ਦੇ ਪੈਰ ਛੂਹਣ ਲਈ ਝੁਕੇ, ਪਰ ਉਸੇ ਵੇਲੇ ਬਾਬਾ ਭਕਨਾ ਜੀ ਬੇਬੇ ਜੀ ਦੇ ਪੈਰਾਂ ਵੱਲ ਝੁਕੇ।

ਆਖਰੀ ਦਿਨਾਂ 'ਚ ਬਾਬਾ ਭਕਨਾ ਜੀ ਬੀਮਾਰ ਹੋਏ ਤਾਂ ਉਨ੍ਹਾਂ ਨੂੰ ਸਰਕਾਰੀ ਵੀ.ਜੇ. ਹਸਪਤਾਲ ਅੰਮ੍ਰਿਤਸਰ ਵਿੱਚ ਦਾਖਲ ਕਰਾਇਆ ਗਿਆ। ਪ੍ਰੋਫ਼ੈਸਰ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਰਜਿੰਦਰ ਕੌਰ ਵੜੈਚ ਨੇ ਬਾਬਾ ਜੀ ਦੀ ਸੇਵਾ ਕੀਤੀ ਤਾਂ ਬਾਬਾ ਜੀ ਨੇ ਪ੍ਰੋਫ਼ੈਸਰ ਵੜੈਚ ਦਾ ਹੱਥ ਫੜ ਕੇ ਕਿਹਾ- ਤੁਸੀ ਮੇਰੀ ਸੇਵਾ ਬੜੇ ਪਿਆਰ ਨਾਲ਼ ਕੀਤੀ ਹੈ।

ਕਾਨੂੰਨੀ ਮਾਮਲਿਆਂ ਵਿੱਚ ਵੀ ਉਹਨਾਂ ਨੇ ਬਹੁਤ ਮਹੱਤਵਪੂਰਨ ਕੰਮ ਕੀਤਾ। ਇਨਕਲਾਬੀ ਦੇਸ਼ਭਗਤਾਂ ਨਾਲ ਜੁੜੇ ਕਈ ਮਾਮਲਿਆਂ ਵਿੱਚ ਕੇਸ ਲੜੇ ਅਤੇ ਉਹਨਾਂ ਦੇ ਕੇਸਾਂ ਲਈ ਸੰਘਰਸ਼ ਕੀਤਾ। ਸਰਕਾਰੀ ਪੱਖ ਦੇ ਵਕੀਲਾਂ ਦਾ ਸਾਹਮਣਾ ਕਰਦਿਆਂ ਇਨਕਲਾਬੀ ਦੇਸ਼ਭਗਤਾਂ ਨਾਲ ਜੁੜੇ ਕੇਸ ਜਿੱਤੇ।

ਬੇਨਾਮ ਇਨਕਲਾਬੀ ਦੇਸ਼ਭਗਤਾਂ ਦੇ ਇਤਿਹਾਸਕਾਰ ਭਾਈ ਨਾਹਰ ਸਿੰਘ ਅਤੇ ਗਿਆਨੀ ਕੇਸਰ ਸਿੰਘ ਨਵਾਲਕਾਰ ਨਾਲ ਪ੍ਰੋਫ਼ੈਸਰ ਵੜੈਚ ਜੀ ਦਾ ਬਹੁਤ ਡੂੰਘਾ ਪਿਆਰ ਅਤੇ ਸਤਿਕਾਰ ਵਾਲਾ ਰਿਸ਼ਤਾ ਸੀ ਜੋ ਡੂੰਘੀ ਦੋਸਤੀ ਵਿੱਚ ਬਦਲ ਗਿਆ ਸੀ।

ਚੰਡੀਗੜ੍ਹ ਦੇ ਸੈਕਟਰ 17 ਵਿੱਚ ਸੈਂਟਰਲ ਲਾਇਬ੍ਰੇਰੀ ਦੇ ਪਿੱਛੇ ਸਥਿਤ ਨੈਸ਼ਨਲ ਗੈਲਰੀ ਆਫ਼ ਪੋਰਟਰੇਟ ਵਿੱਚ  ਆਜ਼ਾਦੀ ਸੰਘਰਸ਼ ਨਾਲ ਜੁੜੀਆਂ ਵੱਖ-ਵੱਖ ਲਹਿਰਾਂ ਬਾਰੇ 41 ਵੱਡੇ ਪੈਨਲ ਤਿਆਰ ਕਰਨ ਵਿਚ ਪ੍ਰੋ. ਵੜੈਚ ਦਾ ਮੁਖ ਰੋਲ ਸੀ।

ਕਦੇ ਵੀ ਕਿਸੇ ਨੂੰ ਆਪਣੀਆਂ ਸਿਫਤਾਂ ਨਹੀਂ ਸਨ ਕਰਨ ਦਿੰਦੇ। ਜੇ ਕਿਸੇ ਨੇ ਉਨ੍ਹਾਂ ਦੀ ਸਿਫ਼ਤ ਕਰਨ ਲੱਗਣਾ ਤਾਂ ਉਨ੍ਹਾਂ ਕਹਿਣਾ ਛੱਡੋ ਪਰ੍ਹਾਂ। ਕਈਆਂ ਸਭਾਵਾਂ ਸੋਸਾਇਟੀਆਂ ਨੇ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸਤਿਕਾਰ ਸਹਿਤ ਠੁਕਰਾ ਦਿੰਦੇ ਸਨ। ਸਿਰਫ ਪੰਜਾਬ ਲੋਕ ਸੱਭਿਆਚਾਰ ਮੰਚ ਦੇ ਉਨ੍ਹਾਂ ਦੇ ਵਿਦਿਆਰਥੀ ਅਮੋਲਕ ਸਿੰਘ ਉਨ੍ਹਾਂ ਨੂੰ ਮਜਦੂਰ ਦਿਵਸ ਤੇ 1 ਮਈ 2015 ਨੂੰ ਪੰਜਾਬੀ ਭਵਨ ਲੁਧਿਆਣੇ ਵਿਖੇ ਇਹ ਕਹਿ ਕੇ ਸਨਮਾਨ ਲੈਣ ਲਈ ਮਨਾ ਲਿਆ ਸੀ ਕਿ ਮਜਦੂਰ, ਕਿਸਾਨ, ਕਾਰੀਗਰ, ਕਾਮੇ ਤੁਹਾਨੂੰ ਸਨਮਾਨਤ ਕਰਨਾ ਚਾਹੁੰਦੇ ਹਨ।

ਪ੍ਰੋਫ਼ੈਸਰ ਵੜੈਚ ਸਾਦੀ ਖੁਰਾਕ ਖਾਂਦੇ, ਰੋਜ਼ਾਨਾ ਸਵੇਰੇ ਸੁਖਨਾ ਲੇਕ ਦੇ ਕਿਨਾਰੇ ਬਣੀ ਟਰੇਲ ਤੇ ਪੰਜ ਕਿਲੋਮੀਟਰ ਜੌਗਿੰਗ ਕਰਦੇ ਸਨ, ਘਰ ਆ ਕੇ ਫਿਰ 30 ਮਿੰਟ ਵੱਖ ਵੱਖ ਕਸਰਤ ਕਰਦੇ ਸਨ ਤੇ ਸ਼ਾਮ ਨੂੰ ਰੋਜ਼ ਪਰਿਵਾਰ ਨਾਲ਼ ਸੁਖਨਾ ਲੇਕ ਤੇ ਪੰਜ ਕਿਲੋਮੀਟਰ ਸੈਰ ਕਰਕੇ ਆਉਂਦੇ  ਸਨ।

ਜਦੋਂ ਵੀ ਫ਼ੋਨ 'ਤੇ ਜਾਂ ਉਸ ਤਰ੍ਹਾਂ ਸਾਡੇ ਨਾਲ ਗੱਲ ਹੁੰਦੀ ਤਾਂ ਉਹ ਬੜੇ ਸਤਿਕਾਰ

ਅਤੇ ਪਿਆਰ ਨਾਲ ਕਹਿੰਦੇ ਹਾਂ ਬੇਟਾ ਜੀ, ਹਾਂਜੀ ਬੇਟਾ ਜੀ, ਜੀ ਬੇਟਾ ਜੀ, ਹਾਂ ਮੇਰੇ ਬੱਚੇ ਅਤੇ ਜਦੋਂ ਉਹਨਾਂ ਕੋਲੋਂ ਅਸੀਂ ਵਾਪਸ ਆਉਣਾ ਤਾਂ ਉਹਨਾਂ ਨੇ ਕਹਿਣਾ ਚੜ੍ਹਦੀ ਕਲਾ, ਚੜ੍ਹਦੀ ਕਲਾ, ਜ਼ਿੰਦਗੀ ਜ਼ਿੰਦਾਬਾਦ।

ਪ੍ਰੋ.ਫ਼ੈਸਰ ਸਾਹਿਬ ਨੇ ਸਾਨੂੰ ਪਿਆਰ ਨਾਲ ਕਹਿਣਾ -ਜੇ ਮੈਨੂੰ ਤੁਹਾਡੇ ਮੰਮੀ (ਬੀਜੀ ਰਜਿੰਦਰ ਕੌਰ ਵੜੈਚ) ਦਾ ਸਾਥ ਨਾ ਮਿਲਦਾ ਤਾਂ ਮੈਂ ਇੱਥੋਂ ਤੱਕ ਨਹੀਂ ਸੀ ਪਹੁੰਚਣਾ।

ਸਕੇਤੜੀ ਘਰ ਵਿੱਚ ਰਹਿੰਦਿਆਂ ਮਹਿਸੂਸ ਕੀਤਾ ਕਿ ਘਰ ਦਾ ਕੋਈ ਵੀ ਮੈਂਬਰ ਕਿਸੇ ਦੇ ਕੰਮ ਵਿੱਚ ਬਿਨਾਂ ਕੰਮ ਤੋਂ ਨਹੀਂ ਸੀ ਬੋਲਦਾ।ਕਿਸੇ ਮੁਸ਼ਕਲ ਵੇਲੇ ਜ਼ਰਾ ਨਹੀਂ ਸਨ ਘਬਰਾਉਂਦੇ। ਇਕੱਠੇ ਹੋ ਕੇ ਬੈਠ ਕੇ ਫੈਮਲੀ ਕੌਂਸਲ ਵਿੱਚ ਵਿਚਾਰ ਵਟਾਂਦਰਾ ਕਰਕੇ ਫ਼ੈਸਲੇ ਲੈਂਦੇ ਸਨ। ਮੈਨੂੰ ਹਿਦਾਇਤ ਸੀ - ਬੇਟਾ ਜੀ ਜਦੋਂ ਵੀ ਫੈਮਲੀ ਕੌਂਸਲ ਵਿੱਚ ਕੋਈ ਮਸਲਾ ਵਿਚਾਰਨਾ ਹੋਵੇ ਤਾਂ ਬੱਚਿਆਂ ਨੂੰ ਨਾਲ਼ ਜ਼ਰੂਰ ਬਿਠਾਓ ਅਤੇ ਉਨ੍ਹਾਂ ਦੀ ਸਲਾਹ ਜ਼ਰੂਰ ਲਵੋ। ਕਦੇ ਕਦੇ ਬੱਚੇ ਹੀ ਵਧੀਆ ਤੇ ਢੁਕਵੀਂ ਸਲਾਹ ਦੇ ਦਿੰਦੇ ਐ।

ਹੁਣ ਹਿੱਸੇ ਆਉਂਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਚੱਕਣ ਦਾ ਸਮਾਂ ਆ ਗਿਆ ਹੈ, ਕੋਸ਼ਿਸ਼ ਕਰਾਂਗੇ ਜ਼ਿੰਮੇਵਾਰੀ ਨੂੰ ਡਟ ਕੇ ਨਿਭਾਈਏ।

ਗੁਰਬਾਣੀ ਦੇ ਉਪਦੇਸ਼ "ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ" ਅਨੁਸਾਰ ਪੰਜ ਐਮ ਏ ਡਿਗਰੀਆਂ, ਹਿਉਮੈਨਟੀਜ ਦੇ ਪ੍ਰੋ.ਫ਼ੈਸਰ, ਸੇਵਾ ਮੁਕਤ ਹੋ ਕੇ ਕਾਨੂੰਨ ਦੀ ਡਿਗਰੀ, ਅਦਾਲਤ ਵਿੱਚ ਛੇ ਲੋਕ ਹਿੱਤ ਪਟੀਸ਼ਨਾ ਰਾਹੀਂ ਇਨਕਲਾਬੀ ਦੇਸ਼ ਭਗਤਾਂ ਦੇ ਇੱਜ਼ਤ ਮਾਣ ਲਈ ਲੰਬੀਆਂ ਕਨੂੰਨੀ ਲੜਾਈਆਂ ਲੜਕੇ ਜਿੱਤਣ ਵਾਲੇ ਜ਼ਿੰਦਾਦਿਲ ਇਨਸਾਨ ਨੇ ਆਪਣਾ ਜੀਵਨ ਸਫ਼ਲ ਕਰ ਲਿਆ ਹੈ।

●

# ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਦਾ ਗੁਆਚਿਆ ਪਿੰਡ ਲੱਧੇਵਾਲਾ ਵੜੈਚ

*ਸਾਂਵਲ ਧਾਮੀ (ਪ੍ਰੋ.)*
*ਮੁਖੀ*
*ਪੰਜਾਬੀ ਵਿਭਾਗ, ਗੌਰਮਿੰਟ ਕਾਲਿਜ*
*ਹੁਸ਼ਿਆਰਪੁਰ*

ਮੁਹਮੰਦ ਗਜ਼ਨੀ ਦੇ ਮੌਕੇ ਵੜਾਇਚ ਕਬੀਲਾ ਚਨਾਬ ਦਰਿਆ ਦੇ ਨੇੜੇ-ਤੇੜੇ ਦੇ ਲਗਪਗ ਅੱਸੀ ਪਿੰਡਾਂ ਵਿੱਚ ਆਬਾਦ ਹੋਇਆ। ਹਮਾਯੂੰ ਦੇ ਦੌਰ 'ਚ ਕੁਝ ਵੜੈਚ ਗੁਜਰਾਤ ਤੋਂ ਗੁੱਜਰਾਂਵਾਲੇ ਵੱਲ ਆ ਗਏ ਅਤੇ ਉਨ੍ਹਾਂ ਰਿਡਆਲਾ, ਮਢਿਆਲਾ, ਰਾਹਵਾਲੀ, ਘਰਜ਼ਾਖ, ਧੁੱਲੇ, ਉੱਗੂ ਚੱਕ, ਪਿਪਨਾਖਾ, ਸਾਹਨਕੇ ਤੇ ਲੱਧੇਵਾਲਾ ਆਦਿ ਇੱਕੀ ਪਿੰਡ ਵਸਾਏ।

ਗੁਜਰਾਂਵਾਲੇ ਜ਼ਿਲ੍ਹੇ 'ਚ ਤਿੰਨ ਲੱਧੇਵਾਲ਼ੇ ਸਨ। ਦੂਜਿਆਂ ਨਾਲੋਂ ਵੱਖਰੀ ਪਛਾਣ ਵਾਸਤੇ ਇਸ ਲੱਧੇਵਾਲ਼ ਨਾਲ 'ਵੜੈਚ' ਦਾ ਲਕਬ ਜੋੜ ਦਿੱਤਾ ਗਿਆ। ਸੰਤਾਲ਼ੀ ਤੱਕ ਲੱਧੇਵਾਲਾ ਵੜੈਚ 'ਚ ਸਿੱਖਾਂ ਨਾਲੋਂ ਮੁਸਲਮਾਨ ਵੜੈਚਾਂ ਦੀ ਆਬਾਦੀ ਵੱਧ ਸੀ। ਸਿੱਖ ਵੜੈਚਾਂ ਕੋਲ ਇੱਕ ਤੇ ਮੁਸਲਮਾਨਾਂ ਕੋਲ ਦੋ ਨੰਬਰਦਾਰੀਆਂ ਸਨ। ਕੁਝ ਘਰ ਖੱਤਰੀ, ਬ੍ਰਾਹਮਣਾਂ ਤੇ ਇਸਾਈਆਂ ਦੇ ਵੀ ਸਨ। 'ਪੱਤੀ ਹਿੰਦੂਆਂ' ਦੇ ਲੰਬੜਦਾਰ ਸਨ: ਮੰਗਲ ਸਿੰਘ ਦੇ ਪੁੱਤਰ ਭਾਗ ਸਿੰਘ। ਉਹ ਫੌਜ 'ਚੋਂ ਸੂਬੇਦਾਰ ਮੇਜਰ (ਆਨਰੇਰੀ ਕੈਪਟਨ) ਬਣ ਕੇ ਘਰ ਪਰਤੇ ਸਨ ਤੇ ਉਨ੍ਹਾਂ ਨੂੰ ਲੋਕ 'ਸੂਬੇਦਾਰ ਸਾਹਿਬ' ਆਖ ਬੁਲਾਉਂਦੇ ਸਨ। ਉਹ ਉੱਨੀ ਸੌ ਸੰਤਾਲ਼ੀ ਤੱਕ ਸਰਬ-ਸੰਮਤੀ ਨਾਲ ਪੰਚਾਇਤ ਦੇ ਪ੍ਰਧਾਨ ਚੁਣੇ ਜਾਂਦੇ ਰਹੇ। ਇੱਕ ਵਾਰ ਸੂਬੇਦਾਰ ਸਾਹਿਬ ਪਿੰਡ ਨਹੀਂ ਸਨ ਤਾਂ ਉਨ੍ਹਾਂ ਦੀ ਪਗੜੀ ਰੱਖ ਕੇ ਉਨ੍ਹਾਂ ਨੂੰ ਪ੍ਰਧਾਨ ਐਲਾਨਿਆ ਗਿਆ ਸੀ।

ਲੱਧੇਵਾਲਾ ਵੜੈਚ ਪਿੰਡ ਟਿੱਬੇ 'ਤੇ ਵਸਿਆ ਹੋਇਆ ਸੀ। ਇਸ ਪਿੰਡ ਵਾਂਗ, ਇੱਥੋਂ ਦੇ ਜੰਮੇ-ਜਾਏ ਮਲਵਿੰਦਰਜੀਤ ਸਿੰਘ ਵੜੈਚ ਹੋਰਾਂ ਦਾ ਦੇਸ਼ ਭਗਤਾਂ, ਖ਼ਾਸ ਕਰ ਗਦਰੀ ਬਾਬਿਆਂ ਬਾਰੇ ਕੀਤਾ ਖੋਜ ਕਾਰਜ ਵੀ ਟਿੱਬੇ ਵਾਂਗ ਦੂਰੋਂ ਦਿਸਦਾ ਏ।

ਉਨ੍ਹਾਂ ਮੈਨੂੰ ਦੱਸਿਆ ਸੀ,"ਸਾਡਾ ਘਰ ਤਕਰੀਬਨ ਪਿੰਡ ਦੇ ਵਿਚਕਾਰ ਜਿਹੇ ਸੀ। ਚੜ੍ਹਦੇ ਪਾਸੇ ਮੁਸਲਮਾਨ ਚੌਧਰੀ ਵੱਸਦੇ ਸਨ। ਚੌਧਰੀ ਅਲੀ ਮੁਹਮੰਦ ਦੇ ਪਰਿਵਾਰ ਨੂੰ ਅਸੀਂ ਆਪਣਾ ਸਕਾ ਸਮਝਦੇ ਸਾਂ। ਉਹ ਵੀ ਬਾਕੀ ਮੁਸਲਮਾਨ ਵੜੈਚਾਂ ਦੇ ਮੁਕਾਬਲੇ ਸਾਡੇ ਨਾਲ ਵੱਧ ਸਾਂਝ ਰੱਖਦਾ ਸੀ। ਲਹਿੰਦੇ ਪਾਸੇ ਮੁਸਲਮਾਨ ਜੁਲਾਹ, ਘੁਮਿਆਰ ਤੇ

ਤੇਲੀ ਆਦਿ ਕਿਰਤੀ ਲੋਕ ਵੱਸਦੇ ਸਨ। ਉਨ੍ਹਾਂ ਦੇ ਘਰ ਸਾਡੇ ਘਰ ਦੇ ਵੱਧ ਨੇੜੇ ਸਨ!"

ਵੱਸੋਂ ਦੀ ਇਸ ਵਿਉਂਤਬੰਦੀ ਅਨੁਸਾਰ ਵੜੈਚ ਸਾਹਿਬ ਦੀ ਸਾਂਝ ਤਾਂ ਭਾਵੇਂ 'ਵੱਡਿਆਂ' ਨਾਲ ਰਹੀ ਪਰ ਉਨ੍ਹਾਂ ਦੀ ਨੇੜਤਾ ਹਮੇਸ਼ਾਂ ਕਿਰਤੀਆਂ ਤੇ ਆਮ ਲੋਕਾਂ ਨਾਲ ਰਹੀ ਏ।

ਦੇਸ਼ ਦੀ ਵੰਡ ਵੇਲੇ ਉਹ ਸਤਾਰਾਂ-ਅਠਾਰਾਂ ਸਾਲ ਦੇ ਸਨ। ਉਨ੍ਹਾਂ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ। ਉਨ੍ਹਾਂ ਦੇ ਪਸੰਦੀਦਾ ਅਧਿਆਪਕ ਨਜ਼ੀਰ ਅਹਿਮਦ ਸਨ। ਮੋਟੇ ਹੋਣ ਕਰਕੇ ਸਾਰੇ ਉਹਨੂੰ 'ਮੁਣਸ਼ੀ ਡਰੰਮ' ਕਹਿੰਦੇ ਹੁੰਦੇ ਸੀ। ਇਕ ਮੁਣਸ਼ੀ ਅਬਦੁੱਲ ਰਹਿਮਾਨ ਸੀ। ਉਹ ਅਗਲੇਰੀ ਪੜ੍ਹਾਈ ਲਈ ਗੁਜਰਾਂਵਾਲਾ ਦੇ ਲਹਿੰਦੇ ਪਾਸੇ ਦੇ ਮੁਹੱਲੇ ਗੋਬਿੰਦਗੜ੍ਹ 'ਚ ਸਥਿਤ ਖ਼ਾਲਸਾ ਹਾਈ ਸਕੂਲ 'ਚ ਦਾਖ਼ਲ ਹੋਏ। ਇਸ ਸਕੂਲ 'ਚ ਬਹੁਤੇ ਵਿਦਿਆਰਥੀ ਸਿੱਖ ਸਨ। ਗੁਜਰਾਂਵਾਲੇ 'ਚ ਚੜ੍ਹਦੇ ਪਾਸੇ ਹਿੰਦੂ ਤੇ ਇਸਲਾਮੀਆਂ ਹਾਈ ਸਕੂਲ ਵੀ ਸਨ। ਦੇਸ਼ ਵੰਡ ਵੇਲੇ ਉਹ ਗੁਜਰਾਂਵਾਲਾ ਖਾਲਸਾ ਕਾਲਿਜ ਵਿੱਚ ਐੱਫ਼ ਐੱਸ.ਸੀ.ਕੇ. ਵਿਦਿਆਰਥੀ ਸਨ।

ਆਪਣੇ ਸਕੂਲ ਬਾਰੇ ਗੱਲ ਕਰਦਿਆਂ, ਉਹ ਮਸਤੀ ਜਿਹੀ 'ਚ ਬੋਲੇ ਸਨ, "ਇਸਲਾਮੀਆਂ ਸਕੂਲ 'ਚ ਸੌ ਫੀਸਦੀ ਮੁਸਲਮਾਨ ਬੱਚੇ ਪੜ੍ਹਦੇ ਸਨ। ਚੜ੍ਹਦੇ ਪਾਸੇ ਦੇ ਸਾਰੇ ਸਿੱਖ ਹਿੰਦੂ ਸਕੂਲ 'ਚ ਤੇ ਲਹਿੰਦੇ ਪਾਸੇ ਦੇ ਸਾਰੇ ਹਿੰਦੂ ਖਾਲਸਾ ਸਕੂਲ 'ਚ ਪੜ੍ਹਦੇ ਸਨ। ਖ਼ੂਬਸੂਰਤੀ ਇਹ ਸੀ ਕਿ ਸਾਡੇ ਨਾਲ ਪੜ੍ਹਦੇ ਹਿੰਦੂ ਬੱਚੇ ਅਰਦਾਸ ਤੇ ਹੋਰ ਧਾਰਮਿਕ ਰਸਮਾਂ ਅਤੇ ਹਿੰਦੂ ਸਕੂਲ 'ਚ ਪੜ੍ਹਦੇ ਸਿੱਖ ਬੱਚੇ ਹਵਨ ਤੇ ਆਰਤੀ ਵਗ਼ੈਰਾ 'ਚ ਹਿੱਸਾ ਲੈਂਦੇ ਸਨ। ਸਾਡੇ ਪਿੰਡ ਦੇ ਮੁਸਲਮਾਨ ਸਾਨੂੰ ਹਿੰਦੂ ਹੀ ਆਖਦੇ ਸਨ। ਜਮ੍ਹਾਂਬੰਦੀ 'ਚ ਸਾਡੀ ਪੱਤੀ ਨੂੰ 'ਪੱਤੀ ਹਿੰਦੂਆਂ' ਲਿਖਿਆ ਹੋਇਆ ਸੀ।" ਵੜੈਚ ਸਾਹਿਬ ਦੀ ਸੈਕੂਲਰ ਸੋਚ ਨੂੰ ਉਸਾਰਨ 'ਚ ਉਨ੍ਹਾਂ ਦੇ ਪਿੰਡ ਅਤੇ ਇਸ ਸਕੂਲ ਦੇ ਮਾਹੌਲ ਨੇ ਵੀ ਜ਼ਰੂਰ ਹਿੱਸਾ ਪਾਇਆ ਹੋਵੇਗਾ।

ਉਹ ਅਗਾਂਹ ਬੋਲੇ ਸਨ,"ਓਥੇ ਇੱਕ ਮਾਸਟਰ ਹਰੀ ਸਿੰਘ ਜੀ ਹੁੰਦੇ ਸਨ। ਉਨ੍ਹਾਂ ਦੀ ਪੁਲੀਟੀਕਲ ਬੈਕਗਰਾਊਂਡ ਸੀ ਤੇ ਉਹ ਫਰੀਡਮ ਫਾਈਟਰ ਸਨ। ਉਨ੍ਹਾਂ ਦੋ-ਢਾਈ ਸਾਲ ਕੈਦ ਵੀ ਕੱਟੀ ਹੋਈ ਸੀ। ਇਹ ਮੈਨੂੰ ਉਦੋਂ ਪਤਾ ਲੱਗਿਆ ਜਦੋਂ ਮੈਂ ਲੁਧਿਆਣੇ ਪ੍ਰੋਫ਼ੈਸਰ ਸਾਂ ਤੇ ਉਨ੍ਹਾਂ ਦਾ ਦੋਹਤਰਾ ਫਰੀਡਮ ਫਾਈਟਰ ਕੋਟੇ ’ਤੇ ਮੇਰੇ ਕੋਲ ਪੜ੍ਹਨ ਲਈ ਆਇਆ।"

ਬੇਸ਼ੱਕ ਮਾਸਟਰ ਹਰੀ ਸਿੰਘ ਹੋਰਾਂ ਦੀਆਂ ਗੱਲਾਂ ਨੇ ਉਨ੍ਹਾਂ ਨੂੰ ਸਮਾਜਕ ਸਰੋਕਾਰਾਂ ਨਾਲ ਜੁੜਨ ਲਈ ਪ੍ਰੇਰਿਆ ਹੋਵੇਗਾ।

ਵੜੈਚ ਹੋਰਾਂ ਦੇ ਦਾਦਾ ਜੀ ਪੰਜ ਭਰਾ ਸਨ। ਇਨ੍ਹਾਂ 'ਚੋਂ ਚਾਰ ਫੌਜ 'ਚ ਸਨ। ਵੱਡੇ ਭਰਾ ਦਾ ਨਾਂ ਬੂਟਾ ਸੀ। ਬਾਕੀਆਂ ਦੇ ਨਾਂ ਸਨ; ਝੰਡਾ ਸਿੰਘ, ਗੰਡਾ ਸਿੰਘ, ਚੰਦਾ ਸਿੰਘ ਤੇ ਮੰਗਲ ਸਿੰਘ। ਉਨ੍ਹਾਂ ਦੱਸਿਆ ਸੀ,"ਸਾਡੇ ਪਰਿਵਾਰ 'ਚ ਮੇਰੇ ਦਾਦਾ ਮੰਗਲ ਸਿੰਘ ਪਹਿਲੇ ਕੇਸਾਧਾਰੀ ਸਿੱਖ ਸਨ। ਫੌਜ ਦੀ ਨੌਕਰੀ ਦੌਰਾਨ ਉਨ੍ਹਾਂ ਦੀ ਲੱਤ 'ਤੇ ਜ਼ਖ਼ਮ ਹੋ ਗਿਆ ਸੀ ਤੇ ਉਨ੍ਹਾਂ ਦੀ ਜਲਦੀ ਮੌਤ ਹੋ ਗਈ ਸੀ। ਉਨ੍ਹਾਂ ਦੇ ਹੁੰਦਿਆਂ ਹੀ ਸਾਡੇ ਬਾਪੂ ਜੀ ਫੌਜ 'ਚ ਚਲੇ ਗਏ ਸਨ। ਮੇਰੇ ਵਾਂਗ ਉਨ੍ਹਾਂ ਵੀ ਚਾਰ ਜਮਾਤਾਂ ਪਿੰਡ ਦੇ ਸਕੂਲ 'ਚ ਪੜ੍ਹੀਆਂ ਸਨ।

ਇੱਕ ਸਾਲ ਸ਼ਹਿਰ ਦੇ ਸਕੂਲ 'ਚ ਅੰਗਰੇਜ਼ੀ ਵੀ ਪੜ੍ਹੀ ਸੀ। ਦੂਜੀ ਵਿਸ਼ਵ ਜੰਗ 'ਚ ਗੋਲ਼ੀ ਵੱਜਣ ਨਾਲ ਉਹ ਜ਼ਖ਼ਮੀ ਹੋ ਗਏ ਸਨ।"

ਉਨ੍ਹਾਂ ਆਪਣੇ ਬਾਪੂ ਜੀ ਬਾਰੇ ਕੁਝ ਹੋਰ ਗੱਲ ਵੀ ਦੱਸੀਆਂ ਸਨ,"ਬਾਪੂ ਜੀ ਨੂੰ ਪੜ੍ਹਾਈ ਦਾ ਬੜਾ ਸ਼ੌਂਕ ਸੀ। 'ਤਾਲੀਮ' ਸਾਡੇ ਦੇ ਖਾਨਦਾਨ ਦੀ ਖ਼ਾਸ ਪਛਾਣ ਸੀ। ਮੇਰੇ ਬਾਪੂ ਜੀ ਧਾਰਮਿਕ ਵੀ ਸਨ ਤੇ ਸੈਕੂਲਰ ਵੀ। ਰੋਜ਼ ਗੁਰਦਵਾਰੇ ਜਾ ਕੇ ਆਪ ਕੀਰਤਨ ਕਰਦੇ। ਖ਼ੁਰਾਕ ਖਾਣ ਤੇ ਕਸਰਤ ਦਾ ਵੀ ਬੜਾ ਸ਼ੌਂਕ ਸੀ। ਮੇਰਾ ਮੰਨਣਾ ਐ ਕਿ ਜਿਹੜੇ ਸਹੀ ਮਾਅਨਿਆਂ 'ਚ ਧਾਰਮਿਕ ਹੁੰਦੇ ਨੇ, ਉਹ ਕੱਟੜ ਨਹੀਂ ਹੁੰਦੇ। ਜਿਹੜੇ ਕੱਟੜ ਹੁੰਦੇ ਨੇ, ਉਨ੍ਹਾਂ ਨੂੰ ਆਪਣੇ ਧਰਮ ਦਾ ਕੁਝ ਵੀ ਪਤਾ ਨਹੀਂ ਹੁੰਦਾ। ਇਹਦੀ ਖ਼ੂਬਸੂਰਤ ਮਿਸਾਲ ਵੇਖੋ। ਚੌਦਾਂ ਅਗਸਤ ਨੂੰ ਸਾਡੇ ਪਿੰਡ ਦੇ ਮੁਸਲਮਾਨਾਂ ਨੇ ਬਾਪੂ ਜੀ ਨੂੰ ਝੰਡਾ ਝੁਲਾਉਣ ਵਾਸਤੇ ਕਿਹਾ। ਮੈਨੂੰ ਅੱਜ ਤੱਕ ਬਾਪੂ ਜੀ ਦੀ ਉਹ ਸਪੀਚ ਯਾਦ ਏ। ਆਖਣ ਲੱਗੇ: ਜਦੋਂ ਅਸੀਂ ਬਾਹਰ ਜਾਂਦੇ ਸਾਂ ਤਾਂ ਲੋਕ ਪੁੱਛਦੇ ਸਨ ਕਿ ਤੁਹਾਡਾ ਫਲੈਗ ਕਿਹੜਾ ਏ? ਉਦੋਂ ਸਾਡੇ ਕੋਲ਼ ਫਲੈਗ ਰੂਪੀ ਪੱਗ ਹੈ ਨਹੀਂ ਸੀ। ਹੁਣ ਸਾਨੂੰ ਪੱਗ ਮਿਲ਼ ਗਈ ਏ। ਇਸ ਤਰ੍ਹਾਂ ਦਾ ਮਾਹੌਲ ਸੀ ਸਾਡੇ ਪਿੰਡ ਦਾ। ਸਾਡੇ ਬਾਪੂ ਜੀ ਨੇ ਇੱਕ ਸਾਲ ਅੰਗਰੇਜ਼ੀ ਪੜ੍ਹੀ ਸੀ। ਉਹ ਡਿਕਸ਼ਨਰੀ ਦੀ ਮਦਦ ਨਾਲ ਅਖ਼ਬਾਰ ਪੜ੍ਹਦੇ ਸਨ। ਉਹ ਅਸਿਸਟੈਂਟ ਐਜੂਕੇਸ਼ਨ ਅਫ਼ਸਰ ਰਹੇ। ਪੜ੍ਹਨਾ ਸਾਡੇ ਹਰਬੰਸ ਭਾਜੀ ਹੋਰਾਂ ਦਾ ਵੀ ਸ਼ੌਂਕ ਸੀ। ਸਾਡੀ ਬੈਠਕ 'ਚ ਮੁਹੱਲੇ ਦੇ ਸਾਰੇ ਮੁੰਡੇ ਭਾ ਜੀ ਕੋਲ ਪੜ੍ਹਨ ਆਇਆ ਕਰਦੇ ਸਨ। ਫਿਰ ਇੱਧਰ ਆ ਕੇ ਸਾਡੇ ਭਾ ਜੀ ਨੇ ਸਾਰੇ ਰਿਸ਼ਤੇਦਾਰਾਂ ਨੂੰ ਪੜ੍ਹਾਇਆ। ਸਾਡੇ ਮਾਤਾ ਜੀ ਨੂੰ ਓਥੇ ਮਾੜੀ-ਮੋਟੀ ਹੀ ਗੁਰਮੁਖੀ ਪੜ੍ਹਨੀ ਆਉਂਦੀ ਸੀ। ਇੱਧਰ ਆ ਕੇ ਭਾ ਜੀ ਨੇ ਉਨ੍ਹਾਂ ਹਿੰਦੀ ਤੇ ਪੰਜਾਬੀ ਪੜ੍ਹਨੀ ਸਿਖਾਈ। ਜਿਹੜੇ ਸਾਡੇ ਭਾਣਜੇ ਨੇ, ਸ. ਰਜਿੰਦਰ ਸਿੰਘ ਚੀਮਾ, ਉਹ ਇੰਡੀਆਂ ਦੇ ਵੱਡੇ ਕਰਿਮੀਨਲ ਵਕੀਲ ਨੇ।"

ਵੜੈਚ ਸਾਹਿਬ ਦੇ ਨਾਨਕੇ ਸਿਆਲਕੋਟ ਦੀ ਨਾਰੋਵਾਲ ਤਹਿਸੀਲ 'ਚ ਨਿੱਦੋਕੇ ਪਿੰਡ ਵਿੱਚ ਸਨ। ਪ੍ਰਸਿੱਧ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਉਨ੍ਹਾਂ ਦੇ ਮਾਮਾ ਜੀ ਦੇ ਸਭ ਤੋਂ ਨਿੱਕੇ ਪੁੱਤਰ ਨੇ।

ਮੈਂ ਵੰਡ ਦੀ ਬਾਤ ਛੋਹੀ ਤਾਂ ਉਹ ਬੋਲੇ ਸਨ,"ਜਦੋਂ ਸਾਰੀ ਦੁਨੀਆਂ 'ਚ ਹਵਾ ਫਿਰ ਗਈ ਫਿਰ ਇੱਕ ਪਿੰਡ ਨੇ ਵੀ ਕਿੱਥੇ ਬਚੇ ਰਹਿਣਾ ਸੀ! ਉਦੋਂ ਮੈਂ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ 'ਚ ਪੜ੍ਹਦਾ ਸਾਂ। ਇਸ ਸੰਸਥਾ ਦਾ ਮਾਹੌਲ ਬੜਾ ਸੈਕੂਲਰ ਸੀ। ਸ਼ਹਿਰ 'ਚ ਇੱਕੋ ਕਾਲਜ ਸੀ। ਸਾਡੇ ਨਾਲ ਮੁਸਲਮਾਨ ਮੁੰਡੇ ਵੀ ਪੜ੍ਹਦੇ ਸਨ। ਇਹ ਅਸਲੀਅਤ ਏ ਕਿ ਓਧਰ ਹਿੰਦੂ-ਸਿੱਖਾਂ ਦੇ ਮੁਕਾਬਲੇ ਮੁਸਲਮਾਨਾਂ 'ਚ ਤਾਲੀਮ ਬਹੁਤ ਘੱਟ ਸੀ। ਲੱਧੇਵਾਲਾ ਵੜੈਚ ਤੋਂ ਹਿੰਦੂ-ਸਿੱਖਾਂ ਦੇ ਕਈ ਮੁੰਡੇ ਗੁਜਰਾਂਵਾਲੇ ਪੜ੍ਹਨ ਜਾਂਦੇ ਸਨ ਪਰ ਮੁਸਲਾਮਨਾਂ 'ਚੋਂ ਸਿਰਫ਼ 'ਸਾਡਾ' ਗੁਲਾਮ ਰਸੂਲ ਹੀ ਪੜ੍ਹਿਆ ਸੀ। ਬਾਅਦ 'ਚ ਪਤਾ ਲੱਗਿਆ ਕਿ ਉਹ ਵੰਡ ਤੋਂ ਥੋੜ੍ਹੀ ਦੇਰ ਬਾਅਦ ਹੀ ਫੌਤ ਹੋ ਗਿਆ ਸੀ!"

ਇਹ ਆਖਦਿਆਂ ਪ੍ਰੋਫ਼ੈਸਰ ਸਾਹਿਬ ਭੁੱਬੀਂ ਰੋ ਪਏ ਸਨ।

"ਤੁਸੀਂ ਪਿੰਡ ਕਿਵੇਂ ਛੱਡਿਆ ਸੀ?" ਮੈਂ ਸਵਾਲ ਕੀਤਾ ਸੀ।

"ਜਿਵੇਂ ਗੱਲ ਐ ਕਿ ਜੱਟ ਲਈ ਉਹਦੀ ਜ਼ਮੀਨ ਮਾਂ ਤੇ ਪਿਉ ਹੁੰਦੀ ਏ। ਉਹ ਇਹ ਹੀ ਸੋਚਦੇ ਰਹੇ ਕਿ ਸਰਕਾਰਾਂ ਬਦਲਦੀਆਂ ਰਹਿੰਦੀਆਂ ਨੇ ਪਰ ਲੋਕ ਕਦੇ ਨਹੀਂ ਬਦਲਦੇ ਹੁੰਦੇ। ਪਹਿਲਾਂ ਵੀ ਮੁਸਲਮਾਨ ਰਾਜ ਕਰਦੇ ਹੀ ਰਹੇ ਨੇ। ਹੁਣ ਵੀ ਥੋੜ੍ਹੀਆਂ ਜਿਹੀਆਂ ਪਾਬੰਦੀਆਂ ਲੱਗਣਗੀਆਂ ਤੇ ਫਿਰ ਸਾਰੇ ਇੱਕ-ਮਿੱਕ ਹੋ ਜਾਣਗੇ। ਕਿਸੇ ਨੂੰ ਵੀ ਇਹ ਨਹੀਂ ਸੀ ਲੱਗਦਾ ਕਿ ਕਿਤੇ ਜਾਣਾ ਪਵੇਗਾ। ਜਦੋਂ ਉਹ ਇੱਧਰ ਆ ਵੀ ਗਏ ਤਾਂ ਕਈ ਸਾਲ ਇਹੀ ਸੋਚਦੇ ਰਹੇ ਕਿ ਅਸੀਂ ਪਿੱਛੇ ਮੁੜ ਜਾਣਾ ਏਂ। ਅਸੀਂ ਪਿੰਡ ਛੱਡ ਕੇ ਤੁਰ ਪਏ। ਖੱਬੇ ਕਿਆਂ ਪਿੰਡ ਦੇ ਮੁਸਲਮਾਨਾਂ ਨੂੰ ਡਰ ਸੀ ਕਿ ਸ਼ੇਰੇਕੋਟ ਕੈਂਪ 'ਚ ਇਕੱਠੇ ਹੋ ਰਹੇ ਸਿੱਖ ਉਨ੍ਹਾਂ 'ਤੇ ਹਮਲਾ ਕਰਨਗੇ। ਉਨ੍ਹਾਂ ਸਾਡੇ ਪਿੰਡ ਵਾਲੇ ਕਾਫ਼ਲੇ ਉੱਤੇ ਗੋਲੀ ਚਲਾ ਦਿੱਤੀ। ਓਥੇ ਫਿਰ ਬਹੁਤ ਕੱਟ-ਵੱਢ ਹੋਈ। ਸਾਡੇ ਬਾਪੂ ਜੀ ਵੀ ਮਾਰੇ ਗਏ। ਸਾਡਾ ਛੋਟਾ ਭਰਾ ਅਨੂਪ ਵੀ ਮਾਰਿਆ ਗਿਆ। ਜ਼ਖ਼ਮੀ ਹੋ ਕੇ ਅਸੀਂ ਰਿੜ-ਖਿੜ ਕੇ ਇੱਧਰ ਆ ਗਏ। ਸਿੱਖਾਂ ਦੇ ਇੱਕ-ਦੋ ਘਰ ਓਥੇ ਰਹਿ ਗਏ ਸਨ, ਜੋ ਮਹੀਨੇ ਕੁ ਬਾਅਦ ਪਿੰਡੋਂ ਤੁਰੇ। ਬਾਅਦ 'ਚ ਉਨ੍ਹਾਂ ਕੋਲੋਂ ਪਤਾ ਲੱਗਾ ਕਿ ਜਦੋਂ ਚੌਧਰੀ ਅਲੀ ਮੁਹਮੰਦ ਨੂੰ ਮੇਰੇ ਬਾਪ ਤੇ ਭਰਾ ਦੇ ਕਤਲ ਦਾ ਪਤਾ ਲੱਗਾ ਤਾਂ ਉਹ ਕੰਧਾਂ ਨਾਲ ਲੱਗ ਕੇ ਰੋਂਦਾ ਰਿਹਾ। ਉਨ੍ਹਾਂ ਲੱਧੇਵਾਲਾ ਵੜੈਚ 'ਚ ਫੂਹੜੀ ਵਿਛਾਈ ਤੇ ਕਈ ਦਿਨ ਮੁਸਲਮਾਨ ਸਾਡੇ ਬਾਪੂ ਤੇ ਭਰਾ ਦਾ ਅਫ਼ਸੋਸ ਕਰਨ ਲਈ ਬੈਠਦੇ ਰਹੇ !"

"ਇਸ ਹਮਲੇ 'ਚੋਂ ਤੁਸੀਂ ਕਿਸ ਤਰ੍ਹਾਂ ਬਚ ਕੇ ਨਿਕਲੇ?" ਮੈਂ ਸਵਾਲ ਕੀਤਾ ਸੀ।

"ਫੌਜ 'ਚੋਂ ਆਉਣ ਮਗਰੋਂ ਬਾਪੂ ਜੀ ਵੈਲਫੇਅਰ-ਅਫ਼ਸਰ ਦੀ ਡਿਊਟੀ ਨਿਭਾਉਂਦੇ ਸਨ। ਜਦੋਂ ਕੋਈ ਸ਼ਿਕਾਇਤ ਆਉਂਦੀ ਤਾਂ ਕਦੇ-ਕਦੇ ਮੈਂ ਵੀ ਉਨ੍ਹਾਂ ਵੱਲੋਂ ਤਫ਼ਤੀਸ਼ ਕਰਨ ਵਾਸਤੇ ਜਾਂਦਾ ਹੁੰਦਾ ਸੀ। ਉਦੋਂ ਹੀ ਖੱਬੇ ਕੇ ਪਿੰਡ ਦੇ ਇੱਕ ਕਸ਼ਮੀਰੀ ਨਾਲ ਮੇਰੀ ਸਾਂਝ ਬਣ ਗਈ। ਹਮਲੇ ਸਮੇਂ ਸਾਰੇ ਖਿੰਡ-ਪੁੰਡ ਗਏ। ਮੈਂ ਫ਼ਸਲਾਂ 'ਚ ਲੁਕਦਾ ਲੁਕਾਉਂਦਾ ਕਿਸੇ ਤਰ੍ਹਾਂ ਉਸ ਕਸ਼ਮੀਰੀ ਤੱਕ ਪਹੁੰਚ ਗਿਆ। ਉਸੀ ਨੇ ਮੈਨੂੰ ਗੁਜਰਾਂਵਾਲੇ ਕੈਂਪ ਤੱਕ ਪਹੁੰਚਾਇਆ।" ਉਹ ਉਦਾਸ ਜਿਹਾ ਹੱਸ ਪਏ ਸਨ।

"ਤੁਸੀਂ ਮੁੜ ਕਦੇ ਆਪਣਾ ਪਿੰਡ ਵੇਖਿਆ ਕਿ ਨਹੀਂ?" ਉਨ੍ਹਾਂ ਨੂੰ ਉਦਾਸੀ 'ਚੋਂ ਕੱਢਣ ਦੇ ਮਕਸਦ ਨਾਲ ਮੈਂ ਇਹ ਸਵਾਲ ਕੀਤਾ ਸੀ।

ਮੇਰਾ ਸਵਾਲ ਸੁਣਦਿਆਂ ਉਹ ਚਾਅ ਜਿਹੇ 'ਚ ਬੋਲੇ ਸਨ,"1955 'ਚ ਲਾਹੌਰ 'ਚ ਕ੍ਰਿਕਟ ਦੇ ਮੈਚ ਹੋਏ। ਪਾਕਿਸਤਾਨ ਜਾਣ ਤੋਂ ਪਹਿਲਾਂ ਮੈਂ ਉਸਤਾਦ ਨਜ਼ੀਰ ਅਹਿਮਦ ਜੀ ਨੂੰ ਚਿੱਠੀ ਲਿਖੀ। ਚੌਧਰੀ ਅਲੀ ਬਖ਼ਸ਼, ਉਸਤਾਦ ਜੀ ਤੇ ਮੇਰਾ ਯਾਰ ਹਬੀਬ-ਉੱਲਾ; ਪਿੰਡੋਂ ਤਿੰਨ ਜਣੇ ਮੈਨੂੰ ਲਾਹੌਰ ਆ ਕੇ ਮਿਲੇ। ਹਬੀਬ-ਉੱਲਾ ਦੀ ਪਿੰਡ ਵਿੱਚ ਸਾਇਕਲ ਰਿਪੇਅਰ ਦੀ ਦੁਕਾਨ ਹੁੰਦੀ ਸੀ। ਉਸਦੀ ਦੁਕਾਨ ਅੱਗੇ 'ਤਵੱਕਲ ਸਾਇਕਲ ਵਰਕਸ' ਲਿਖਿਆ ਹੁੰਦਾ ਸੀ। ਹੁਣ ਉਹ ਪਿੰਡ ਦਾ ਸਰਪੰਚ ਬਣ ਗਿਆ ਸੀ। ਸਾਨੂੰ ਕਾਨੂੰਨੀ ਤੌਰ 'ਤੇ ਬਾਹਰ ਜਾਣ ਦੀ ਇਜ਼ਾਜਤ ਨਹੀਂ ਸੀ। ਉਂਝ ਲੋਕੀਂ ਤੁਰ ਜਾਂਦੇ ਸਨ ਤੇ ਪੁੱਛਦਾ ਕੋਈ ਨਹੀਂ ਸੀ। ਅਸੀਂ ਵੀ ਸੰਗਦੇ-ਝੱਕਦੇ ਪਿੰਡ ਚਲੇ ਗਏ। ਅਸੀਂ ਆਪਣੀ ਬੈਠਕ ਕੋਲ ਜਾ

ਕੇ ਰੁਕੇ। ਓਥੇ ਖੜ੍ਹੇ-ਖੜ੍ਹੇ ਹੀ ਮੈਂ ਕੁਝ ਲੋਕਾਂ ਨੂੰ ਮਿਲਿਆਂ। ਓਥੇ ਮੈਨੂੰ ਮੁਣਸ਼ੀ ਨਜ਼ੀਰ ਹੋਰਾਂ ਦੀ ਬੇਗਮ ਦਾ ਸੁਨੇਹਾ ਆਇਆ ਕਿ ਉਹ ਮੈਨੂੰ ਮਿਲਣਾ ਚਾਹੁੰਦੀ ਏ। ਵਜ਼ੀਫ਼ੇ ਦੇ ਇਮਤਿਹਾਨ ਦੀ ਤਿਆਰੀ ਲਈ ਅਸੀਂ ਪੰਜ-ਸੱਤ ਮੁੰਡੇ ਰਾਤ ਨੂੰ ਮੁਣਸ਼ੀ ਸਾਹਿਬ ਦੇ ਘਰ ਪੜ੍ਹਦੇ ਹੁੰਦੇ ਸੀ। ਉਨ੍ਹਾਂ ਦੀ ਬੇਗਮ ਸਾਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੀ ਸੀ। ਮੈਂ ਸੋਚਿਆ ਕਿ ਜੇਕਰ ਮੈਂ ਮੁਣਸ਼ੀ ਹੋਰਾਂ ਦੇ ਘਰ ਜਾਵਾਂਗਾ ਤਾਂ ਸਾਰਾ ਜਲੂਸ ਵੀ ਉਨ੍ਹਾਂ ਦੇ ਘਰ ਜਾਵੇਗਾ। ਮੈਂ ਨਹੀਂ ਗਿਆ। ਉਨ੍ਹਾਂ ਮੇਰੇ ਲਈ ਗਜਰੇਲਾ ਬਣਾ ਕੇ ਰੱਖਿਆ ਹੋਇਆ ਸੀ। ਉਨ੍ਹਾਂ ਮੇਰੇ ਲਈ ਉਹ ਭੇਜਿਆ।" ਇਹ ਕਹਿੰਦਿਆਂ ਵੜੈਚ ਸਾਹਿਬ ਦੇ ਬੋਲ ਭਾਰੇ ਹੋ ਗਏ ਤੇ ਉਹ ਚੁੱਪ ਹੋ ਗਏ ਸਨ।

ਛਿਣ ਕੁ ਮਗਰੋਂ ਉਹ ਫਿਰ ਤੋਂ ਬੋਲੇ ਸਨ,"ਮੁਣਸ਼ੀ ਨਜ਼ੀਰ ਅਹਿਮਦ ਦੀ ਪੜ੍ਹਾਈ ਤਾਂ ਅੱਠਵੀਂ ਤੱਕ ਸੀ ਪਰ ਉਨ੍ਹਾਂ ਕੋਲ ਜ਼ਿੰਦਗੀ ਦਾ ਬਹੁਤ ਡੂੰਘਾ ਅਨੁਭਵ ਸੀ। ਉਦੋਂ ਮੈਂ ਡਬਲ ਐਮ.ਏ. ਸਾਂ, ਫਿਰ ਵੀ ਮੈਂ ਉਨ੍ਹਾਂ ਦੀ ਕਾਬਲੀਅਤ ਤੋਂ ਬੜਾ ਮੁਤਾਸਰ ਹੋਇਆ ਸਾਂ। ਮੈਂ ਉਨ੍ਹਾਂ ਤੋਂ ਪੜ੍ਹਦਿਆਂ ਕੁੱਟ ਵੀ ਬੜੀ ਖਾਧੀ ਸੀ। ਉਦੋਂ ਡੰਡੇ ਨੂੰ 'ਅਕਲਦਾਨ' ਕਹਿੰਦੇ ਹੁੰਦੇ ਸਨ। ਉਨ੍ਹਾਂ ਆਖਣਾ: ਕਰੋ ਫਿਰ ਹੱਥ ਅੱਗੇ।" ਖਿੜ-ਖਿੜਾ ਕੇ ਹੱਸਦਿਆਂ ਉਨ੍ਹਾਂ ਸਾਰਾ ਗ਼ਮ ਛੰਡ ਦਿੱਤਾ ਸੀ।

"ਦਰਅਸਲ, ਅਸੀਂ ਕਾਨੂੰਨ ਦੇ ਖਿਲਾਫ਼ ਗਏ ਸਾਂ।" ਉਨ੍ਹਾਂ ਟੁੱਟੀ ਗੱਲ ਫਿਰ ਤੋਂ ਗੰਢ ਲਈ ਸੀ। "ਮੈਂ ਬਹੁਤੀ ਦੇਰ ਓਥੇ ਰਹਿਣਾ ਨਹੀਂ ਸਾਂ ਚਾਹੁੰਦਾ। ਬਾਅਦ 'ਚ ਵੀ ਮੈਂ ਆਪਣੇ ਪਿੰਡ ਨਾਲ ਤੁਅਲਕ ਕਾਇਮ ਰੱਖਿਆ। ਜਦੋਂ 1971 ਵਿੱਚ ਬੜੀ ਟੈਂਨਸ਼ਨ ਸੀ, ਉਦੋਂ ਸਾਡੇ ਗੁਰੂ ਨਾਨਕ ਇੰਜੀਨਿਰਿੰਗ ਕਾਲਜ ਵਿੱਚ ਇਰਾਨੀ ਮੁੰਡੇ ਪੜ੍ਹਦੇ ਸਨ। ਇਹ ਇਰਾਨ ਨੂੰ ਜਾਂਦੇ ਸੜਕ ਰਾਹੀਂ ਸਨ ਤੇ ਆਉਂਦੇ ਹਵਾਈ ਜਹਾਜ਼ ਰਾਹੀਂ ਸਨ। ਇੱਕ ਮੁੰਡੇ ਦਾ ਨਾਂ ਜ਼ਿਆ ਸੀ। ਮੈਂ ਉਹਨੂੰ ਸਮਝਾਇਆ ਕਿ ਉਹ ਸਾਡੇ ਪਿੰਡ ਜਾਵੇ। ਉਹ ਪਹੁੰਚ ਗਿਆ ਤੇ ਪਿੰਡ ਵਾਲਿਆਂ ਦੇ ਸੁਨੇਹੇ ਰਿਕਾਰਡ ਕੀਤੇ। ਫਿਰ ਪਿੰਡ ਵਾਲੇ ਉਹਨੂੰ ਸਾਡੇ ਵਾਲੇ ਖੂਹ 'ਤੇ ਲੈ ਗਏ ਤੇ ਉਹਨੂੰ 'ਸਾਡੇ ਖੇਤਾਂ' 'ਚ ਉੱਗੇ ਕਮਾਦ ਦਾ ਗੁੜ ਖਵਾਇਆ। ਮੈਂ ਕਿਹਾ: ਯਾਰ ਤੂੰ ਥੋੜ੍ਹਾ ਜਿਹਾ ਗੁੜ ਮੇਰੇ ਲਈ ਵੀ ਲੈ ਆਉਣਾ ਸੀ। ਜਦੋਂ ਉਹ ਦੂਜੀ ਵਾਰ ਗਿਆ ਤਾਂ ਕੱਪੜੇ 'ਚ ਬੰਨ ਕੇ ਮੇਰੇ ਵਾਸਤੇ ਗੁੜ ਲੈ ਆਇਆ। ਸਾਡੇ ਤਿੰਨ ਖੂਹ ਸਨ। ਸਾਦੇ ਵਾਲੇ ਖੂਹ ਨਾਲ ਅਸੀਂ ਜ਼ਿਆਦਾ ਜੁੜੇ ਹੋਏ ਸਨ। ਇਹ ਪਿੰਡ ਦੇ ਨੇੜੇ ਸੀ ਤੇ ਅਸੀਂ ਇੱਥੇ ਹੀ ਡੰਗਰ ਰੱਖਦੇ ਸਾਂ। ਸਾਡੇ ਬਾਪੂ ਜੀ 'ਸੈਲਫ਼-ਮੇਡ' ਬੰਦੇ ਸਨ। ਕੁਝ ਜ਼ਮੀਨ ਬਾਪੂ ਹੋਰਾਂ ਖ਼ਰੀਦੀ ਵੀ ਸੀ। ਇਸ ਜ਼ਮੀਨ ਵਿੱਚ ਛੱਦਰਾਂਵਾਲਾਂ ਤੇ ਮਦਾਰੀਵਾਲਾ ਦੋ ਹੋਰ ਖੂਹ ਸਨ। ਮੇਰੇ ਕੋਲ ਬਾਪੂ ਜੀ ਦੀ ਇੱਕੋ ਇੱਕ ਫੋਟੋ ਏ। ਇਹ ਫੋਟੋ ਚੌਧਰੀ ਨੇ 1958 'ਚ ਸਾਡੇ ਚੌਂਕੀਦਾਰ ਸ਼ਿੰਗਾਰੇ ਹੱਥ ਭੇਜੀ ਸੀ। ਪਿੰਡ ਛੱਡਣ ਵੇਲੇ ਅਸੀਂ ਘਰ ਦਾ ਸਾਰਾ ਸਾਮਾਨ ਚੌਧਰੀ ਅਲੀ ਮੁਹਮੰਦ ਕੋਲ ਛੱਡ ਆਏ ਸਾਂ। ਬਾਅਦ 'ਚ ਇਹ ਸਾਮਾਨ ਸਰਕਾਰ ਉਨ੍ਹਾਂ ਤੋਂ ਰਿਕਵਰ ਕਰਕੇ ਲੈ ਗਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਾਡੇ ਕੋਲ ਬਾਪੂ ਜੀ ਦੀ ਕੋਈ ਫ਼ੋਟੋ ਨਹੀਂ ਹੋਣੀ। ਮੇਰਾ ਖ਼ਿਆਲ ਕਿ ਉਨ੍ਹਾਂ ਇਹ ਫੋਟੋ

ਇਨਾਇਤ ਸ਼ਾਹ ਜੀ ਕੋਲੋਂ ਲਈ ਹੋਣੀ ਏ।"

ਮੈਂ ਗਦਰ ਲਹਿਰ ਤੇ ਹੋਰ ਕ੍ਰਾਂਤੀਕਾਰੀਆਂ ਦੇ ਇਤਿਹਾਸ ਨੂੰ ਲੱਭਣ, ਸੰਭਾਲਣ ਤੇ ਲਿਖਣ ਪਿੱਛੇ ਪ੍ਰੇਰਨਾ ਬਾਰੇ ਪੁੱਛਿਆ ਤਾਂ ਉਹ ਬੋਲੇ ਸਨ,"ਇੱਧਰ ਆ ਕੇ ਅਸੀਂ ਤਿੰਨੋਂ ਭਰਾ ਫੌਜ 'ਚ ਚਲੇ ਗਏ। ਵੱਡੇ ਭਰਾ ਮੈਨੂੰ ਕਹਿਣ ਲੱਗੇ: ਤੂੰ ਘਰ ਚਲਾ ਜਾ। ਘਰ 'ਚ ਮਾਂ ਸੀ। ਬੱਚਿਆਂ ਦੀ ਪੜ੍ਹਾਈ ਦੇ ਮੱਦੇਨਜ਼ਰ ਸਾਡੇ ਭੈਣ ਜੀ ਤੇ ਉਨ੍ਹਾਂ ਦੇ ਬੇਟਾ ਬੇਟੀ ਵੀ ਸਾਡੇ ਕੋਲ ਹੀ ਰਹਿੰਦੇ ਸਨ। ਮੈਂ ਘਰ ਆ ਕੇ ਫਿਰ ਤੋਂ ਆਪਣੀ ਪੜ੍ਹਾਈ ਸ਼ੁਰੂ ਕੀਤੀ। ਪੜ੍ਹਾਈ ਕਰਕੇ ਮੈਂ ਇੰਜਨੀਰਿੰਗ ਕਾਲਜ 'ਚ ਹਿਊਮੈਨਟੀਜ਼ ਦਾ ਪ੍ਰੋਫ਼ੈਸਰ ਲੱਗ ਗਿਆ। ਓਥੇ ਮੈਂ ਮਨੁੱਖੀ ਰਿਸ਼ਤਿਆਂ ਆਦਿ ਬਾਰੇ ਪੜ੍ਹਾਇਆ ਕਰਦਾ ਸਾਂ। ਮੈਂ ਹਰ ਵਿਦਿਆਰਥੀ ਨੂੰ ਨਿੱਜੀ ਤੌਰ 'ਤੇ ਜਾਣਦਾ ਸਾਂ। ਜਦੋਂ ਮੈਂ ਕਾਲਜ ਗਿਆਂ, ਮੇਰੀ ਸਿਹਤ ਕੁਝ ਨਹੀਂ ਸੀ ਹੁੰਦੀ। ਮੁੰਡੇ ਮਖੌਲ ਨਾਲ ਮੈਨੂੰ ਕਮਜ਼ੋਰ ਹੋਣ ਕਾਰਨ 'ਭਲਵਾਨ ਜੀ' ਕਹਿੰਦੇ। ਮੈਂ ਫਿਰ ਸੱਚੀਂ-ਮੁੱਚੀ ਭਲਵਾਨ ਬਣ ਕੇ ਵਿਖਾਇਆ। ਬਾਸਕਟ ਬਾਲ ਖੇਡਣਾ ਸ਼ੁਰੂ ਕੀਤਾ। ਫਿਰ ਮੈਂ ਬਾਸਕਟ ਬਾਲ ਟੀਮ ਦਾ ਕੋਚ ਵੀ ਬਣਿਆਂ। ਐਨ.ਆਈ.ਐੱਸ. ਤੋਂ ਕੋਰਸ ਕਰਦਾ ਰਿਹਾਂ। ਸਵੇਰੇ ਮੈਂ ਟਰੈਕ ਦੌੜਨ ਜਾਇਆ ਕਰਨਾ, ਸ਼ਾਮ ਨੂੰ ਮੁੰਡਿਆਂ ਨਾਲ ਬਾਸਕਟ ਬਾਲ ਖੇਡਿਆ ਕਰਨਾ।" ਬਿਨਾਂ ਸ਼ੱਕ, ਵੜੈਚ ਸਾਹਿਬ ਕੋਲ਼ ਉਹ ਹੱਠ ਸੀ, ਜੋ ਬੰਦਿਆਂ ਨੂੰ ਚੁਣੌਤੀਆਂ ਕਬੂਲਣ ਦਾ ਬਲ ਬਖ਼ਸ਼ਦਾ ਏ।

"ਕਾਲਿਜ 'ਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ ਸਾਡੇ ਕੋਲ ਪੜ੍ਹਨ ਆਏ। 1964 'ਚ ਗਦਰ ਪਾਰਟੀ ਦੀ ਗੋਲਡਨ ਜੁਬਲੀ ਹੋਈ। ਜਗਮੋਹਨ ਵੀ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਗਿਆ। ਓਥੋਂ ਮੁੜ ਕੇ ਕਹਿੰਦਾ : ਬੜੇ ਗਦਰੀ ਬਾਬੇ ਵੇਖੇ ਨੇ। ਓਥੇ ਇੱਕ ਬਾਬਾ ਸੀ, ਸੋਹਣ ਸਿੰਘ ਭਕਨਾ। ਉਹ ਬੋਲਦਾ ਸੀ: ਮੇਰੀ ਚੁਰਾਨਵੇਂ ਸਾਲ ਉਮਰ ਹੋ ਗਈ ਏ। ਮੈਂ ਤੁਹਾਡਾ ਖ਼ਜ਼ਾਨਾ ਸਾਂਭ ਕੇ ਰੱਖਿਆ ਹੋਇਆ। ਜਿੰਨ੍ਹੀ ਦੇਰ ਤੁਸੀਂ ਮੈਥੋਂ ਲੈ ਨਹੀਂ ਜਾਂਦੇ, ਮੈਂ ਮਰਨਾ ਨਹੀਂ। ਜਗਮੋਹਨ ਕਹਿੰਦਾ: ਮੈਂ ਸੋਚਾਂ ਕਿ ਚੁਰਾਨਵੇਂ ਸਾਲ 'ਚ ਐਡਾ ਜੋਸ਼ ਏ, ਜਦੋਂ ਇਹ ਬੰਦਾ ਜਵਾਨੀ 'ਚ ਹੋਵੇਗਾ ਤਾਂ ਕੀ ਚੀਜ਼ ਹੋਵੇਗਾ! ਮੈਂ ਸੋਚਿਆ: ਪਤਾ ਨਹੀਂ ਉਸ ਖ਼ਜ਼ਾਨੇ ਲਈ ਕਿੰਨੇ ਲੋਕਾਂ ਦੀ ਲਾਈਨ ਲੱਗੀ ਹੋਣੀ ਏਂ। ਅਸੀਂ ਜਾ ਕੇ ਕੀ ਦੱਸਾਂਗੇ? ਮੈਂ ਜੱਕੋ-ਤੱਕੀ 'ਚ ਦੋ ਸਾਲ ਲੰਘਾ ਦਿੱਤੇ। ਅਖ਼ੀਰ 6 ਜੂਨ 1966 ਨੂੰ ਮੈਂ, ਜਗਮੋਹਨ ਤੇ ਮੇਰਾ ਭਾਣਜਾ ਰਾਜਿੰਦਰ ਸਿੰਘ ਚੀਮਾ ਬਾਬਾ ਭਕਨਾ ਜੀ ਨੂੰ ਮਿਲੇ। ਇੱਥੋਂ ਫਿਰ ਮੇਰੀ ਜ਼ਿੰਦਗੀ ਦਾ ਨਵਾਂ ਦੌਰ ਸ਼ੁਰੂ ਹੋਇਆ। ਬਾਬਾ ਜੀ ਉਰਦੂ 'ਚ ਲਿਖਦੇ ਸਨ। ਉਰਦੂ ਪੜ੍ਹੇ ਬਹੁਤ ਘੱਟ ਸਨ। ਮੈਂ ਉਰਦੂ ਪੜ੍ਹਿਆ ਸਾਂ। ਸਾਡੀ ਸਮੀਕਰਨ ਬੈਠ ਗਈ ਤੇ ਮੈਂ ਬਣ ਗਿਆ 'ਗਦਰੀਆਂ ਦਾ ਮੁਣਸ਼ੀ'।" ਉਹ ਖੁੱਲ੍ਹ ਕੇ ਹੱਸੇ।

"ਫਿਰ ਅਸੀਂ ਬਾਬਾ ਸੋਹਣ ਸਿੰਘ ਭਕਨਾ ਦੀਆਂ ਲਿਖਤਾਂ ਛਪਵਾ ਕੇ ਲੋਕਾਂ ਵਿੱਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਅਸੀਂ 1 ਨਵੰਬਰ 1966 ਨੂੰ ਸ਼ਹੀਦ ਭਗਤ ਸਿੰਘ ਦੇ ਮਾਤਾ ਜੀ ਵੱਲੋਂ ਇੱਕ ਇਸ਼ਤਿਹਾਰ ਕੱਢਿਆ, ਜਿਹਦੇ ਵਿੱਚ ਉਨ੍ਹਾਂ ਭਗਤ ਸਿੰਘ ਬਾਰੇ

ਦੱਸਿਆ ਸੀ ਕਿ ਉਹ ਦੁਨੀਆਂ ਭਰ ਦੇ ਇਨਕਲਾਬੀਆਂ ਦੀਆਂ ਜੀਵਨੀਆਂ ਤੇ ਹੋਰ ਸਾਹਿਤ ਪੜ੍ਹਦਾ ਸੀ। ਲੋਕ ਭਗਤ ਸਿੰਘ ਦੀ ਕਹਾਣੀ ਨੂੰ ਏਨਾਂ ਕੁ ਸਮਝਦੇ ਸਨ ਕਿ ਉਹ ਲਾਲਾ ਲਾਜਪਤ ਰਾਏ ਦਾ ਬਦਲਾ ਲੈਣ ਕਰਕੇ ਮਰ ਗਿਆ। ਲੇਕਿਨ ਹਕੀਕਤ ਇਹ ਸੀ ਕਿ ਉਹਦੀ ਸੋਚ ਪਿੱਛੇ ਗਦਰੀ ਬਾਬਿਆਂ ਦੀ 'ਵਿਰਾਸਤ' ਸੀ। ਅੱਜ ਵੀ ਮੇਰਾ ਬਹੁਤ ਸਾਰੇ ਲੋਕਾਂ ਨਾਲ ਮੱਤਭੇਦ ਏ। ਉਹ ਸਾਰੇ ਭਗਤ ਸਿੰਘ ਨੂੰ ਕਮਿਊਨਿਸਟ ਬਣਾ ਕੇ ਰਾਜ਼ੀ ਨੇ, ਮੈਂ ਉਹਨੂੰ ਗਦਰੀ ਬਾਬਿਆਂ ਦਾ ਮੁੰਡਾ ਬਣਾ ਕੇ ਰਾਜ਼ੀ ਹਾਂ। ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਜਿੰਨੀਆਂ ਗਦਰੀ ਬਾਬਿਆਂ ਦੀਆਂ ਲਿਖਤਾਂ ਨੇ, ਆਤਮ ਕਥਾਵਾਂ ਨੇ, ਉਨ੍ਹਾਂ ਨੂੰ ਸੰਪਾਦਿਤ ਕਰਕੇ ਛਾਪੀਆਂ ਨੇ। ਬਾਬੇ ਭਕਨਾ ਤੋਂ ਲੈ ਕੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਤੇ ਬਾਬਾ ਹਰੀ ਸਿੰਘ ਉਸਮਾਨ ਤੱਕ।

ਇੱਕ ਹੋਰ ਬੜੀ ਦਿਲਚਸਪ ਗੱਲ ਏ, ਇੱਕ ਵਾਰ ਮੈਂ ਜੋਸ਼ 'ਚ ਆ ਕੇ ਬਾਬਾ ਭਕਨਾ ਨੂੰ ਆਖਿਆ: ਮੈਂ ਨੌਕਰੀ-ਨੂਕਰੀ ਛੱਡ ਕੇ ਇਸ ਪਾਸੇ ਲੱਗ ਜਾਣਾ ਏਂ। ਉਨ੍ਹਾਂ ਮੈਨੂੰ ਠੰਢਿਆਂ ਕੀਤਾ। ਆਖਣ ਲੱਗੇ: ਓ ਭਾਈ, ਸਾਡਾ ਸਮਾਂ ਹੋਰ ਸੀ। ਹੁਣ ਥੋੜ੍ਹਾ ਸੰਭਲ਼ ਕੇ ਚੱਲੋ। ਫਿਰ ਆਖਣ ਲੱਗੇ: ਤੁਸੀਂ ਟੀਚਰ ਹੋ। ਤੁਹਾਡਾ ਪਹਿਲਾ ਧਰਮ ਇਹ ਹੈ ਕਿ ਤੁਸੀਂ ਆਪਣੀ ਕਲਾਸ ਕੋਈ ਨਹੀਂ ਜੇ ਛੱਡਣੀ। ਦੂਜਾ ਇਹ ਕਿ ਤੁਸੀਂ ਆਪਣੇ ਪਰਿਵਾਰ ਦਾ ਖ਼ਿਆਲ ਰੱਖਣਾ ਏ। ਤੀਜਾ ਇਹ ਹੈ ਕਿ ਆਪਣੀ ਸਿਹਤ ਦਾ ਖ਼ਿਆਲ ਰੱਖਣਾ। ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਦਿਆਂ, ਕੰਮ ਭਾਵੇਂ ਥੋੜ੍ਹਾ ਕਰ ਲੈਣਾ ਪਰ ਕਿਸੇ ਚੌਧਰ 'ਚ ਨਾ ਪਿਆ ਜੇ। ਦੂਜੀ ਗੱਲ ਇਹ ਕਿ ਲੋਕਾਂ ਦੇ ਗਾਈਡ ਨਾ ਬਣਿਆ ਜੇ। ਤੁਹਾਡਾ ਕੰਮ ਹੈ ਕਿ ਤੁਸੀਂ ਲੋਕਾਂ ਨੂੰ ਆਖੋ: ਅਸੀਂ ਤੁਹਾਡੇ ਸਾਹਮਣੇ ਆਹ ਰੱਖ ਦਿੱਤਾ ਜੇ, ਤੁਸੀਂ ਆਪਣੀ ਅਕਲ ਮੁਤਾਬਕ ਨਤੀਜਾ ਕੱਢੋ। ਲੋਕਾਂ ਨੂੰ ਗਾਈਡੈਂਸ ਨਹੀਂ ਦੇਣੀ।"

"ਤੁਸੀਂ ਭਗਤ ਸਿੰਘ ਹੋਰਾਂ ਬਾਰੇ ਕਿਤਾਬ ਕਿਸ ਪ੍ਰੇਰਨਾ ਨਾਲ ਲਿਖੀ?" ਮੇਰਾ ਅਗਲਾ ਸਵਾਲ ਸੀ।

"ਮੈਂ ਸੁਣਿਆ ਸੀ ਕਿ ਅੰਗਰੇਜ਼ ਸੀ.ਆਈ. ਡੀ. ਅਫ਼ਸਰ ਜਾਣ ਲੱਗੇ ਸਾਡੇ ਅਫ਼ਸਰਾਂ ਨੂੰ ਕਹਿ ਗਏ ਸਨ ਕਿ ਜਿਹੜਾ ਦੇਸ਼ ਭਗਤਾਂ ਦੀ ਗੱਲ ਕਰੇ, ਉਹਦਾ ਖ਼ਿਆਲ ਰੱਖਿਆ ਜੇ। ਮੈਨੂੰ ਇਸਦੇ ਸਬੂਤ ਵੀ ਮਿਲਦੇ ਰਹੇ ਨੇ। ਸੀ.ਆਈ.ਡੀ. ਵਾਲੇ ਅਫ਼ਸਰ ਕਈ ਸਾਲ ਸਾਡੇ ਕਾਲਜ ਵਾਲਿਆਂ ਨੂੰ ਪੁੱਛਣ ਆਉਂਦੇ ਰਹੇ ਕਿ ਇਹ ਕੀ-ਕੀ ਕਰਦਾ? ਉਹ ਆਖਦੇ ਰਹੇ ਕਿ ਸਵੇਰ ਨੂੰ ਟਰੈਕ 'ਤੇ ਜਾਂਦਾ, ਸਾਰਾ ਦਿਨ ਮੁੰਡਿਆਂ ਨੂੰ ਪੜ੍ਹਾਉਂਦਾ ਤੇ ਸ਼ਾਮ ਨੂੰ ਗਰਾਊਂਡ 'ਚ ਜਾ ਕੇ ਗੇਮ ਖੇਡਦਾ।

"ਤੁਹਾਨੂੰ ਆਪਣਾ ਪਿੰਡ ਹੁਣ ਵੀ ਯਾਦ ਆਉਂਦਾ ਏ?" ਮੈਂ ਗੱਲ ਦਾ ਰੁਖ ਮੋੜਦਿਆਂ ਪੁੱਛਿਆ ਸੀ।

"ਪਿੰਡ 'ਚ ਮੇਰਾ ਇੱਕ ਛੋਟਾ ਕਮਰਾ ਹੁੰਦਾ ਸੀ। ਕਦੇ ਮੈਂ ਓਥੇ ਆਪਣਾ ਨਾਂ ਲਿਖਿਆ ਸੀ। ਹੁਣ ਉਥੇ ਰਹਿੰਦੇ ਵਾਸੇ ਖਾਂ ਹੋਰਾਂ ਉਹ ਵੀ ਸੰਭਾਲ਼ ਕੇ ਰੱਖਿਆ ਹੋਇਆ। ਉਹ ਹੁਣ ਉਨ੍ਹਾਂ ਦੀ ਬੈਠਕ ਐ। ਇਹ ਬੈਠਕ ਸਾਡੇ ਬਾਪੂ ਜੀ ਨੇ ਬਣਾਈ ਸੀ। ਅਸੀਂ

ਮੁੰਡੇ ਸਿਆਲ 'ਚ ਓਥੇ ਜਾ ਕੇ ਪੜ੍ਹਦੇ ਹੁੰਦੇ ਸਾਂ। ਨਾਲ ਇੱਕ ਵੱਡੀ ਸਾਰੀ ਡੰਗਰਾਂ ਦੀ ਕੁੜ੍ਹ ਸੀ। ਕੁੜ੍ਹ ਇਸ ਕਰਕੇ ਬਣਾਈ ਸੀ ਕਿ ਗਰੀਬ ਬੰਦਿਆਂ ਕੋਲ ਡੰਗਰ ਬੰਨਣ ਲਈ ਥਾਂ ਨਹੀਂ ਹੁੰਦੀ। ਬਾਪੂ ਜੀ ਨੇ ਸੋਚਿਆ ਸੀ ਕਿ ਲੋਕ ਓਥੇ ਡੰਗਰ ਬੰਨ੍ਹ ਲਿਆ ਕਰਨਗੇ ਤੇ ਉਨ੍ਹਾਂ ਦਾ ਗੋਹਾ ਸਾਡੇ ਖੇਤਾਂ ਦੀ ਖਾਦ ਬਣ ਜਾਏਗੀ। ਬੈਠਕ ਅੱਗੇ ਬਗੀਚਾ ਤੇ ਛੋਟੀ ਜਿਹੀ ਗਰਾਊਂਡ ਬਣੀ ਹੋਈ ਸੀ। ਸਾਡੇ ਘਰ ਦੀ ਇੱਕ ਖ਼ੂਬੀ ਸੀ ਕਿ ਜੇ ਮੂਹਰਿਓਂ ਗਲ਼ੀ ਵਿੱਚੋਂ ਆਓ ਤਾਂ ਤਿੰਨ ਮੰਜ਼ਲਾ ਸੀ ਜੇ ਪਿੱਛਿਓਂ ਜ਼ੈਲਦਾਰਾਂ ਦੇ ਘਰ ਵੱਲੋਂ ਆਓ ਤਾਂ ਦੋ ਮੰਜ਼ਲਾ।

ਪੰਜਾਬੀ ਲੇਖਕ ਮਹਿੰਦਰ ਸਿੰਘ ਸਰਨਾ ਦੇ ਨਾਨਕੇ ਸਾਡੇ ਪਿੰਡ ਸਨ। ਉਨ੍ਹਾਂ ਸਾਡੇ ਪਿੰਡ ਬਾਰੇ 'ਲੱਧੇਵਾਲਾ ਵੜੈਚ' ਕਹਾਣੀ ਵੀ ਲਿਖੀ ਏ। ਉਹ ਉਮਰੋਂ ਮੈਥੋਂ ਵੱਡੇ ਸੀ। ਮੈਂ ਉਨ੍ਹਾਂ ਨੂੰ ਕਈ ਵਰ੍ਹਿਆਂ ਬਾਅਦ ਮਿਲਿਆਂ ਤਾਂ ਆਖਿਆ: ਜੀ ਮੈਂ ਹਰਬੰਸ ਦਾ ਛੋਟਾ ਭਰਾ ਆਂ। ਉਹ ਬੋਲੇ: ਛੱਡ ਯਾਰ, ਮੈਂ ਤੈਨੂੰ ਵੀ ਚੰਗੀ ਤਰ੍ਹਾਂ ਜਾਣਦਾਂ। ਫਿਰ ਆਖਣ ਲੱਗੇ: ਇੱਕ ਵਾਰ ਤੂੰ ਆਪਣੇ ਘਰ ਦੀ ਥੜੀ 'ਤੇ ਬੈਠਾ ਸੀ। ਮੈਂ ਤੈਥੋਂ ਤੇਰਾ ਨਾਮ ਪੁੱਛਿਆ। ਤੂੰ ਨਾਮ ਇਸ ਢੰਗ ਨਾਲ ਦੱਸਿਆ ਕਿ ਮੇਰੇ ਦਿਮਾਗ਼ 'ਚ ਅੱਜ ਤੱਕ ਉਹ ਨਕਸ਼ਾ ਬੈਠਿਆ ਹੋਇਆ ਏ।" ਉਹ ਹੱਸਦਿਆਂ ਚੁੱਪ ਹੋ ਗਏ ਸਨ।

"ਹੁਣ ਪਿੰਡ ਸੁਪਨਿਆਂ ਵਿੱਚ ਤਾਂ ਆ ਹੀ ਜਾਂਦਾ ਹੋਣਾ?" ਮੈਂ ਵੱਖਰੇ ਸ਼ਬਦਾਂ 'ਚ ਪਹਿਲਾਂ ਵਾਲਾ ਸਵਾਲ ਦੁਹਰਾਇਆ ਸੀ।

"ਇੱਕ ਵਾਰ ਸਾਰਾ ਸਿੰਘ ਮੇਰੀ ਇੰਟਰਵਿਊ ਕਰਨ ਆਈ। ਉਹਨੇ ਪੁੱਛਿਆ: ਤੁਹਾਨੂੰ ਕਿੰਨਾਂ ਕੁ ਦੁੱਖ ਐ, ਓਥੋਂ ਆਉਣ ਦਾ? ਮੈਂ ਕਿਹਾ: ਮੈਨੂੰ ਦੁੱਖ-ਦੱਖ ਕੋਈ ਨਹੀਂ ਹੈਗਾ। ਅੱਗੋਂ ਪੁੱਛਦੀ: ਕਿਉਂ, ਕੀ ਗੱਲ? ਮੈਂ ਹੱਸ ਕੇ ਕਿਹਾ: ਜੇ ਮੈਂ ਪਿੰਡ ਹੁੰਦਾ ਤਾਂ ਤੂੰ ਮੇਰੇ ਕੋਲ਼ ਥੋੜੋ ਆਉਣਾ ਸੀ। ਫਿਰ ਤਾਂ ਮੈਂ ਬਾਪੂ ਵਾਲੀ ਲੰਬੜਦਾਰੀ ਕਰਦੇ ਹੋਣਾ ਸੀ। ਕੀ ਕੱਢ ਲੈਣਾ ਸੀ, ਉਨ੍ਹਾਂ ਚੀਜ਼ਾਂ ਵਿੱਚੋਂ? ਹੁਣ ਹਰ ਲਿਹਾਜ਼ ਨਾਲ ਚੰਗੇ ਆਂ।"

ਉਸ ਛਿਣ ਮੈਂ ਸੋਚਿਆ ਸੀ ਕਿ ਵੜੈਚ ਸਾਹਿਬ ਓਸ ਆਸ਼ਕ ਵਰਗੇ ਸਨ, ਜੋ ਇਸ਼ਕ ਦੀ ਪਾਕੀਜ਼ਗੀ ਨੂੰ ਕਦੇ ਹੰਝੂਆਂ ਤੇ ਹੌਕਿਆਂ ਨਾਲ ਪਲੀਤ ਨਹੀਂ ਕਰਦੇ।

ਜਦੋਂ ਇਹ ਇੰਟਰਵਿਊ ਮੇਰੇ ਚੈਨਲ 'ਸੰਤਾਲ਼ੀਨਾਮਾ' 'ਤੇ ਅਪਲੋਡ ਹੋਈ ਤਾਂ ਕਿਸੇ ਪੁੱਛਿਆ: ਮੈਂ ਤਾਂ ਕਈ ਸਾਲਾਂ ਤੋਂ ਪਿੱਛੇ ਪਿਆ ਹੋਇਆਂ। ਮੈਨੂੰ ਤਾਂ ਵਕਤ ਨਹੀਂ ਦਿੱਤਾ ਉਨ੍ਹਾਂ ਵੜੈਚ ਸਾਹਿਬ ਤੇਰੇ ਨਾਲ ਗੱਲਬਾਤ ਲਈ ਤਿਆਰ ਕਿਵੇਂ ਹੋ ਗਏ?

ਦਰਅਸਲ, ਮੇਰੀ ਸਿਫ਼ਾਰਿਸ਼ ਲੱਧੇਵਾਲਾ ਵੜੈਚ ਤੋਂ ਚੌਧਰੀ ਵਾਸੇ ਖਾਂ ਨੇ ਕੀਤੀ ਸੀ। ਵਾਸੇ ਖਾਂ ਉਹ ਖਿੜਕੀ ਸੀ, ਜਿਸ ਰਾਹੀਂ ਵੜੈਚ ਸਾਹਿਬ ਆਪਣੇ ਗੁਆਚੇ ਪਿੰਡ ਨੂੰ ਵੇਖਦੇ ਰਹਿੰਦੇ ਸਨ। ਉਹ ਕੋਈ ਨਾ ਕੋਈ ਫੋਟੋ ਤੇ ਮੂਵੀ ਕਲਿੱਪ ਇਨ੍ਹਾਂ ਨੂੰ ਭੇਜਦਾ ਰਹਿੰਦਾ ਸੀ। ਵੜੈਚ ਸਾਹਿਬ ਦੀ ਉਹ ਪੱਕੀ ਬੈਠਕ, ਜਿੱਥੇ ਬੈਠ ਕੇ ਉਹ ਕਦੇ ਪੜ੍ਹਦੇ ਹੁੰਦੇ ਸਨ, ਹੁਣ ਵਾਸੇ ਖਾਂ ਦੇ ਕੋਲ ਸੀ।

ਵਾਸੇ ਖਾਂ ਨੇ ਮੈਨੂੰ ਦੱਸਿਆ ਏ ਕਿ ਵੜੈਚ ਹੋਰਾਂ ਦਾ ਘਰ ਰਾਜਪੁਰੇ ਦੇ ਨੇੜਲੇ ਪਿੰਡ ਮਾਣਕਪੁਰ

ਖੇੜਾ ਤੋਂ ਗਏ ਕਾਨੂੰਗੋ ਮੁਹਮੰਦ ਸ਼ਰੀਫ਼ ਖਾਂ ਨੂੰ ਅਲਾਟ ਹੋਇਆ ਸੀ। ਉਨ੍ਹਾਂ ਦਾ ਡੇਰਾ ਤੇ ਬੈਠਕ ਪਟਿਆਲੇ ਤੋਂ ਪੰਜ ਕੁ ਮੀਲ ਦੂਰੀ 'ਤੇ ਵੱਸਦੇ ਪਿੰਡ ਫਤਿਹਪੁਰ ਰਾਜਪੂਤਾਂ ਤੋਂ ਗਏ ਉਹਦੇ ਦਾਦੇ ਬਾਊ ਅਬਦੁੱਲ ਮਜੀਦ ਨੂੰ ਅਲਾਟ ਹੋਇਆ ਸੀ। ਇਨ੍ਹਾਂ ਦਾ ਖੂਹ ਤੇ ਨਾਲ ਲੱਗਦਾ ਰਕਬਾ ਮਲੇਰਕੋਟਲੇ ਦੇ ਅਮਰਗੜ ਨੇੜਲੇ ਪਿੰਡ ਝੂੰਦਾਂ ਤੋਂ ਗਏ ਰਾਜਪੂਤਾਂ ਨੂੰ ਮਿਲਿਆ ਸੀ। ਲੱਧੇਵਾਲਾ ਦੀ ਆਬਾਦੀ ਵਧਣ ਨਾਲ ਇਹ ਖੂਹ ਆਬਾਦੀ ਵਿੱਚ ਆ ਗਿਆ ਏ।

ਗੱਲਬਾਤ ਦੇ ਅਖ਼ੀਰ 'ਚ ਸੰਤਾਲ਼ੀ 'ਚ ਹੋਈ ਕਤਲੋਗਾਰਤ ਬਾਰੇ ਵੜੈਚ ਹੋਰਾਂ ਆਖਿਆ ਸੀ:

"ਦੁਨੀਆਂ 'ਚ ਜਿੱਥੇ ਕਿਤੇ ਦੰਗੇ-ਫਸਾਦ ਹੋਏ ਨੇ ਓਥੇ ਇਸ ਤਰ੍ਹਾਂ ਹੀ ਹੋਇਆ ਏ। ਜਿੱਥੇ ਮਾਰਨ ਵਾਲੇ ਸਨ, ਓਥੇ ਉਹ ਵੀ ਸਨ ਜਿਨ੍ਹਾਂ ਜਾਨ ਤਲੀ 'ਤੇ ਧਰ ਕੇ ਲੋਕਾਂ ਨੂੰ ਬਚਾਇਆ। ਇੱਕ ਸਾਡੇ ਇਲਾਕੇ 'ਚ ਪਿੰਡ ਸੀ, ਤਲਵੰਡੀ ਰਾਹਵਾਲੀ। ਓਥੇ ਖੰਡ ਮਿੱਲ ਹੁੰਦੀ ਸੀ। ਓਸ ਪਿੰਡ 'ਚ ਕਸ਼ਮੀਰੀਆਂ ਨੇ ਐਲਾਨ ਕੀਤਾ ਹੋਇਆ ਸੀ ਕਿ ਸਾਡੇ ਪਿੰਡ 'ਚ ਜਿੰਨੀ ਦੇਰ ਸਿੱਖ ਰਹਿਣਗੇ। ਆਪਣੇ ਖੂਹ ਤੋਂ ਧਾਰ ਕੱਢ ਕੇ ਲਿਆਉਣਗੇ। ਸਾਡੇ ਇਲਾਕੇ 'ਚ ਜਿਹੜਾ ਵੀ ਸਿੱਖ ਆ ਗਿਆ, ਉਹਨੂੰ ਕੋਈ ਕੁਝ ਨਹੀਂ ਕਹੇਗਾ। ਉਂਝ ਕਸ਼ਮੀਰੀ ਮਾਰਖੋਰੇ ਬੰਦੇ ਸਮਝੇ ਜਾਂਦੇ ਨੇ। ਕਿਸੇ ਹੋਰ ਪਿੰਡ ਜਿੱਥੇ ਸਿੱਖ ਮੁਸਲਮਾਨਾਂ ਨਾਲ ਧੱਕਾ ਕਰਦੇ ਰਹੇ ਸਨ, ਜਦੋਂ ਰਾਹਵਾਲੀ ਪਹੁੰਚੇ ਤਾਂ ਕਿਸੇ ਆਖਿਆ: ਇਹ ਤਾਂ ਸਾਡੇ ਬੰਦਿਆਂ 'ਤੇ ਜ਼ੁਲਮ ਕਰਦੇ ਰਹੇ ਨੇ। ਕਸ਼ਮੀਰੀਆਂ ਆਖਿਆ: ਕੁਝ ਵੀ ਕਰਦੇ ਰਹੇ ਹੋਣ, ਹੁਣ ਇਹ ਸਾਡੇ ਪਿੰਡ ਆ ਗਏ ਨੇ। ਹੁਣ ਇਨ੍ਹਾਂ ਨੂੰ ਕੋਈ ਕੁਝ ਨਹੀਂ ਕਹੇਗਾ। ਦੋਵੇਂ ਕਿਸਮ ਦੀਆਂ ਕਹਾਣੀਆਂ ਨੇ। ਇਨਸਾਨੀਅਤ ਦੀ ਵੀ ਕੋਈ ਹੱਦ ਨਹੀਂ, ਹੈਵਾਨੀਅਤ ਦੀ ਵੀ ਕੋਈ ਹੱਦ ਨਹੀਂ। ਮੈਨੂੰ ਯਾਦ ਏ ਮੈਂ ਗੁਜਰਾਂਵਾਲੇ ਕੈਂਪ ਵਿੱਚ ਸਾਂ। ਇੱਕ ਬੰਦਾ ਜਿਨ੍ਹੇਂ ਮੁਸਲਿਮ ਲੀਗ ਦੀ ਵਰਦੀ ਪਾਈ, ਟਾਂਗੇ ਉੱਤੇ ਲੱਦ ਕੇ ਇੱਕ ਹਿੰਦੂ ਪਰਿਵਾਰ ਨੂੰ ਕੈਂਪ 'ਚ ਛੱਡ ਕੇ ਗਿਆ ਸੀ। ਮੇਰੇ ਸਾਹਮਣੇ।" ਉਹ ਚੁੱਪ ਹੋ ਗਏ ਸਨ। ਮੈਂ ਉਨ੍ਹਾਂ ਦੇ ਅਗਲੇ ਬੋਲਾਂ ਦੀ ਉਡੀਕ ਕਰਨ ਲੱਗਾ।

"ਹੁਣ ਇੱਕ ਪਾਸੇ " ਉਹ ਬੋਲੇ ਸਨ।

" ਮੇਰੇ ਸਾਹਮਣੇ ਭਗਤ ਸਿੰਘ ਹੋਰਾਂ ਦੀ ਫੋਟੋ ਲੱਗੀ ਏ, ਇੱਕ ਪਾਸੇ ਮੇਰੇ ਬਾਪੂ ਜੀ ਫੋਟੋ ਲੱਗੀ ਏ। ਇਹ ਦੋਵੇਂ ਮੇਰੇ ਗੌਡਫਾਦਰ ਨੇ। ਬਾਪੂ ਜੀ ਕੋਲ਼ੋਂ ਮੈਂ ਨਿੱਜੀ ਜ਼ਿੰਦਗੀ ਬਾਰੇ ਅਗਵਾਈ ਲੈਂਦਾਂ ਹਾਂ ਤੇ ਭਗਤ ਸਿੰਘ ਜੀ ਕੋਲੋਂ ਮੈਂ ਉਨ੍ਹਾਂ ਵਾਲੀ ਸਪਿਰਟ ਲੈਣ ਦੀ ਕੋਸ਼ਿਸ਼ ਕਰਦਾਂ ਕਿ ਮੈਂ ਵੀ ਉਨ੍ਹਾਂ ਵਾਂਗ ਚੱਲਾਂ।"

ਮੈਨੂੰ ਯਾਦ ਹੈ ਕਿ ਉਸ ਰਾਤ ਜਦੋਂ ਸਾਡੀ ਗੱਲਬਾਤ ਸਿਖ਼ਰ 'ਤੇ ਪਹੁੰਚੀ ਤਾਂ ਉਹ ਹੱਸ ਕੇ ਬੋਲੇ ਸਨ- ਕਈ ਬੰਦੇ ਮੈਨੂੰ ਕਹਿੰਦੇ ਨੇ ਅਸੀਂ ਤੁਹਾਨੂੰ ਡਰਦੇ ਫ਼ੋਨ ਨਹੀਂ ਕਰਦੇ ਕਿ ਤੁਸੀਂ ਬਹੁਤ ਪੜ੍ਹੇ-ਲਿਖੇ ਬੰਦੇ ਹੋ। ਤੁਸੀਂ ਤਾਂ ਬਿਲਕੁਲ ਸਾਡੇ ਵਰਗੇ ਹੀ ਹੋ। ਜਿਹਨੇ ਦੂਰੋਂ ਵੇਖਿਆ ਹੁੰਦਾ, ਉਹਨੂੰ ਹਰ ਇੱਕ ਨੂੰ ਭੁਲੇਖਾ ਹੁੰਦਾ ਕਿ ਪਤਾ ਨਹੀਂ ਕਿੰਨਾਂ ਸੜਿਆ ਫੂਕਿਆ ਬੰਦਾ ਹੋਣਾ। ਇਸ ਕਰਕੇ ਮੈਂ ਕੋਈ ਇੰਟਰਵਿਊ ਮੁਕੰਮਲ ਨਹੀਂ ਸਮਝਦਾ, ਜਿਸ ਵਿੱਚ ਮੈਂ

ਹੱਸਾਂ ਨਾ ਜਾਂ ਹਸਾਵਾਂ ਨਾ।"

ਛਿਣ ਕੁ ਰੁਕ ਕੇ ਉਹ ਫਿਰ ਬੋਲੇ ਸਨ।

"ਚੰਗਾ ਬਈ ਸਾਂਵਲ। ਹੁਣ ਪਤਾ ਨਹੀਂ ਮੈਂ ਤੈਨੂੰ ਗੁੱਡ ਨਾਈਟ ਕਹਾਂ ਕਿ ਗੁੱਡ ਮੌਰਨਿੰਗ?"

ਮੈਂ ਘੜੀ ਵੱਲ ਵੇਖਦਿਆਂ ਆਖਿਆ ਸੀ: ਵੜੈਚ ਸਾਹਿਬ, ਰਾਤ ਤੇ ਦਿਨ 'ਚ ਸਿਰਫ਼ ਪੰਜ ਕੁ ਮਿੰਟ ਦਾ ਫ਼ਰਕ ਏ। ਇੱਕ ਦੂਜੇ ਤੋਂ ਵਿਛੜਦਿਆਂ, ਉਹ ਫ਼ਰਕ ਵੀ ਮਿਟ ਗਿਆ। ਮੈਂ ਜਦੋਂ ਉਨ੍ਹਾਂ ਨੂੰ ਸ਼ੁਕਰੀਆ ਆਖਿਆ ਤਾਂ ਰਾਤ ਦਿਨ 'ਚ ਵਟ ਚੁੱਕੀ ਸੀ। ਚੁਫ਼ੇਰੇ ਚਾਨਣ ਹੋ ਗਿਆ ਸੀ।

ਹੁਣ ਵੀ ਜਦੋਂ ਕਦੇ ਇਉਂ ਮਹਿਸੂਸ ਹੋਵੇ ਕਿ ਕਾਲਖ਼ ਦਾ ਪਹਿਰਾ ਰਤਾ ਵਧ ਗਿਆ ਏ ਤਾਂ ਮੈਂ ਉਨ੍ਹਾਂ ਨਾਲ ਹੋਈ ਗੱਲਬਾਤ ਸੁਣ ਲੈਂਦਾ ਹਾਂ।

●

# ਗੁਜਰਾਂਵਾਲਾ ਦਾ ਖੋਜੀ ਸਪੁੱਤਰ—ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

*ਸ.ਪ. ਸਿੰਘ (ਡਾ.)*
*ਸਾਬਕਾ ਵਾਈਸ ਚਾਂਸਲਰ*
*ਗੁਰੂ ਨਾਨਕ ਦੇਵ ਯੂਨੀਵਰਸਿਟੀ,*
*ਅੰਮ੍ਰਿਤਸਰ*

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਲੱਧੇਵਾਲਾ ਵੜੈਚ (ਗੁਜਰਾਂਵਾਲਾ) ਦੀਆਂ ਉਨ੍ਹਾਂ ਸਤਿਕਾਰਯੋਗ ਸ਼ਖਸੀਅਤਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੂੰ ਬਹੁਤ ਨੇੜਿਉਂ ਮੈਂ ਭਾਵੇਂ ਬਹੁਤ ਘੱਟ ਮਿਲਿਆ ਪਰ ਉਨ੍ਹਾਂ ਬਾਰੇ ਬਹੁਤ ਕੁਝ ਜਾਣਿਆ ਪੜ੍ਹਿਆ ਅਤੇ ਆਤਮਸਾਤ ਕੀਤਾ।

ਉਹ ਮੈਨੂੰ ਬਹੁਤ ਪਿਆਰਦੇ ਸਨ ਕਿਉਂਕਿ ਮੈਂ ਵੀ ਪਿੱਛਿਓਂ ਉਨ੍ਹਾਂ ਦੀ ਜਨਮਭੂਮੀ ਗੁਜਰਾਂਵਾਲਾ ਤੋਂ ਸਾਂ ਤੇ ਮੈਂ ਉਨ੍ਹਾਂ ਨੂੰ ਇਸ ਕਰਕੇ ਜ਼ਿਆਦਾ ਪਿਆਰਦਾ ਤੇ ਸਤਿਕਾਰਦਾ ਸਾਂ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਨੂੰ ਆਦਰਸ਼ ਪ੍ਰਤੀ ਨੂੰ ਸਮਰਪਿਤ ਕੀਤਾ ਹੋਇਆ ਸੀ। ਵਿਸ਼ੇਸ਼ ਰਾਹ ਚੁਣ ਕੇ ਸਾਰੀ ਉਮਰ ਉਸ ਮਿਸ਼ਨ ਨੂੰ ਪਰਣਾਏ ਰਹੇ।

ਮੈਂ ਆਪਣੇ ਲਾਇਲਪੁਰ ਖ਼ਾਲਸਾ ਕਾਲਿਜ ਜਲੰਧਰ ਦੇ ਵਿਦਿਆਰਥੀ ਜੀਵਨ ਵਿੱਚ ਉਨ੍ਹਾਂ ਬਾਰੇ ਆਪਣੇ ਮਿੱਤਰਾਂ ਤੇ ਸਹਿਪਾਠੀਆਂ ਤੋਂ ਬਹੁਤ ਕੁਝ ਸੁਣਦਾ ਸੀ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਜੀਵਨ ਵਿੱਚ ਯੁਵਕ ਕੇਂਦਰ ਜਲੰਧਰ ਦੀ ਸਥਾਪਨਾ ਲਈ ਉਹ ਪ੍ਰੇਰਨਾ ਸਰੋਤ ਸਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜਿੰਨ੍ਹਾਂ ਨੇ ਨੌਜਵਾਨ ਵਿਦਿਆਰਥੀਆਂ ਉੱਚੇ ਦੇਸ਼ ਭਗਤਕ ਆਦਰਸ਼ਾਂ, ਨੈਤਿਕ ਕਦਰਾਂ ਕੀਮਤਾਂ ਸੰਘਰਸ਼ੀਲ ਜੀਵਨ ਅਤੇ ਦੇਸ਼ ਤੇ ਕੌਮ ਲਈ ਪ੍ਰਤਿਬੱਧ ਹੋਣ ਦੀ ਚੇਤਨਾ ਪੈਦਾ ਕਰਨ ਲਈ ਯਤਨ ਆਰੰਭੇ। ਮੈਨੂੰ ਜਲੰਧਰ ਰਜਿੰਦਰ ਨਗਰ ਲਾਡੋਵਾਲੀ ਰੋਡ ਤੇ ਯੁਵਕ ਕੇਂਦਰ ਵਿੱਚ ਜਾਣ ਦਾ ਮੌਕਾ ਵੀ ਅਕਸਰ ਮਿਲਦਾ ਸੀ। ਮੈਂ ਉਨ੍ਹਾਂ ਨਾਲ ਜੁੜੀਆਂ ਸ਼ਖਸੀਅਤਾਂ ਨੂੰ ਮਿਲਣ ਦਾ ਮੌਕਾ ਵੀ ਪ੍ਰਾਪਤ ਹੁੰਦਾ ਸੀ। ਦਰਅਸਲ ਯੁਵਕ ਕੇਂਦਰ ਲਾਡੋਵਾਲੀ ਰੋਡ ਉੱਤੇ ਰਜਿੰਦਰ ਨਗਰ ਸਥਿਤ ਇੱਕ ਅਜਿਹਾ ਕੇਂਦਰ ਸੀ ਜੋ ਸਾਦਗੀ ਲਗਨ ਤੇ ਜੀਵਨ ਦੇ ਆਦਰਸ਼ਾਂ ਨੂੰ ਅਮਲੀ ਤੌਰ ਤੇ ਜਿਉਣ ਤੇ ਪ੍ਰੇਰਨਾਦਾਇਕ ਬਣਾਉਣ ਲਈ ਸਰਗਰਮ ਰਿਹਾ ਹੈ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਇਹ ਵਿਸ਼ਵਾਸ ਸੀ ਕਿ ਜੇਕਰ ਆਪਣੇ ਭਾਰਤ ਨੂੰ ਵਿਸ਼ਵ ਵਿੱਚ ਇੱਕ ਵੱਖਰਤਾ ਚਾਹੀਦੀ ਹੈ ਤਾਂ ਉਹ ਨੌਜਵਾਨੀ ਨੂੰ ਸੁਤੰਤਰਤਾ ਲਹਿਰ ਦੀਆਂ ਸਰਗਰਮ ਸ਼ਖਸ਼ੀਅਤਾਂ, ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਤੇ ਜੇਲ੍ਹਾਂ ਕੱਟੀਆਂ, ਉਨ੍ਹਾਂ ਬਾਰੇ ਸੁਚੇਤ ਕਰੇ।

ਉਹ ਇਸ ਵਿਚਾਰ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਮਾਧਿਅਮ ਦੇ ਤੌਰ ਤੇ ਗ਼ਦਰ ਲਹਿਰ ਨੂੰ ਵਿਸ਼ੇਸ਼ ਮਹੱਤਤਾ ਦਿੰਦੇ ਸਨ ਤੇ ਉਨ੍ਹਾਂ ਦਾ ਵਿਚਾਰ ਵੀ ਸੀ ਕਿ ਗਦਰ ਲਹਿਰ ਦੇ ਯੋਧੇ,

ਉਸ ਸਮੇਂ ਰਚਿਆ ਗਿਆ ਗਦਰ ਸਾਹਿਤ ਤੇ ਉਸ ਨਾਲ ਜੁੜੇ ਜਿਹੜੇ ਲੋਕ ਨੇ ਦੇਸ਼ ਨੂੰ ਤੇ ਸਮਾਜ ਨੂੰ ਇੱਕ ਠੀਕ ਲੀਹ ਤੇ ਪਾ ਸਕਦੇ ਹਨ।

ਇਸ ਉੱਚੇ ਤੇ ਸੁੱਚੇ ਆਦਰਸ਼ ਨੂੰ ਅਪਣਾਉਣ ਤੇ ਦੇਸ਼ ਪ੍ਰੇਮੀ ਬਣਾਉਣ ਲਈ ਉਨ੍ਹਾਂ ਨੇ ਯੁਵਕ ਕੇਂਦਰ ਸਥਾਪਿਤ ਕੀਤਾ ਕੇਂਦਰ ਸਥਾਪਿਤ ਕਰਨ ਵਿੱਚ ਮੁਢਲੇ ਤੌਰ ਤੇ ਭਾਵੇਂ ਬਾਬਾ ਸੋਹਣ ਸਿੰਘ ਭਕਨਾ ਤੇ ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਵਿੱਦਿਆ ਵਤੀ ਸਰਪ੍ਰਸਤ ਸਨ ਪਰ ਪ੍ਰੋ. ਮਲਵਿੰਦਰਜੀਤ ਸਿੰਘ ਮੋਢੀ ਮੰਨੇ ਜਾਂਦੇ ਸਨ ਪਰ ਉਹਨਾਂ ਦੇ ਨਾਲ ਪ੍ਰਿੰ. ਜਸਵੰਤ ਸਿੰਘ ਗਿੱਲ, ਰਜਿੰਦਰ ਸਿੰਘ ਚੀਮਾ, ਪ੍ਰਿੰਸੀਪਲ ਮ ਸ ਪਰਮਾਰ ਪ੍ਰੋ. ਜਗਮੋਹਣ ਸਿੰਘ, ਹਰਭਜਨ ਸਿੰਘ ਲੋਹਗੜ੍ਹ, ਬਲਬੀਰ ਸਿੰਘ ਸੰਧੂ ਰੁੜਕਾ ਕਲਾਂ, ਪਰਮਜੀਤ ਗਾਂਧਰੀ, ਸੁਦਰਸ਼ਨ ਕੁਮਾਰ ਲਾਂਬੜਾ ਵਿਸ਼ੇਸ਼ ਤੌਰ ਤੇ ਸਰਗਰਮ ਸਨ। ਇਨ੍ਹਾਂ ਸਾਰਿਆਂ ਨੇ ਪੂਰੀ ਸਰਗਰਮੀ ਨਾਲ ਯੁਵਕ ਕੇਂਦਰ ਵਿੱਚ ਨਵੀਂ ਸੋਚ ਨੂੰ ਦੇਸ਼ ਪ੍ਰਤੀ ਪਿਆਰ ਤੇ ਲਗਨ ਨਾਲ ਜੋੜਨ ਲਈ ਯਤਨਸ਼ੀਲ ਹੋਣਾ ਸ਼ਾਮਿਲ ਹਨ।

ਯੁਵਕ ਕੇਂਦਰ ਜਿੱਥੇ ਗ਼ਦਰੀ ਬਾਬਿਆਂ ਦੇ ਜੀਵਨ ਨੂੰ ਨੌਜਵਾਨਾਂ ਤੱਕ ਪਹੁੰਚਾਉਣ ਦੇ ਲਈ ਸਾਹਿਤ ਦੀ ਰਚਨਾ ਦਾ ਪ੍ਰਕਾਸ਼ਨ ਤੇ ਪਸਾਰ ਕਰਦਾ ਸੀ, ਉੱਥੇ ਉਨ੍ਹਾਂ ਦਾ ਪ੍ਰੇਰਨਾ ਸਰੋਤ ਵੀ ਬਣਦਾ ਸੀ। ਯੁਵਕ ਕੇਂਦਰ ਦੁਆਰਾ ਇਸ ਕੰਮ ਨੇ ਇਸ ਕਾਰਜ ਲਈ ਜਿੱਥੇ ਬਾਬਾ ਸੋਹਨ ਸਿੰਘ ਭਕਨਾ ਦੀ ਸਵੈ ਜੀਵਨੀ "ਜੀਵਨ ਸੰਗ੍ਰਾਮ"ਨੂੰ ਪ੍ਰਕਾਸ਼ਤ ਕੀਤਾ ਉਥੇ ਨਿਰੰਤਰ ਤੌਰ ਤੇ ਮਾਸਿਕ ਪੱਤਰ "ਕੌਮੀ ਲਹਿਰ " ਰਾਹੀਂ ਇਤਿਹਾਸ ਪ੍ਰਚਾਰ ਸ਼ੁਰੂ ਕਰਕੇ ਉਨ੍ਹਾਂ ਦੇਸ਼ ਦੇ ਕੌਮੀ ਸੰਘਰਸ਼ ਲਈ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਆਪਣੇ ਨਾਲ ਜੋੜਨ ਦਾ ਯਤਨ ਕੀਤਾ। ਇਸ ਲਈ ਉਹਨਾਂ ਨੇ ਜਿਥੇ ਵਿਦਿਆਰਥੀਆਂ ਨੂੰ ਤੇ ਨੌਜਵਾਨਾਂ ਨੂੰ ਜੰਗੇ ਆਜ਼ਾਦੀ ਦਾ ਇਤਿਹਾਸ ਪੜਨ ਲਿਖਣ ਵੱਲ ਪ੍ਰੇਰਿਆ ਉਥੇ ਨਾਲ ਹੀ ਸਮਾਗਮ, ਪ੍ਰਦਰਸ਼ਨੀ ਸਾਹਿਤ ਤੇ ਗ਼ਦਰ ਸਾਹਿਤ ਨੂੰ ਪ੍ਰਕਾਸ਼ਿਤ ਪ੍ਰਕਾਸ਼ਿਤ ਕੀਤਾ। ਇਹ ਇਤਿਹਾਸਕ ਸਾਹਿੱਤ ਲੋਕਾਂ ਵਿੱਚ ਪ੍ਰਚਾਰਨ ਲਈ ਕਈ ਪ੍ਰਕਾਰ ਦੇ ਯਤਨ ਕੀਤੇ।

ਨਿਰਸੰਦੇਹ ਕਿਹਾ ਜਾ ਸਕਦਾ ਕਿ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਪ੍ਰੇਰਨਾ ਤੇ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਵਿਦਿਆਰਥੀ ਜੀਵਨ ਵਿੱਚ ਅੰਸ਼ਕ ਤੌਰ ਤੇ ਇਸ ਕੇਂਦਰ ਨਾਲ ਜੁੜਿਆ ਰਿਹਾ ਭਾਵੇਂ ਮੇਰਾ ਇਸ ਕਾਰਜ ਚ ਬਹੁਤ ਹੀ ਥੋੜਾ ਯੋਗਦਾਨ ਰਿਹਾ ਪਰ ਮੈਂ ਸਮਝਦਾ ਕਿ ਜੋ ਕੁਝ ਵੀ ਜ਼ਿੰਦਗੀ ਵਿੱਚ ਸੱਚੇ ਸੁੱਚੇ ਆਦਰਸ਼ ਅਪਣਾਏ ਹਨ ਉਹਨਾਂ ਵਿੱਚ ਸਭ ਤੋਂ ਵੱਡਾ ਯੋਗਦਾਨ ਯੁਵਕ ਕੇਂਦਰ ਦਾ ਮੰਨਿਆ ਜਾ ਸਕਦਾ ਹੈ।

ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਤੇ ਉਨ੍ਹਾਂ ਨਾਲ ਸਬੰਧਤ ਜਗਮੋਹਨ ਸਿੰਘ, ਜਸਵੰਤ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ ਆਦਿ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ ਜਿਨ੍ਹਾਂ ਆਪਣੀ ਜ਼ਿੰਦਗੀ ਵਿੱਚ ਪ੍ਰਤਿਬੱਧ ਆਦਰਸ਼ਾਂ ਨੂੰ ਅਪਣਾ ਕੇ ਨੌਜਵਾਨੀ ਨੂੰ ਠੀਕ ਸੇਧ ਦੇਣ ਵਾਲੇ ਪਾਸੇ ਹਮੇਸ਼ਾ ਯਤਨਸ਼ੀਲ ਰਹੇ।

ਇਸ ਲਹਿਰ ਨੇ ਨੌਜਵਾਨੀ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਉਸ ਕਰਕੇ ਹੀ ਇੱਕ

ਨਵੀਂ ਸੋਚ ਪ੍ਰਚਾਰ ਸ਼ਖਸ਼ੀਅਤ ਨਾਲ ਜੁੜਨਾ ਤੇ ਉਨ੍ਹਾਂ ਨਾਲ ਜ਼ਿੰਦਗੀ ਦੇ ਕੁਝ ਪਲ ਜਿਹੜੇ ਗੁਜ਼ਾਰ ਨੇ ਮੇਰੇ ਲਈ ਇੱਕ ਸ਼ੁਭ ਮੌਕਾ ਸੀ ਤਾਂ ਕਿ ਥੋੜੇ ਸਮੇਂ ਵਿੱਚ ਵੀ ਬਹੁਤੇ ਜਿਆਦਾ ਪ੍ਰਭਾਵ ਗ੍ਰਹਿਣ ਕਰਦਿਆ ਜਿਹੜਾ ਮੇਰਾ ਆਧਾਰ ਬਣਿਆ ਉਸ ਪ੍ਰਸੰਦਾ ਬਹੁਤ ਵੱਡਾ ਯੋਗਦਾਨ ਤੇ ਮੈਂ ਆਪਣੇ ਜੀਵਨ ਵਿੱਚ ਜਿੱਥੇ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਨੂੰ ਪਾਕਿਸਤਾਨ ਵਿੱਚ ਰਹਿ ਗਏ ਗੁਰੂ ਨਾਨਕ ਖ਼ਾਲਸਾ ਕਾਲਿਜ ਗੁਜਰਾਂਵਾਲਾ ਕਾਲਜ ਦਾ ਦੇਸ਼ ਵੰਡ ਵੇਲੇ ਐੱਫ ਐੱਸ ਸੀ ਵਿਦਿਆਰਥੀ ਹੋਣ ਕਰਕੇ ਅਤੇ ਸਾਰੇ ਜੀਵਨ ਵਿੱਚ ਪ੍ਰੇਰਨਾ ਸਰੋਤ ਦੇ ਤੌਰ ਤੇ ਕੰਮ ਕਰਨ ਵਾਲੇ ਵਿਅਕਤੀ ਹੋਣ ਤੇ ਉਨ੍ਹਾਂ ਨੂੰ ਵੇਖਦਾ ਰਿਹਾਂ। ਇਹ ਇੱਛਾ ਵੀ ਰੱਖੀ ਹੈ ਕਿ ਕਿ ਉਨ੍ਹਾਂ ਦੁਆਰਾ ਦਰਸਾਏ ਰਸਤੇ ਤੇ ਹੁਣ ਵੀ ਜੇ ਅਸੀਂ ਨੌਜਵਾਨੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਾਂਗੇ ਤਾਂ ਜਿੱਥੇ ਨਸਿਆਂ ਦਾ ਤੇ ਜੁਰਮ ਦਾ ਅਸਰ ਘਟੇਗਾ ਉੱਥੇ ਅਜਿਹੇ ਸਮਾਜ ਦੀ ਸਿਰਜਣਾ ਵੀ ਹੋਏਗੀ ਜਿਹੜਾ ਸਮਾਜ ਸੁਚੱਜੀ ਸੇਧ ਦੇਣ ਵਾਲਾ ਹੋਵੇਗਾ। ਪੰਜਾਬ ਲਈ ਇਹ ਨਵਾਂ ਆਦਰਸ਼ ਸਾਬਤ ਕਰੇਗਾ। ਉਸ ਲਈ ਸਾਨੂੰ ਸਾਰਿਆਂ ਨੂੰ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਹ ਆਪਣੇ ਆਪ ਵਿੱਚ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਏਗੀ। ਆਓ ਅੱਜ ਦੇ ਦਿਨ ਪ੍ਰਣ ਕਰੀਏ ਕਿ ਅਸੀਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੁਆਰਾ ਮਿਥੇ ਆਦਰਸ਼ਾਂ ਤੇ ਉਨ੍ਹਾਂ ਦੇ ਯਤਨਾਂ ਨੂੰ ਅੱਗੇ ਤੋਰੀਏ। ਕਾਰਜਸ਼ੀਲ ਹੋ ਕੇ ਆਪਣਾ ਪੰਜਾਬ ਵਿਕਾਸ ਸ਼ੀਲ ਬਣਾਉਣ ਲਈ ਯਤਨਸ਼ੀਲ ਹੋਈਏ, ਰਾਜਨੀਤਿਕ ਤੌਰ ਦੇ ਉੱਤੇ ਫੋਕੇ ਨਾਅਰੇ ਲਾਉਣ ਨਾਲ ਪੰਜਾਬ ਰੰਗਲਾ ਨਹੀਂ ਬਣੇਗਾ। ਜੇਕਰ ਸਾਡੇ ਪ੍ਰੇਰਨਾ ਸਰੋਤ ਪ੍ਰੋ. ਮਲਵਿੰਦਰਜੀਤ ਸਿੰਘ ਵਰਗੇ ਲੋਕ ਅੱਗੇ ਲੱਗ ਕੇ ਨੌਜਵਾਨਾਂ ਦਾ ਪ੍ਰਦਰਸ਼ਨ ਕਰਨਗੇ ਤਾਂ ਚੰਗੇ ਨਤੀਜੇ ਮਿਲ ਸਕਦੇ ਹਨ। ਉਨ੍ਹਾਂ ਦਾ ਵਿਛੋੜਾ ਪੰਜਾਬ ਲਈ ਬਹੁਤ ਵੱਡਾ ਘਾਟਾ ਹੈ। ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਕਿ ਅਸੀਂ ਉਨ੍ਹਾਂ ਦੇ ਅਪਣਾਏ ਆਦਰਸ਼ਾਂ ਤੇ ਮਾਰਗ ਦਰਸ਼ਨ ਨੂੰ ਅਪਣਾਈਏ ਤੇ ਯੁਵਕ ਕੇਂਦਰ ਦੁਆਰਾ ਸਥਾਪਤ ਕੀਤੇ ਗਏ ਆਧਾਰ ਮੁੜ ਸੁਰਜੀਤ ਕਰਕੇ ਸਮਾਜ ਨੂੰ ਠੀਕ ਕਰੀਏ।

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਪ੍ਰਬੰਧਕ ਕਮੇਟੀ, ਸਟਾਫ ਤੇ ਵਿਦਿਆਰਥੀਆਂ ਵੱਲੋਂ ਆਪਣੀ ਸੰਸਥਾ ਦੇ ਪੁਰਾਣੇ ਵਿਦਿਆਰਥੀ ਦੇ ਵਿਛੋੜੇ ਤੇ ਸ਼ਰਧਾ ਸੁਮਨ ਭੇਂਟ ਕਰਦੀ ਹੈ।

●

# ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਸਾਹਿਬ ਦੇ ਤੁਰ ਤੇ...

*ਕਰਨਬੀਰ ਸਿੰਘ (ਡਾ.)*
*ਲਾਇਲਪੁਰ ਖ਼ਾਲਸਾ ਕਾਲਿਜ*
*ਜਲੰਧਰ*

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਜਦੋਂ ਮੈਂ ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦੇ ਸੰਘਰਸ਼ਮਈ ਜੀਵਨ ਤੇ ਪੀ ਐੱਚ ਡੀ ਕਰਨ ਦੀ ਸ਼ੁਰੂਆਤ ਕੀਤੀ ਤਾਂ ਮੈਨੂੰ ਮਲਵਿੰਦਰਜੀਤ ਸਿੰਘ ਵੜੈਚ ਹੁਰਾਂ ਨਾਲ ਮਿਲਣ ਦੀ ਇਕ ਦੋਸਤ ਨੇ ਸਲਾਹ ਦਿੱਤੀ। ਫ਼ੋਨ ਨੰਬਰ ਦੇ ਕੇ ਉਸਨੇ ਮੈਨੂੰ ਕਿਹਾ ਕਿ ਉਹ 'ਗਦਰੀ ਬਾਬਿਆਂ ਦੇ ਮੁਣਸ਼ੀ' ਨੇ। ਤੈਨੂੰ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ। ਬਾਬਾ ਸੋਹਣ ਸਿੰਘ ਭਕਨਾ ਜੀ ਦੀ ਜੀਵਨੀ ਦੇ ਖੋਜ ਕਾਰਜ ਦੇ ਸਹੀ ਰਾਹ ਤੇ ਤੈਨੂੰ ਉਹੀ ਪਾ ਸਕਦੇ ਨੇ।

ਮੈਂ ਉਨ੍ਹਾਂ ਨੂੰ ਫ਼ੋਨ ਕੀਤਾ ਤੇ ਆਪਣੇ ਕਾਰਜ ਤੇ ਮਨੋਰਥ ਬਾਰੇ ਦੱਸਿਆ। ਉਨ੍ਹਾਂ ਬੜੇ ਪਿਆਰ ਨਾਲ ਨਾ ਸਿਰਫ਼ ਬੁਲਾਇਆ ਸਗੋਂ ਆਪਣੇ ਘਰ ਤੱਕ ਆਉਣ ਲਈ ਰਾਹ ਰਸਤੇ ਦੀਆਂ ਬਾਰੀਕੀਆਂ ਵੀ ਸਮਝਾਈਆਂ। ਮੈਂ ਸੁਖ਼ਨਾ ਲੇਕ ਚੰਡੀਗੜ੍ਹ ਦੇ ਨੇੜਿਓਂ ਕੈਂਬਵਾਲਾ ਪਿੰਡ ਦੀਆਂ ਪਗਡੰਡੀਆਂ ਫ਼ੜ ਕੇ ਸਕੇਤੜੀ ਪਿੰਡ ਦੇ ਬਾਹਰ ਵਾਰ ਉਨ੍ਹਾਂ ਦੀ ਗੁਫ਼ਾ ਵਰਗੀ ਰਿਹਾਇਸ਼ਗਾਹ ਤੇ ਪੁੱਜ ਗਏ ਪਹਿਲੀ ਮਿਲਣੀ ਵਿੱਚ ਹੀ ਉਹ ਦਿਲ ਦੀਆਂ ਗਹਿਰਾਈਆਂ ਤੱਕ ਮੇਰੇ ਅੰਦਰ ਸਮਾ ਗਏ। ਘਰ ਦੇ ਅੰਦਰ ਵੜਨ ਲੱਗਿਆ ਮੈਂ ਉਨ੍ਹਾਂ ਨੂੰ "ਸਰ" ਸ਼ਬਦ ਨਾਲ ਸੰਬੋਧਨ ਕੀਤਾ ਸੀ ਪਰ ਵਾਪਸ ਆਉਣ ਲੱਗਿਆ ਉਹ ਮੇਰੇ ਲਈ "ਬਾਬਾ ਜੀ" ਬਣ ਗਏ ਸਨ। ਫ਼ੇਰ ਤਾਂ ਮੇਰਾ ਲਗਾਤਾਰ ਆਉਣਾ ਜਾਣਾ ਬਣਿਆ ਰਿਹਾ। ਉਨ੍ਹਾਂ ਨੂੰ ਮਿਲਣਾ ਕਿਸੇ ਪਵਿੱਤਰ ਥਾਂ ਤੇ ਜਆਿਰਤ ਕਰਨ ਦੇ ਬਰਾਬਰ ਸੀ।

ਸਮੇਂ ਦੇ ਹਾਣੀ, ਵਕਤ ਦੀ ਕਦਰ ਕਰਨ ਵਾਲੇ। ਇੰਝ ਲੱਗਦਾ ਸੀ ਕਿ ਹਰ ਘੜੀ ਜੀਵਨ ਦੀ ਰੰਮ ਲਈ ਨਿਸ਼ਚਤ ਕੀਤੀ ਹੋਈ ਸੀ ਉਨ੍ਹਾਂ। ਕਿਸ ਵੇਲੇ ਕੌਣ ਮਿਲਣ ਆਇਆ, ਕਿਸਦਾ ਫ਼ੋਨ ਆਇਆ, ਕੌਣ ਕਿਹੜੀ ਕਿਤਾਬ ਲੈ ਕੇ ਗਿਆ, ਕਿਸ ਵਿਸ਼ੇ ਬਾਰੇ ਗੱਲ ਕਰਨ ਆਇਆ ਸੀ.... ਸਭ ਉਨ੍ਹਾਂ ਦੀ ਡਾਇਰੀ ਵਿੱਚ ਲਿਖਿਆ ਹੁੰਦਾ ਸੀ। ਜਿਵੇਂ ਉਹ ਹਰ ਪਲ ਨੂੰ ਇਤਿਹਾਸਕ ਸਮਝਕੇ ਆਪਣੀ ਕਲਮ ਰਾਹੀਂ ਸਾਂਭ ਲੈਣਾ ਚਾਹੁੰਦੇ ਹੋਣ।

ਗਦਰ ਲਹਿਰ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਨਾਲ ਸਬੰਧਿਤ ਬਹੁਤ ਸਾਰੇ ਤਸਦੀਕ ਸ਼ੁਦਾ ਦਸਤਾਵੇਜ਼ ਉਨ੍ਹਾਂ ਦੇ ਸਿਰੜ ਸਦਕਾ ਕਿਤਾਬੀ ਰੂਪ ਵਿੱਚ ਆ ਸਕੇ। ਗਦਰ ਪਾਰਟੀ ਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਨਾਲ ਸਬੰਧਿਤ ਇਹ ਦਸਤਾਵੇਜ਼ ਉਨ੍ਹਾਂ ਤੋਂ ਪਹਿਲਾਂ ਸਟੇਟ ਅਤੇ ਨੈਸ਼ਨਲ ਆਰਕਾਈਵਜ਼ ਦੀਆਂ ਫਾਇਲਾਂ ਵਿੱਚ ਹੀ ਚੁੱਪ ਚਾਪ ਬੈਠੇ ਹੋਏ ਸਨ।

ਗਦਰ ਪਾਰਟੀ ਨੂੰ ਇਤਿਹਾਸ ਵਿੱਚ ਵੱਖਰਾ ਸਥਾਨ ਦਿਵਾਉਣ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਵੱਡਾ ਹੈ। ਉਨ੍ਹਾਂ ਦੀਆਂ ਲਿਖਤਾਂ ਤੋਂ ਬਿਨਾਂ ਗ਼ਦਰ ਅੰਦੋਲਨ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਅਧੂਰੀ ਹੈ। ਡਗਸ਼ਈ ਦੇ 23 ਘੋੜ ਸਵਾਰ ਰੈਜੀਮੈਂਟ ਦੇ ਸ਼ਹੀਦਾਂ ਨੂੰ ਇਤਿਹਾਸਕ ਤੱਥਾਂ ਰਾਹੀਂ ਪ੍ਰਮਾਣਿਕਤਾ ਵੀ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਦਸਤਾਵੇਜ਼ਾਂ ਕਰਕੇ ਹੀ ਸੰਭਵ ਹੋਈ। ਉਨ੍ਹਾਂ ਕੋਲ ਬੈਠਿਆਂ ਲੱਗਦਾ ਸੀ ਜਿਵੇਂ ਜ਼ਿੰਦਗੀ ਵੱਡ -ਅਕਾਰੀ ਹੋ ਗਈ ਹੋਵੇ। "ਜ਼ਿੰਦਗੀ ਕਦੀ ਅਧੂਰੀ ਨਹੀਂ ਹੁੰਦੀ", ਉਨ੍ਹਾਂ ਇਕ ਵਾਰੀ ਮੈਨੂੰ ਬੈਠਿਆਂ ਨੂੰ ਕਿਹਾ ਸੀ। ਇਕ ਅਧਿਆਪਕ, ਇਕ ਐਡਵੋਕੇਟ, ਇਕ ਇਤਿਹਾਸਕਾਰ ਅਤੇ ਇਕ ਇਨਸਾਨ ਵਜੋਂ ਉਨ੍ਹਾਂ ਨੇ ਆਪਣੇ ਹਿੱਸੇ ਦਾ ਕਾਰਜ ਨਿਭਾਉਣ ਨੂੰ ਹੀ ਉਨ੍ਹਾਂ ਧਰਮ ਸਮਝਿਆ ਹੈ। ਵੜੈਚ ਸਾਹਿਬ ਪਰਿਵਾਰ ਨੇ ਪਾਕਿਸਤਾਨ ਬਣਨ ਵੇਲੇ ਹੋਏ ਉਜਾੜੇ ਵੇਲੇ ਬਹੁਤ ਕੁਝ ਗਵਾਇਆ ਹੈ।

ਬਾਬਾ ਸੋਹਣ ਸਿੰਘ ਭਕਨਾ ਜੀ ਦੇ ਆਖਰੀ ਸਾਲਾਂ ਵਿੱਚ ਉਹ ਉਨ੍ਹਾਂ ਨੂੰ ਕਈ ਵਾਰ ਮਿਲੇ। ਲੁਧਿਆਣੇ ਤੋਂ ਸਾਇਕਲ ਚਲਾ ਕੇ ਭਕਨਾ ਪਿੰਡ (ਅੰਮ੍ਰਿਤਸਰ) ਪਹੁੰਚਣਾ ਵੀ ਤਾਂ ਆਪਣੇ ਆਪ ਵਿੱਚ ਹਿੰਮਤੀ ਉਦਮ ਹੀ ਸੀ। ਯੁਵਕ ਕੇਂਦਰ ਜਲੰਧਰ ਵਲੋਂ ਬਾਬਾ ਸੋਹਣ ਸਿੰਘ ਭਕਨਾ ਜੀ ਦੀ ਜੀਵਨੀ "ਜੀਵਨ ਸੰਗਰਾਮ"ਪਹਿਲੀ ਵਾਰ ਸ਼ਾਹਮੁਖੀ ਤੋਂ ਪੰਜਾਬੀ ਵਿੱਚ ਲਿਪੀ ਅੰਤਰ ਕਰਕੇ ਉਨ੍ਹਾਂ ਹੀ ਪ੍ਰਕਾਸ਼ਿਤ ਕਰਵਾਈ ਸੀ। ਉਨ੍ਹਾਂ ਅਕਸਰ ਕਹਿਣਾ ਕਿ "ਮੇਰੀ ਜ਼ਿੰਦਗੀ ਤੇ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਭਰੀਆਂ ਸ਼ਖ਼ਸੀਅਤਾਂ ਦਾ ਬੜਾ ਅਸਰ ਹੈ। ਜੇ ਮੈਂ ਉਨ੍ਹਾਂ ਸਿਰਲੱਥ ਮਰਜੀਵੜਿਆਂ ਦੇ ਸਿਰਲੇਖ ਹੀ ਲਿਖ ਸਕਿਆ ਤਾਂ ਇਹ ਵੀ ਵੱਡੀ ਗੱਲ ਹੈ।"

ਉਨ੍ਹਾਂ ਗੁੱਸਾ ਵੀ ਕਰਨਾ, ਡਾਂਟਣਾ ਵੀ, ਪਰ ਜਿੰਨਾਂ ਉਨ੍ਹਾਂ ਪਿਆਰ ਦੇਣਾ, ਉਸਦੇ ਮੁਕਾਬਲੇ ਉਹ ਗੁੱਸਾ ਤਾਂ ਪਾਸਕੂੰ ਵੀ ਨਹੀਂ ਸੀ। ਬਾਬਾ ਵੜੈਚ ਜੀ ਨਾਲ ਨਾਰਾਜ਼ ਹੋਣ ਦਾ ਮਤਲਬ ਉਨ੍ਹਾਂ ਦੇ ਪਿਆਰ ਤੋਂ ਵਿਰਵੇ ਹੋਣਾ ਸੀ। ਜਦੋਂ ਰਾਜਵਿੰਦਰ ਸਿੰਘ ਰਾਹੀ ਨੇ ਬਾਬਾ ਜੀ ਦੀ "ਅਕਾਲੀ ਤੇ ਪਰਦੇਸੀ" ਵਿੱਚ ਲੜੀਵਾਰ ਛਪੀ ਜੀਵਨੀ "ਮੇਰੀ ਰਾਮ ਕਹਾਣੀ" ਨੂੰ ਕਿਤਾਬ ਰੂਪ ਵਿੱਚ ਛਾਪਿਆ ਤਾਂ ਮੇਰੀ ਉਨ੍ਹਾਂ ਨਾਲ ਇਸ ਬਾਰੇ ਗੱਲ ਹੋਈ।

ਮੈਨੂੰ ਕਹਿੰਦੇ ਇਸਨੂੰ ਪੜ੍ਹ ਤੇ ਮੇਰੇ ਨਾਲ ਗੱਲ ਕਰੀ, ਕਿਤੇ ਕੋਈ ਰਲੇਵਾਂ ਤਾਂ ਨਹੀਂ।

ਮੈਂ ਕਿਹਾ ਬਾਬਾ ਜੀ ਇਹ 'ਅਕਾਲੀ ਤੇ ਪ੍ਰਦੇਸੀ' ਅਖ਼ਬਾਰ ਵਿਚ ਛਪੀ ਹੋਈ ਲਿਖ਼ਤ ਮੇਰੇ ਕੋਲ ਪਹਿਲਾਂ ਹੀ ਹੈ। ਮੈਂ ਇਹ ਪਟਿਆਲਾ ਸਟੇਟ ਆਰਕਾਈਵ ਤੋਂ ਪ੍ਰਾਪਤ ਕੀਤੀ ਸੀ। ਉਹ ਮੈਨੂੰ ਝਿੜਕਦੇ ਹੋਏ ਬੋਲੇ ਕਿ "ਜੇ ਤੇਰੇ ਕੋਲ ਸੀ ਤਾਂ ਮੈਨੂੰ ਦੱਸਿਆ ਕਿਉਂ ਨਹੀਂ। ਆਪਾਂ ਇਸਨੂੰ ਕਿਤਾਬ ਰੂਪ ਵਿੱਚ ਸੰਪਾਦਿਤ ਕਰਕੇ ਛਾਪ ਦਿੰਦੇ।"

ਮੈਂ ਕਿਹਾ ਬਾਬਾ ਜੀ ਮੈ ਇਸ ਪਾਸੇ ਵੱਲ ਧਿਆਨ ਈ ਨਹੀਂ ਕੀਤਾ।

ਇਹ ਵੀ ਉਨ੍ਹਾਂ ਦਾ ਅਪਣੱਤ ਭਰਿਆ ਨਿਹੋਰਾ ਸੀ।

ਉਹ ਗਦਰ ਲਹਿਰ ਦੇ ਕ੍ਰਾਂਤੀਕਾਰੀ ਦੇਸ਼ ਭਗਤੀ ਦੇ ਰੰਗਾਂ ਵਿੱਚ ਰੰਗੇ ਅਮਰ ਹੋ ਗਏ।

ਵੜੈਚ ਸਾਹਿਬ ਉਨ੍ਹਾਂ ਸੁਰਖ਼ ਸ਼ਹਾਦਤਾਂ ਨੂੰ ਸੰਭਾਲਣ ਦੀ ਸੇਵਾ ਕਰਨ ਕਰਕੇ ਅਮਰ ਰਹਿਣਗੇ।

# ਜਦੋਂ ਭਾ ਜੀ ਮਲਵਿੰਦਰ ਜੀਤ ਮੈਨੂੰ ਚੰਗੀ ਪੜ੍ਹਾਈ ਲਈ ਪਿੰਡੋਂ ਆਪ ਲੈਣ ਆਏ

*ਸੁਖਵੰਤ ਸਿੰਘ ਗਿੱਲ (ਪ੍ਰੋ.)*
*ਬਟਾਲਾ (ਗੁਰਦਾਸਪੁਰ)*

ਗੱਲ ਇੰਝ ਹੋਈ ਕਿ ਮੈਂ 6 ਮਈ 1962 ਐਤਵਾਰ ਵਾਲੇ ਦਿਨ ਆਪਣੇ ਪਿੰਡ ਬਸੰਤ ਕੋਟ ਵਿੱਚ ਹਾਣੀਆਂ ਨਾਲ ਪਿੰਡ ਦੇ ਸਕੂਲ ਦੀ ਗਰਾਊਂਡ ਵਿੱਚ ਫੁੱਟਬਾਲ ਖੇਡ ਰਿਹਾ ਸਾਂ। ਮੈਨੂੰ ਘਰੋਂ ਆਇਆ ਇਕ ਸੁਨੇਹਾ ਮਿਲਿਆ, "ਘਰ ਵਾਪਸ ਆ! ਘਰ ਤੇਰੇ ਲੁਧਿਆਣੇ ਵਾਲੇ ਭਾਅ ਜੀ ਮਲਵਿੰਦਰ ਜੀਤ ਸਿੰਘ ਆਏ ਹੋਏ ਹਨ।" ਉਹ ਉਸ ਸਮੇਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਪ੍ਰੋਫ਼ੈਸਰ ਸਨ। ਮੈਂ ਤਾਂ ਅਜੇ ਤੱਕ ਕਦੇ ਉਨ੍ਹਾਂ ਕੋਲ ਲੁਧਿਆਣੇ ਗਿਆ ਹੀ ਨਹੀਂ ਸੀ, ਪਰ ਉਹਨਾਂ ਬਾਰੇ ਆਪਣੇ ਬਾਪੂ ਜੀ ਸ. ਹਰਨਾਮ ਸਿੰਘ ਕੋਲੋਂ ਬਹੁਤ ਹੀ ਦਿਲਚਸਪ ਗੱਲਾਂ ਸੁਣੀਆਂ ਹੋਈਆਂ ਸਨ।

ਉਦੋਂ ਮੈਂ ਬਾਪੂ ਜੀ ਕੋਲੋਂ ਸੁਣਿਆ ਹੋਇਆ ਸੀ ਕਿ, "ਮਲਵਿੰਦਰਜੀਤ ਮੇਰਾ ਬਹੁਤ ਸਿਆਣਾ ਭਣੇਵਾਂ ਹੈ ਅਤੇ ਉਸ ਨੇ 48 ਜਮਾਤਾਂ ਪਾਸ ਕੀਤੀਆਂ ਹੋਈਆਂ ਨੇ"। ਉਨ੍ਹਾਂ ਦੀ ਇਸ ਟਿੱਪਣੀ ਦਾ ਕਾਰਨ ਇਹ ਸੀ ਕਿ ਉਸ ਸਮੇਂ ਭਾ ਜੀ ਨੇ 3 ਐਮ ਏ ਪਾਸ ਕੀਤੀਆਂ ਹੋਈਆਂ ਸਨ। ਭਾ ਜੀ ਦੇ ਨਿੱਜੀ ਜੀਵਨ ਦੇ ਤੌਰ - ਤਰੀਕੇ ਆਮ ਲੋਕਾਂ ਲਈ ਉਸ ਸਮੇਂ ਵੀ ਬਹੁਤ ਅਦੁੱਤੀ ਸਨ। ਉਨ੍ਹਾਂ ਦੀ ਸ਼ਾਦੀ ਬਹੁਤ ਹੀ ਸਾਦੇ ਢੰਗ ਨਾਲ, ਬਿਨਾਂ ਬਰਾਤ ਅਤੇ ਬਿਨਾਂ ਦਾਜ ਤੋਂ ਹੋਣੀ, ਸ਼ਰਾਬ ਨਾ ਪੀਣੀ, ਪੜ੍ਹਨਾ ਲਿਖਣਾ, ਹਰ ਇਕ ਨੂੰ ਸਿਆਣੀ ਸਲਾਹ ਦੇਣੀ ਅਤੇ ਆਪਣੀ ਸਿਹਤ ਨੂੰ ਠੀਕ ਰੱਖਣ ਲਈ ਪੂਰੇ ਅਨੁਸ਼ਾਸਨ ਵਿਚ ਨਿਯਮਿਤ ਰੂਪ ਨਾਲ ਵਰਜਿਸ਼ ਕਰਨੀ ਆਦਿ ਗੱਲਾਂ ਕਾਰਨ, ਉਨ੍ਹਾਂ ਨੂੰ ਉਸ ਸਮੇਂ ਸਾਡੇ ਸਾਰੇ ਰਿਸ਼ਤੇਦਾਰਾਂ ਵਿੱਚ "ਸਿਆਣੇ" ਹੋਣ ਦਾ ਖਿਤਾਬ ਮਿਲ ਚੁੱਕਾ ਸੀ।

9 ਫਰਵਰੀ 1958 ਨੂੰ ਉਹਨਾਂ ਦੇ ਘਰ ਬੇਟੀ ਮਿੰਨਾ ਨੇ ਜਨਮ ਲਿਆ। ਉਨ੍ਹਾਂ ਆਪਣੀ ਇਕਲੌਤੀ ਬੇਟੀ ਨੂੰ ਪੜ੍ਹਾਇਆ ਅਤੇ ਮੈਡੀਕਲ ਡਾਕਟਰ ਬਣਨ ਦਾ ਮਾਹੌਲ ਦਿੱਤਾ।

ਭਾ ਜੀ ਮਲਵਿੰਦਰਜੀਤ ਨਾਲ ਮੇਰੇ ਨਿੱਜੀ ਲਗਾਵ ਦਾ ਇੱਕ ਕਾਰਨ ਇਹ ਵੀ ਸੀ ਕਿ ਉਹਨਾਂ ਦੇ ਲਿਖੇ ਖ਼ਤਾਂ ਨੂੰ ਮੈਂ ਤੀਸਰੀ ਜਮਾਤ ਤੋਂ ਹੀ ਬਹੁਤ ਆਸਾਨੀ ਨਾਲ ਪੜ੍ਹ ਲੈਂਦਾ ਸਾਂ। ਇਸ ਤੋਂ ਪਹਿਲਾਂ ਮੇਰੇ ਬੀਬੀ ਜੀ ਬਾਪੂ ਜੀ ਆਪਣੇ ਰਿਸ਼ਤੇਦਾਰਾਂ ਵੱਲੋਂ ਆਉਣ ਵਾਲੇ ਖ਼ਤਾਂ ਨੂੰ ਸਾਡੇ ਪਿੰਡ ਦੀ ਪੰਡਤਾਣੀ "ਮਹਾਰਾਣੀ"ਕੋਲੋਂ ਪੜ੍ਹਵਾਇਆ ਕਰਦੇ ਸਨ। ਉਹ ਬਾਕੀ ਸਾਰੇ ਖ਼ਤ ਤਾਂ ਬਹੁਤ ਆਸਾਨੀ ਨਾਲ ਪੜ੍ਹ ਕੇ ਸੁਣਾ ਦੇਂਦੀ ਸੀ, ਪਰ ਭਾ ਜੀ ਮਲਵਿੰਦਰਜੀਤ ਦੇ ਲਿਖੇ ਹੋਏ ਖ਼ਤ ਪੜ੍ਹਨ ਵਿੱਚ ਉਸ ਨੂੰ ਬਹੁਤ ਮੁਸ਼ਕਲ ਆਉਣੀ ਸੀ ਕਿਉਂਕਿ

ਭਾ ਜੀ ਦੀ ਪੰਜਾਬੀ ਲਿਖਾਈ ਬਹੁਤੀ ਵਧੀਆ ਨਹੀਂ ਸੀ। ਇਸ ਮੁਸ਼ਕਲ ਬਾਰੇ ਸਾਡੇ ਪਰਿਵਾਰ ਅਤੇ ਸਾਡੇ ਪਿੰਡ ਵਿੱਚ ਇਹ ਗੱਲ ਮਸ਼ਹੂਰ ਹੋ ਚੁੱਕੀ ਸੀ ਕਿ ਭਾ ਜੀ ਮਲਵਿੰਦਰਜੀਤ ਵੱਧ ਪੜ੍ਹੇ ਲਿਖੇ ਹੋਣ ਕਰਕੇ ਉਹਨਾਂ ਵੱਲੋਂ ਲਿਖੇ ਖ਼ਤ ਪੜ੍ਹਨੇ ਔਖੇ ਲੱਗਦੇ ਹਨ।

ਜਦੋਂ ਮੈਂ ਤੀਸਰੀ ਜਮਾਤ ਵਿੱਚ ਹੋਇਆ ਤਾਂ ਮੈਂ ਭਾ ਜੀ ਵੱਲੋਂ ਲਿਖੇ ਅੱਖਰਾਂ ਦੀ ਬਨਾਵਟ ਪਛਾਨਣ ਲੱਗ ਪਿਆ ਅਤੇ ਇਹ ਗੱਲ ਪਰਿਵਾਰ ਵਿੱਚ ਮਸ਼ਹੂਰ ਹੋ ਗਈ ਸੀ ਕਿ "ਸੁੱਖ ਬਹੁਤ ਲਾਇਕ ਹੈ ਕਿਉਂਕਿ ਉਹ ਮਲਵਿੰਦਰਜੀਤ ਵਰਗੇ 48 ਜਮਾਤਾਂ ਪੜ੍ਹੇ ਲਿਖੇ ਦੇ ਖ਼ਤ ਵੀ ਪੜ੍ਹ ਲੈਂਦਾ ਹੈ।"

ਉਹ ਮੈਨੂੰ ਆਪਣੇ ਕੋਲ ਲੁਧਿਆਣੇ ਲੈ ਕੇ ਜਾਣ ਲਈ ਬਸੰਤ ਕੋਟ ਆਏ ਸਨ ਤਾਂ ਜੋ ਮੈਂ ਅਗਲੀ ਪੜ੍ਹਾਈ ਉਨ੍ਹਾਂ ਦੀ ਨਿਗਰਾਨੀ ਵਿੱਚ ਵਧੀਆ ਕਰ ਸਕੇ।

ਭਾ ਜੀ ਮਲਵਿੰਦਰਜੀਤ ਸਿੰਘ ਵੜੈਚ ਦਾ ਬਸੰਤ ਕੋਟ ਆਉਣਾ ਅਤੇ ਮੈਨੂੰ ਆਪਣੇ ਕੋਲ ਲੈ ਕੇ ਜਾਣ ਲਈ ਕਹਿਣਾ ਆਦਿ ਸਭ ਕੁਝ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਸੀ।

ਦੂਜੇ ਪਾਸੇ ਮੈਂ ਸ਼੍ਰੀ ਬਾਵਾ ਲਾਲ ਹਾਈ ਸਕੂਲ ਧਿਆਨ ਪੁਰ (ਗੁਰਦਾਸਪੁਰ)ਦੀ ਨੌਵੀਂ ਜਮਾਤ ਵਿੱਚੋਂ ਫਸਟ ਆਇਆ ਸੀ ਅਤੇ ਫਸਟ ਆਉਣ ਕਰਕੇ ਦਸਵੀਂ ਜਮਾਤ ਦਾ ਮੌਨੀਟਰ ਸਾਂ। ਉਸ ਸਮੇਂ ਦਸਵੀਂ ਜਮਾਤ ਦਾ ਮੌਨੀਟਰ ਬਣਨਾ ਮੇਰੇ ਲਈ ਇੱਕ ਬਹੁਤ ਹੀ ਮਹੱਤਵਪੂਰਨ ਰੁਤਬੇ ਦੀ ਪ੍ਰਾਪਤੀ ਵਰਗਾ ਸੀ। ਮੌਨੀਟਰ ਬਣਨ ਕਰਕੇ ਮੈਨੂੰ ਦਸਵੀਂ ਜਮਾਤ ਦੇ ਕਮਰੇ ਦੀ ਅਲਮਾਰੀ ਦਾ ਚਾਰਜ ਵੀ ਮਿਲ ਗਿਆ। ਇਸ ਅਲਮਾਰੀ ਅੰਦਰ ਕਲਾਸ ਟੀਚਰ ਦਾ ਡੰਡਾ, ਚਾਕ ਅਤੇ ਡਸਟਰ ਰੱਖਿਆ ਹੁੰਦਾ ਸੀ, ਜਿਸ ਦਾ ਕੰਟਰੋਲ ਮਾਸਟਰ ਜੀ ਦੀ ਗੈਰਹਾਜ਼ਰੀ ਵਿੱਚ ਕਲਾਸ ਮੌਨੀਟਰ ਕੋਲ ਹੁੰਦਾ ਸੀ। ਇਸ ਅਲਮਾਰੀ ਵਿੱਚ ਮੈਂ ਅਪਣੀਆਂ ਨਿੱਜੀ ਕਿਤਾਬਾਂ ਵੀ ਰੱਖ ਸਕਦਾ ਸੀ।

ਅਜਿਹੇ ਹਾਲਾਤ ਵਿੱਚ ਮੈਨੂੰ ਇੱਕ ਪਾਸੇ ਲੁਧਿਆਣੇ ਜਾਣ ਦਾ ਚਾਅ ਵੀ ਬਹੁਤ ਸੀ ਅਤੇ ਦੂਜੇ ਪਾਸੇ ਸਕੂਲ ਦੀ ਨਵੀਂ ਬਿਲਡਿੰਗ ਅਤੇ ਦਸਵੀਂ ਜਮਾਤ ਦੀ ਮੌਨੀਟਰ ਪਦਵੀ ਛੱਡਣ ਦਾ ਦੁੱਖ ਵੀ ਸੀ। ਸ਼ਾਮ ਨੂੰ ਘਰ ਵਿੱਚ ਫ਼ੈਸਲਾ ਹੋਇਆ ਕਿ ਸਵੇਰੇ ਸਕੂਲ ਜਾ ਕੇ ਸਕੂਲ ਵਿੱਚੋਂ ਮੇਰਾ ਨਾਂ ਕਟਵਾ ਕੇ "ਸਕੂਲ ਛੱਡਣ ਦਾ ਸਰਟੀਫਿਕੇਟ" ਲੈ ਲਿਆ ਜਾਵੇ। ਮੈਂ ਅਤੇ ਬਾਪੂ ਜੀ ਨਾਂ ਕਟਵਾਉਣ ਲਈ ਸਕੂਲ ਪਹੁੰਚ ਗਏ। ਬਾਪੂ ਜੀ ਦਾ ਇਹ ਅਸੂਲ ਸੀ ਕਿ ਜਿਹੜਾ ਕੰਮ ਕਰਨਾ ਹੈ, ਉਸ ਵਿੱਚ ਢਿੱਲ ਨਾ ਕੀਤੀ ਜਾਵੇ। ਉਹਨਾਂ ਵਾਸਤੇ "ਇਹ ਗੱਲ ਵੱਡੀ ਭੈਣ ਨੇ ਕਹੀ ਹੈ", ਰੱਬੀ ਫੁਰਮਾਨ ਦੇ ਬਰਾਬਰ ਹੁੰਦਾ ਸੀ। ਅੱਜ ਮੈਂ ਏਨੇ ਸਾਲਾਂ ਬਾਅਦ ਮਹਿਸੂਸ ਕਰ ਰਿਹਾ ਹਾਂ ਕਿ ਉਸ ਸਮੇਂ ਮੈਨੂੰ ਲੁਧਿਆਣੇ ਲੈ ਕੇ ਜਾਣ ਲਈ ਵੀ ਉਹਨਾਂ ਦਾ "ਸਭ ਤੋਂ ਸਿਆਣਾ ਭਣੇਵਾਂ ਮਲਵਿੰਦਰਜੀਤ" ਆਇਆ ਸੀ। ਉਹ ਦੇਰ ਕਿਵੇਂ ਕਰ ਸਕਦੇ ਸਨ? ਉਹ ਮੈਨੂੰ ਨਾਲ ਲੈ ਕੇ ਸਵੇਰੇ ਸਕੂਲ ਲੱਗਣ ਦੇ ਸਮੇਂ ਹੀ ਸਕੂਲ ਪਹੁੰਚ ਗਏ। ਅਸੀਂ ਦੋਵੇਂ ਹੈੱਡਮਾਸਟਰ ਚਮਨ ਲਾਲ ਸ਼ਰਮਾ ਦੇ ਦਫ਼ਤਰ ਚਲੇ ਗਏ। ਉਹ ਅਜੇ ਸਕੂਲ ਨਹੀਂ ਸਨ ਆਏ।

ਹੈੱਡਮਾਸਟਰ ਸਾਹਿਬ ਦੇ ਦਫ਼ਤਰ ਦੇ ਬਾਹਰ ਬਣੇ ਬੈਂਚ ਉੱਪਰ ਮੈਨੂੰ ਬਾਪੂ ਜੀ ਸਮੇਤ

ਬੈਠਿਆਂ ਵੇਖ ਕੇ ਮੇਰੇ ਕੁਝ ਜਮਾਤੀ ਸਾਡੇ ਕੋਲ ਆਏ। ਦੋ, ਤਿੰਨ ਅਧਿਆਪਕ ਸਾਹਿਬਾਨ ਨੇ ਵੀ ਮੈਂਥੋਂ ਉੱਥੇ ਬੈਠਣ ਦਾ ਕਾਰਨ ਪੁੱਛਿਆ। ਉਹਨਾਂ ਸਾਰਿਆਂ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਮੈਂ ਸਕੂਲ ਛੱਡ ਕੇ ਲੁਧਿਆਣੇ ਆਪਣੇ ਭਾ ਜੀ ਕੋਲ ਜਾ ਰਿਹਾ ਹਾਂ। ਸਾਡੇ ਉੱਥੇ ਬੈਠਿਆਂ ਬੈਠਿਆਂ ਹੀ ਸਾਡਾ ਇਕ ਜਮਾਤੀ ਬਨਾਰਸੀ ਦਾਸ, ਆਪਣੇ ਪਿਤਾ ਸਤਿਕਾਰ ਯੋਗ ਬੂਟੀ ਸ਼ਾਹ ਦੇ ਨਾਲ ਉੱਥੇ ਆ ਗਿਆ। ਬਨਾਰਸੀ ਦਾਸ ਨੂੰ ਸਕੂਲ ਵਿੱਚ ਕੀਤੀ ਕਿਸੇ ਸ਼ਰਾਰਤ ਕਾਰਨ ਇੱਕ ਹਫਤਾ ਪਹਿਲਾਂ ਹੀ ਸਕੂਲੋਂ ਕੱਢ ਦਿੱਤਾ ਗਿਆ ਸੀ ਅਤੇ ਅੱਜ ਉਸ ਦੇ ਪਿਤਾ ਜੀ ਆਪਣੇ ਬੇਟੇ ਨੂੰ ਸਕੂਲ ਵਿੱਚ ਮੁੜ ਦਾਖਲੇ ਬਾਰੇ ਹੈੱਡਮਾਸਟਰ ਸਾਹਿਬ ਨੂੰ ਮਿਲਣ ਆਏ ਸਨ।

ਕੁਝ ਦੇਰ ਬਾਅਦ ਹੈੱਡਮਾਸਟਰ ਸਾਹਿਬ ਵੀ ਸਕੂਲ ਪਹੁੰਚ ਗਏ ਸਨ। ਉਨ੍ਹਾਂ ਸਭ ਤੋਂ ਪਹਿਲਾਂ ਬਨਾਰਸੀ ਦਾਸ ਜੀ ਦੇ ਪਿਤਾ ਬੂਟੀ ਸ਼ਾਹ ਨੂੰ ਅੰਦਰ ਸੱਦਿਆ। ਅੰਦਰ ਕਾਫੀ ਦੇਰ ਬਹਿਸ ਮੁਬਾਹਿਸਾ ਚੱਲਦਾ ਰਿਹਾ।

ਬਨਾਰਸੀ ਦਾਸ ਨੂੰ ਉਸ ਦੇ ਪਿਤਾ ਜੀ ਬਹੁਤ ਝਿੜਕ ਰਹੇ ਸਨ। ਪਰ ਉਨ੍ਹਾਂ ਦੇ ਬਾਹਰ ਆਉਣ 'ਤੇ ਪਤਾ ਲੱਗਾ ਕਿ ਹੈੱਡਮਾਸਟਰ ਸਾਹਿਬ ਉਸ ਦੇ ਮੁੜ ਦਾਖਲੇ ਬਾਰੇ ਨਹੀਂ ਸਨ ਮੰਨੇ। ਉਹਨਾਂ ਤੋਂ ਬਾਅਦ ਅੰਦਰ ਜਾਣ ਦੀ ਸਾਡੇ ਦੋਹਾਂ ਦੀ ਵਾਰੀ ਆਈ। ਬਾਪੂ ਜੀ ਨੇ ਹੈੱਡਮਾਸਟਰ ਸਾਹਿਬ ਨੂੰ ਦੱਸਿਆ ਕਿ ਅਸੀਂ ਆਪਣੇ ਇਸ ਬੇਟੇ ਨੂੰ ਹੁਣ ਲੁਧਿਆਣੇ ਇਸ ਦੇ ਭੂਆ ਜੀ ਕੋਲ ਪੜ੍ਹਨ ਲਈ ਭੇਜਣਾ ਹੈ। ਇਸ ਲਈ ਮੈਂ ਸਕੂਲ ਵਿੱਚੋਂ ਇਸ ਦਾ ਨਾਂ ਕਟਵਾ ਕੇ "ਸਕੂਲ ਛੱਡਣ ਦਾ ਸਰਟੀਫਿਕੇਟ" ਲੈਣਾ ਚਾਹੁੰਦਾ ਹਾਂ। ਹੈੱਡਮਾਸਟਰ ਸਾਹਿਬ ਚੁੱਪ ਚਾਪ ਸੁਣਦੇ ਰਹੇ। ਆਖਿਰਕਾਰ ਬੋਲੇ, "ਬਜ਼ੁਰਗੋ! ਇਹ ਕੰਮ ਨਹੀਂ ਹੋਣਾ। ਕੋਈ ਹੋਰ ਸੇਵਾ ਦੱਸੋ।"

ਬਾਪੂ ਜੀ ਨੇ ਹੈੱਡਮਾਸਟਰ ਸਾਹਿਬ ਦੇ ਬਹੁਤ ਤਰਲੇ ਕੱਢੇ ਪਰ ਉਹ ਨਾ ਮੰਨਿਆ।

ਅਸੀਂ ਇਹਨੂੰ ਹੁਣ ਲੁਧਿਆਣੇ ਇਸ ਦੇ ਭੂਆ ਜੀ ਕੋਲ ਪੜ੍ਹਨ ਲਈ ਭੇਜਣਾ ਹੈ। ਇਸ ਲਈ ਮੈਨੂੰ ਸਕੂਲ ਵਿੱਚੋਂ ਇਸ ਦਾ ਨਾਂ ਕੱਟ ਕੇ ਸਰਟੀਫਿਕੇਟ ਦਿਉ। ਹੈੱਡਮਾਸਟਰ ਸਾਹਿਬ ਨੇ ਬਾਪੂ ਜੀ ਨੂੰ ਇਹ ਕਹਿ ਕੇ ਵਾਪਿਸ ਤੋਰ ਦਿੱਤਾ ਕਿ " ਬਜ਼ੁਰਗੋ! ਇਹ ਕੰਮ ਨਹੀਂ ਜੇ ਹੋਣਾ। ਫੀਸ ਮੁਆਫ਼ ਕਰਵਾਉਣੀ ਜੇ, ਤਾਂ ਕਰਵਾ ਲਓ, ਜੇ ਕਿਤਾਬਾਂ ਚਾਹੀਦੀਆਂ ਹਨ, ਤਾਂ ਲੈ ਲਓ, ਪਰ ਮੈਂ ਇਸ ਲਾਇਕ ਬੱਚੇ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਨਹੀਂ ਜੇ ਦੇਣਾ। ਜੇਕਰ ਇਸ ਤਰ੍ਹਾਂ ਦੇ ਬੱਚਿਆਂ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਜਾਰੀ ਕਰੀ ਜਾਈਏ, ਤਾਂ ਫਿਰ ਅਸੀਂ ਪੜ੍ਹਾਉਣਾ ਕਿੰਨ੍ਹਾਂ ਨੂੰ ਹੈ? ਕੋਈ ਹੋਰ ਸੇਵਾ ਦੱਸੋ।" ਇਸ ਤਰ੍ਹਾਂ ਬਾਪੂ ਜੀ ਨੂੰ ਇਸ ਮਿਸ਼ਨ ਵਿੱਚ ਕਾਮਯਾਬੀ ਨਾ ਮਿਲੀ ਅਤੇ ਉਹ ਦੁਪਹਿਰ ਵੇਲੇ ਨਿਰਾਸ਼ ਹੋ ਕੇ ਘਰ ਪਰਤ ਆਏ।

ਘਰ ਆ ਕੇ ਉਹਨਾਂ ਨੇ ਸਾਰੀ ਗੱਲ ਭਾ ਜੀ ਮਲਵਿੰਦਰਜੀਤ ਨੂੰ ਦੱਸੀ।

ਸ਼ਾਮ ਨੂੰ ਜਦੋਂ ਘਰ ਵਿੱਚ ਅਸੀਂ ਸਾਰੇ ਬੈਠੇ ਹੋਏ ਸਾਂ, ਤਾਂ ਬਾਪੂ ਜੀ ਸ਼ੁਗਲ ਨਾਲ ਭਾ ਜੀ ਨੂੰ ਕਹਿਣ ਲੱਗੇ, "ਮਲਵਿੰਦਰਜੀਤ! ਜਦੋਂ ਸੁੱਖ ਨੂੰ ਤਾਂ ਸਕੂਲ ਵਾਲੇ ਸਰਟੀਫਿਕੇਟ

ਨਹੀਂ ਸਨ ਦੇ ਰਹੇ, ਪਰ ਧਿਆਨ ਪੁਰ ਵਾਲੇ ਬੂਟੀ ਸ਼ਾਹ ਦੇ ਮੁੰਡੇ ਨੂੰ ਉਹ ਸਕੂਲ ਵਿੱਚ ਮੁੜ ਦਾਖਲ ਨਹੀਂ ਸਨ ਕਰ ਰਹੇ, ਤਾਂ ਮੇਰੇ ਮਨ ਵਿੱਚ ਉਸ ਸਮੇਂ ਇਹ ਆ ਰਿਹਾ ਸੀ ਕਿ ਕਾਸ਼! ਕਿੰਨਾ ਚੰਗਾ ਹੁੰਦਾ ਕਿ ਜੇਕਰ ਅੱਜ ਸੁੱਖ ਦੀ ਥਾਂ ਬੂਟੀ ਸ਼ਾਹ ਦਾ ਮੁੰਡਾ ਮੇਰਾ ਮੁੰਡਾ ਹੁੰਦਾ। ਮੈਨੂੰ ਸਰਟੀਫਿਕੇਟ ਤਾਂ ਛੇਤੀ ਮਿਲ ਜਾਣਾ ਸੀ।"

ਅਗਲੇ ਦਿਨ ਭਾ ਜੀ ਮਲਵਿੰਦਰਜੀਤ ਮੇਰਾ ਸਰਟੀਫਿਕੇਟ ਲੈਣ ਖ਼ੁਦ ਸਕੂਲ ਗਏ। ਉਹਨਾਂ ਦੇ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿੱਚ ਅੰਗਰੇਜ਼ੀ ਦੇ ਪ੍ਰੋ ਜਗਦੀਸ਼ ਰਾਜ ਸਾਕੀ ਜਾਣੂ ਸਨ ਅਤੇ ਸਕੂਲ ਦੇ ਹੈੱਡਮਾਸਟਰ ਸ੍ਰੀ ਚਮਨ ਲਾਲ ਸ਼ਰਮਾ ਪ੍ਰੋ ਸਾਕੀ ਸਾਹਿਬ ਦੇ ਬੇਰਿੰਗ ਕਾਲਿਜ ਵਿੱਚ ਵਿਦਿਆਰਥੀ ਰਹੇ ਸਨ। ਭਾ ਜੀ ਨੇ ਪ੍ਰੋ. ਸਾਨੀ ਦੇ ਹਵਾਲੇ ਨਾਲ ਗੱਲ ਕੀਤੀ ਤੇ ਕਿਹਾ ਕਿ ਮੈਂ ਵੀ ਪ੍ਰੋਫ਼ੈਸਰ ਹਾਂ, ਤੁਹਾਡੇ ਵਿਦਿਆਰਥੀ ਦਾ ਭਲਾ ਏਸੇ ਵਿੱਚ ਹੈ ਕਿ ਮੇਰੇ ਕੋਲ ਰਹਿ ਕੇ ਮੇਰੀ ਨਿਗਰਾਨੀ ਹੇਠ ਪੜ੍ਹੇ।

ਹੈੱਡ ਮਾਸਟਰ ਸਾਹਿਬ ਮੰਨ ਗਏ। ਗੱਲ ਕੀ, ਭਾ ਜੀ ਦੀ ਸਿਫਾਰਸ਼ ਨਾਲ ਮੈਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਮਿਲ ਗਿਆ।

●

# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਅਮੁੱਲੀ ਦੇਣ

***ਦਰਸ਼ਨ ਖਟਕੜ***

*ਉੱਘੇ ਕਵੀ*

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਹੋਰਾਂ ਦੀ ਯੁਵਕ-ਕੇਂਦਰ ਦੀ ਸਰਪ੍ਰਸਤੀ ਅਤੇ ਉਸ ਅਦਾਰੇ ਨਾਲ ਜੁੜਦੀ ਪ੍ਰੰਸਸਾਯੋਗ ਅਗਵਾਈ ਅਤੇ ਸਰਗਰਮੀ ਇੱਕ ਇਤਿਹਾਸਕ ਤੇ ਅਭੁੱਲ ਅਮਲ ਸਾਬਤ ਹੋਇਆ ਹੈ। ਯੁਵਕ ਕੇਂਦਰ ਬੀਰ ਜਾਣਕਾਰੀ ਮੈਨੂੰ ਆਪਣੇ ਇੱਕ ਗੁਰੂ-ਅਧਿਆਪਕ ਸ. ਪਿਆਰਾ ਸਿੰਘ ਅੱਠਵਾਲ ਹੋਰਾਂ ਤੋਂ ਮਿਲੀ ਸੀ ਅਤੇ 1967 ਵਿੱਚ ਇੱਕ ਵਾਰ ਜਲੰਧਰ ਜਾਣ ਦਾ ਮੌਕਾ ਵੀ ਉਨ੍ਹਾਂ ਨਾਲ ਹੀ ਮਿਲਿਆ ਸੀ। ਇੱਕ ਧੁੰਦਲੀ ਜਿਹੀ ਯਾਦ ਹੈ ਕਿ ਉਦੋਂ ਪਹਿਲੀ ਵਾਰ ਪ੍ਰੋ. ਵੜੈਚ ਸਾਹਿਬ ਨੂੰ ਦੇਖਿਆ ਸੀ। ਉਸੇ ਸਾਲ ਦੇ ਅਖੀਰ ਵਿੱਚ ਇੱਕ ਵਾਰ ਫੇਰ ਯੁਵਕ ਕੇਂਦਰ ਜਲੰਧਰ ਜਾਣ ਦਾ ਮੌਕਾ ਮਿਲਿਆ। ਇਸ ਵਾਰ ਮੈਨੂੰ ਪੰਜਾਬੀ ਦੇ ਜਾਣੇ-ਪਛਾਣੇ ਕਵੀ ਭਾ ਜੀ ਫਤਹਿਜੀਤ ਅਤੇ ਅਧਿਆਪਕ ਆਗੂ ਸ੍ਰੀ ਸੁਦਰਸ਼ਨ ਕੁਮਾਰ ਜੀ ਲਾਂਬੜਾ ਦੀ ਸੰਗਤ ਪ੍ਰਾਪਤ ਹੋ ਗਈ। ਭਾ ਜੀ ਫਤਿਹਜੀਤ ਜੀ ਸਾਡੇ ਪਿੰਡ ਮੰਗੂਵਾਲ ਵਿਆਹੇ ਗਏ ਸਨ, ਇਸ ਕਰਕੇ ਉਹ ਜਦ ਵੀ ਮੰਗੂਵਾਲ ਆਉਂਦੇ ਤਾਂ ਪਹਿਲਾ ਖ਼ਤ ਲਿਖਕੇ ਆਪਣੀ ਆਮਦ ਬਾਰੇ ਸੂਚਿਤ ਕਰ ਦਿੰਦੇ ਸਨ। ਉਨ੍ਹਾਂ ਨੇ ਬੁੱਝ ਲਿਆ ਸੀ ਕਿ ਮੈਨੂੰ ਸਾਹਿਤ ਅਤੇ ਪ੍ਰਗਤੀਵਾਦ ਦੀ ਚੇਟਕ ਲੱਗ ਚੁੱਕੀ ਸੀ। ਉਨ੍ਹਾਂ ਦਾ ਸਾਕ ਸੀ ਜਦ ਮੈਨੂੰ ਪ੍ਰੋ. ਨਿਰਮਲ ਸਿੰਘ ਲਾਂਬੜਾ, ਸ੍ਰੀ ਰਾਜਿੰਦਰ ਸਿੰਘ ਚੀਮਾ ਜੀ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਭਾਵਜੇ ਸ੍ਰੀ ਜਗਮੋਹਨ ਸਿੰਘ ਦੇ ਦਰਸ਼ਨ ਹੋਏ ਸਨ।

ਮੈਨੂੰ ਯੁਵਕ ਕੇਂਦਰ ਦਾ ਕਾਰਜ ਇਸ ਨਾਲ ਜੁੜੀਆਂ ਨੌਜੁਆਨ ਸਖਸ਼ੀਅਤਾ ਚੰਗੀਆ ਲੱਗੀਆਂ। ਵੜੈਚ ਸਾਹਿਬ ਵੱਲੋਂ ਬਾਬਾ ਸੋਹਣ ਸਿੰਘ ਭਕਨਾ ਜੀ ਸ੍ਵੈ ਜੀਵਨੀ 'ਜੀਵਨ ਸੰਗਰਾਮ' ਵੀ ਮੈਂ ਇਥੇ ਹੀ ਦੇਖੀ ਸੀ।

ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ। 1967 ਵਿੱਚ ਨਕਸਵਾੜੀ ਲਹਿਰ ਸਾਹਮਣੇ ਆ ਗਈ ਸੀ। 1967 ਦੇ ਅਖੀਰ ਤੱਕ ਇਸ ਦਾ ਪ੍ਰਭਾਵ ਪੰਜਾਬ ਵਿੱਚ ਵੀ ਪ੍ਰਤੱਖ ਹੋਣ ਲੱਗ ਪਿਆ। ਚੀਨ ਵਿੱਚ ਸਭਿਆਚਾਰਕ ਇਨਕਲਾਬ ਇਤਿਹਾਸ ਦੇ ਨਵੇਂ ਵਰਕੇ ਲਿਖ ਰਿਹਾ ਸੀ। 1968 ਦੀ ਪਹਿਲੀ ਤਿਮਾਹੀ ਵਿੱਚ ਹੀ ਫਰਾਂਸ ਵਿੱਚ ਇਤਿਹਾਸਕ ਵਿਦਿਆਰਥੀ ਬਗਾਵਤ ਆਰੰਭ ਹੋ ਕੇ ਇਨਕਲਾਬ ਦੇ ਸੁਨੇਹੇ ਵੰਡ ਰਹੀ ਸੀ। ਇਨ੍ਹਾਂ ਦਿਨਾਂ ਵਿੱਚ ਹੀ ਮੈਂ ਆਪਣੇ ਇੱਕ ਵਿਦਿਆਰਥੀ ਸਾਥੀ ਸੋਹਣ ਸਿੰਘ ਪੂੰਨੀ (ਜੀਦੋਂਵਾਲ) ਨਾਲ ਜਲੰਧਰ ਯੁਵਕ ਕੇਂਦਰ ਗਿਆ। ਪਰ ਇਸ ਹੀ ਸਮੇਂ ਵਿੱਚ ਇੱਕ ਸੰਸਾ ਮਨ ਵਿੱਚ ਉਗਮ ਰਿਹਾ ਸੀ ਕਿ ਬੀਤ ਗਏ ਦੀ ਜਾਣਕਾਰੀ ਨੂੰ ਇੰਨਾ ਜ਼ਰੂਰੀ ਕਿਉਂ ਸਮਝਿਆ ਜਾ ਰਿਹਾ ਹੈ। ਗਦਰੀਆਂ,

ਬੱਬਰਾਂ, ਕੂਕਿਆ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਕੁਰਬਾਨੀਆਂ ਬੇ-ਮਿਸਾਲ ਹਨ, ਬਹਾਦਰੀ ਵੀ ਬੇਮਿਸਾਲ ਹੈ, ਪਰ ਮੁੱਦਾ ਤਾਂ ਚੀ ਗਵੇਰਾ ਦਾ ਤਿਆਗ, ਬਹਾਦਰੀ ਅਤੇ ਕੁਰਬਾਨੀ ਨੌਜਵਾਨਾਂ ਵਿੱਚ ਖਾਸ ਉਤੇਜਨਾ ਦਾ ਸੰਚਾਰ ਕਰ ਰਿਹਾ ਸੀ। ਫਰਾਂਸ ਦੇ ਵਿਦਿਆਰਥੀ ਮਾਰਕਸਵਾਦ ਦੀ ਨਵੀਂ ਪ੍ਰੀਭਾਸ਼ਾ (ਰੈਜਿਸ ਰੈਬਰੇ), ਅਤੇ ਪ੍ਰਸਿੱਧ ਦਾਰਸ਼ਨਿਕ ਜਾਨ-ਪਾਲ ਸਾਰਤਰ ਦੇ ਮਾਰਕਵਾਦੀ ਅਤੇ ਪ੍ਰਗਤੀਸ਼ੀਲ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ, ਇੱਕ ਨਵੀਂ ਦੇਸ਼ ਭਗਤੀ ਦੇ ਰਾਹ ਤੇ ਤੁਰੇ ਹੋਏ ਸਨ, ਚੀਨ ਦਾ ਸਭਿਆਚਾਰ ਇਨਕਲਾਬ ਸੰਚਾਰ ਦੀ ਮਿਹਲਤੀ ਲੋਕਾਈ ਲਈ ਇੱਕ ਨਵਾਂ ਦਿੱਸਹੱਦਾ ਦਰਸਾ ਰਿਹਾ ਸੀ। ਭਾਰਤ ਵਿੱਚ ਇੱਕ ਖੜੋਤ ਨੂੰ ਤੋੜਨ ਲਈ ਕੁਰਬਾਨੀਆਂ ਦੇ ਨਵੇਂ ਕਾਂਡ ਲਿਖੇ ਜਾ ਰਹੇ ਸਨ। ਇਸੇ ਅਰਸੇ ਦੌਰਾਨ ਦਮਨਕਾਰੀ ਲੋਕ-ਰਾਜ ਲੋਕਾਂ ਦੀਆਂ ਬਲੀਆਂ ਲੈ ਰਿਹਾ ਸੀ। ਕਾਨੂੰਨ ਦੀਆਂ ਧੱਜੀਆਂ ਉਡਾ ਕੇ ਅਖੌਤੀ ਪੁਲੀਸ ਮੁਕਾਬਲੇ ਬਣਾਕੇ ਜਾ ਰਹੇ ਸਨ। ਨੌਜੁਆਨਾਂ ਦਾ ਸਮੂਹ-ਸੰਘਾਰ ਵਿਉਂਤਿਆਂ ਤੇ ਲਾਗੂ ਕੀਤਾ ਜਾ ਰਿਹਾ, ਨਾ ਕੋਈ ਮੁਕੱਦਮਾ, ਨਾ ਅਪੀਲ, ਨਾ ਦਲੀਲ।

ਅਜਿਹੀ ਸਥਿਤੀ ਵਿੱਚ ਵੜੈਚ ਹੋਰਾਂ ਦੀ ਸੰਵੇਦਨਸ਼ੀਲਤਾ, ਦੇਸ਼ ਭਗਤਾਂ ਦੀਆਂ ਬਗਾਵਤਾਂ ਅਤੇ ਸ਼ਹੀਦੀਆਂ, ਰਸਮੀ ਕਾਨੂੰਨੀ ਕਾਰਵਾਈਆਂ, ਦੇਸ਼ ਭਗਤਾਂ ਨੂੰ ਸਜ਼ਾਵਾਂ ਦੇਣ ਲਈ ਸ਼ਰੇਆਮ ਧੱਕਾ, ਮੌਜੂਦ ਕਾਨੂੰਨ ਦੀਆਂ ਘੋਰ ਉਲੰਘਵਾਵਾਂ ਆਦਿ ਤੋਂ ਅਣਭਿੱਜ ਨਹੀਂ ਸੀ ਰਹਿ ਸਕਦੀ। ਉਨ੍ਹਾਂ ਦੀ ਖੋਜ-ਪੜਤਾਲ ਵਿੱਚ ਸਮਕਾਲ ਲਈ ਵੀ ਇੱਕ ਸਪਸ਼ਟ ਸੁਨੇਹਾ ਸੀ ਕਿ ਦਮਨਕਾਰੀ ਵਿਵਸਥਾ ਕਿਸ ਕਿਸ ਹੱਦ ਤੱਕ ਜਾ ਸਕਦੀ ਹੈ। ਬੀਤ ਗਏ ਕਿ ਬਿਰਤਾਤਾ ਤੋਂ ਮੌਜੂਦਾ ਗੈਰ-ਮਨੁੱਖੀ ਬਿਰਤਾਤਾ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ। ਇਸ ਕਰਕੇ ਉਨ੍ਹਾਂ ਦੀ ਖੋਜ ਸਾਡੇ ਸਮਕਾਲ ਦੇ ਜਬਰ-ਜ਼ੁਲਮ ਨੂੰ ਸਮਝਣ ਵਿੱਚ ਵੀ ਗੰਭੀਰ ਮਦਦ ਕਰਦੀ ਹੈ।

ਮਾਰਚ 1970 ਵਿੱਚ ਮੇਰੀ ਡਿਊਟੀ ਹਿਮਾਚਲ ਦੇ ਕਾਂਗੜੇ ਜ਼ਿਲ੍ਹੇ 'ਚ ਲੱਗ ਗਈ। ਹਿਮਾਚਲ ਜਾਣ ਆਉਣ ਵੇਲੇ ਕੰਡੀ ਖੇਤਰ ਵਿੱਚ ਇੱਕ ਦੋ ਦਿਨ ਠਹਿਰਨਾ ਪੈਂਦਾ ਸੀ। ਹੁਣ ਸਾਰੇ ਹਰੇਕ ਸਾਥੀ ਅਤੇ ਹਰੇਕ ਸੰਪਰਕ ਦੇ ਘਰ ਯੁਵਕ ਕੇਂਦਰ ਦੀ ਕੋਈ ਨਾ ਕੋਈ ਪ੍ਰਕਾਸ਼ਨਾ ਮਿਲ ਜਾਂਦੀ ਸੀ। ਆਪਣੇ ਵਿਚਾਰ-ਪ੍ਰਸਾਰ ਲਈ ਇਹ ਕਦਮ ਜ਼ਰੂਰੀ ਸਮਝਿਆ ਗਿਆ ਸੀ। ਇੱਕ ਦੂਸਰਾ ਪੱਖ ਵੀ ਸਪੱਸ਼ਟ ਸੀ। ਇਨ੍ਹਾਂ ਲਹਿਰਾਂ ਦਾ ਨਿਸ਼ਾਨਾ ਬਰਤਾਨਵੀ ਸਾਮਰਾਜ ਸੀ। ਨਾਲ ਹੀ ਨਿਸ਼ਾਨਾ ਸਾਮਰਾਜ ਦੀਆਂ ਸਹਾਇਕ ਸ਼ਕਤੀਆਂ ਸਨ। ਇਸ ਕਰਕੇ ਸਾਡੇ ਇਨਕਲਾਬੀ ਕਾਰਜ ਵਿੱਚ ਸਾਮਰਾਜ ਵਿਰੁੱਧ ਸੰਘਰਸ਼ ਇੱਕ ਅਟੱਲ ਅਤੇ ਅਟੁੱਟ ਅੰਗ ਸੀ। ਇਸ ਕਰਕੇ, ਯੁਵਕ ਕੇਂਦਰ ਦਾ ਸਾਹਿਤ ਸਾਡਾ ਪੱਕਾ ਸਾਥੀ ਸੀ ਅਤੇ ਹੁਣ ਵੀ ਹੈ। ਇਸ ਕਰਕੇ ਜੋ ਅਮੁੱਲ ਕਾਰਜ ਪ੍ਰੋ. ਵੜੈਚ ਹੋਣੀ ਨਿਭਾਕੇ ਗਏ ਹਨ ਅਤੇ ਭਵਿੱਖ ਵਿੱਚ ਵੀ ਸਦਾ-ਸਹਾਈ ਹੁੰਦਾ ਰਹੇਗਾ। ਉਨ੍ਹਾਂ ਦੀ ਖੋਜ, ਭਰਤ ਦੇ ਇਤਿਹਾਸ ਲਈ ਇੱਕ ਮੁਕੰਮਲਕਾਰੀ ਕਿਰਦਾਰ ਰੱਖਦੀ ਹੈ।

●

# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ
# ਅਜੇਹਾ ਬੋਹੜ ਜਿਸਦੀ ਛਾਵੇਂ ਉੱਗੀਆਂ ਕਲਮਾਂ

*ਅਮੋਲਕ ਸਿੰਘ*
*ਪ੍ਰਧਾਨ*
*ਪੰਜਾਬ ਲੋਕ ਸਭਿਆਚਾਰ ਮੰਚ*

ਜ਼ਿੰਦਗੀ ਦੇ ਇੱਕ ਮੋੜ ਤੇ ਜਾ ਕੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਵਰਗੇ ਇਨਸਾਨ ਆਪਣੇ ਇਰਦ ਗਿਰਦ ਵਾਪਰਦੀਆਂ ਘਟਨਾਵਾਂ ਤੋਂ ਐਨੇ ਹਲੂਣੇ ਜਾਂਦੇ ਹਨ ਕਿ ਉਹ ਜ਼ਿੰਦਗੀ ਭਰ ਆਪਣੇ ਰਾਹਾਂ ਤੋਂ ਨਹੀਂ ਥਿੜਕਦੇ। ਉਹ ਭਾਵੇਂ ਪਹਿਲਾਂ ਹੀ ਲੋਕ ਇਤਿਹਾਸ ਦੀਆਂ ਪੈੜਾਂ ਨੱਪਣ ਲਈ ਸਫ਼ਰ ਤੇ ਸਨ ਪਰ ਕਈ ਹਲੂਣਵੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਹੋਣਹਾਰ ਵਿਦਿਆਰਥੀ, ਜਿਸਦੀ ਵੱਟਾਂ ਬੰਨਿਆਂ, ਪਹੀਆਂ, ਰਾਹਾਂ ਦੀਆਂ ਬਗਲਾਂ ਤੋਂ ਘਾਹ ਖੋਤ ਕੇ ਲਵੇਰਾ ਪਾਲਦੀ, ਦੁੱਧ ਵੇਚਕੇ ਗੁਜ਼ਾਰਾ ਕਰਦੀ ਮਾਂ ਦਾ ਜਾਇਆ ਬਖਸ਼ੀਸ਼ ਪਿੰਡ ਮੋਰਕਰੀਮਾਂ ਨੇੜੇ ਮੁੱਲਾਂਪੁਰ (ਲੁਧਿਆਣਾ) ਇੰਜੀਨਿਅਰਿੰਗ ਦੀ ਪੜ੍ਹਾਈ ਛੱਡ ਕੇ ਮਜ਼ਦੂਰ ਜਮਾਤ ਦੀ ਮੁਕਤੀ ਦਾ ਮਾਰਗ ਦਰਸ਼ਕ ਕਮਿਊਨਿਸਟ ਇਨਕਲਾਬੀ ਲਹਿਰ ਦੀ ਯੂਨੀਵਰਸਿਟੀ ਵਿੱਚ ਦਾਖ਼ਲ ਹੋ ਗਿਆ।

ਉਹਨਾਂ ਦਿਨਾਂ 'ਚ ਹਰ ਚੜ੍ਹਦੇ ਸੂਰਜ, ਕੰਮੀਆਂ ਦੇ ਵਿਹੜੇ ਦੇ ਸੂਰਜ ਬੁਝਾਏ ਜਾ ਰਹੇ ਸਨ। ਹਰ ਚੜ੍ਹਦੀ ਰਾਤ, ਲੋਕਾਂ ਦੇ ਮਨਾਂ ਅੰਦਰ ਚੇਤਨਾ ਸੂਝ-ਬੂਝ ਦੀ ਰੌਸ਼ਨੀ ਕਰਨ ਵਾਲੇ ਚੰਨ ਕਤਲ ਕੀਤੇ ਜਾ ਰਹੇ ਸਨ। ਇਸ ਲੜੀ ਵਿੱਚ ਹੀ ਬਖਸ਼ੀਸ਼ ਮੋਰਕਰੀਮਾਂ ਸ਼ਹੀਦੀ ਜਾਮ ਪੀ ਗਿਆ। ਬਖਸ਼ੀਸ਼ ਨੂੰ ਜਦੋਂ ਨਵਾਂ ਸ਼ਹਿਰ ਰੇਲਵੇ ਸਟੇਸ਼ਨ 'ਤੇ ਜੱਫਾ ਮਾਰਕੇ ਪੁਲਸ ਫੜਨ ਲੱਗੀ ਤਾਂ ਉਸਨੇ ਅੱਖ ਝਪਕਣ ਜਿੰਨੇ ਸਮੇਂ ਦੇ ਅੰਦਰ ਅੰਦਰ ਆਪਣੇ ਲੱਕ ਨਾਲ ਬੰਨ੍ਹੇਂ ਬੰਬ ਦੀ ਪਿੰਨ ਖਿੱਚ ਦਿੱਤੀ। ਅੱਧੀ ਦਰਜਨ ਦੇ ਕਰੀਬ ਪੁਲਸ ਮੁਲਾਜਮ ਥਾਏਂ ਮਾਰੇ ਗਏ। ਬਖਸ਼ੀਸ਼ ਦੇ ਜਿਸਮ ਦੇ ਚੀਥੜੇ ਉੱਡ ਗਏ। ਇਉਂ ਬਖਸ਼ੀਸ਼ ਨੇ ਬਬਰ ਅਕਾਲੀ ਲਹਿਰ ਦੇ ਸ਼ਹੀਦ ਧੰਨਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ) ਵੱਲੋਂ ਆਪਣੇ ਸਮਿਆਂ ਵਿੱਚ ਅਜੇਹੀ ਦਲੇਰਾਨਾ, ਆਪਾ ਵਾਰੂ ਭਾਵਨਾ ਭਰੀ ਕੁਰਬਾਨੀ ਕਰਦੇ ਹੋਏ ਲਿਖੇ ਇਤਿਹਾਸ ਨੂੰ ਮੁੜ ਤਾਜ਼ਾ ਕਰ ਦਿੱਤਾ।

ਇਹ ਮਹਿਜ਼ ਸੂਰਮਗਤੀ ਭਰੀ ਘਟਨਾ ਨਹੀਂ ਸੀ ਸਗੋਂ ਇਹ ਦਰਸਾਉਣਾ ਸੀ ਕਿ ਪੰਜਾਬ ਅੰਦਰ ਬੱਬਰਾਂ, ਗ਼ਦਰੀਆਂ, ਭਗਤ, ਸਰਾਭੇ ਵਰਗੇ ਇਨਕਲਾਬੀਆਂ ਦੇ ਸੁਪਨੇ ਪੂਰੇ ਕਰਨ ਤੁਰੇ ਚਾਨਣ ਦੇ ਵਣਜਾਰਿਆਂ ਨੂੰ ਫੜਕੇ ਵਿਹਸ਼ੀਆਨਾ ਤਸ਼ੱਦਦ ਢਾਹ ਕੇ, ਸੁੰਨੇ

ਪੁਲਾਂ 'ਤੇ ਲਿਜਾ ਕੇ ਝੂਠੇ ਪੁਲਸ ਮੁਕਾਬਲੇ ਦੀ ਕਹਾਣੀ ਘੜ ਕੇ ਮਾਰ ਮੁਕਾਇਆ ਜਾ ਰਿਹਾ ਸੀ। ਬਖਸ਼ੀਸ਼ ਦੀ ਸ਼ਹਾਦਤ ਨੇ ਦਰਸਾ ਦਿੱਤਾ ਕਿ ਜੇਕਰ ਮੁਕਾਬਲਾ ਹੋਵੇ ਤਾਂ ਇਉਂ ਹੁੰਦਾ ਹੈ। ਇਹਨਾਂ ਦਿਨਾਂ ਵਿੱਚ ਇੰਜਨੀਅਰਿੰਗ ਕਾਲਜ ਦੀਆਂ ਦੀਵਾਰਾਂ ਅਤੇ ਹੋਸਟਲ 'ਚੋਂ ਹਕੂਮਤੀ ਜਬਰ ਖਿਲਾਫ਼ ਨਾਅਰਿਆਂ ਦੀ ਗੂੰਜ ਪਿਆ ਕਰਦੀ। ਇਸ਼ਤਿਹਾਰਾਂ, ਹੱਥ ਪਰਚਿਆਂ ਨੇ ਬਖਸ਼ੀਸ਼ ਦੀ ਸ਼ਹਾਦਤ ਦੇ ਮਾਅਨੇ ਵਿਦਿਆਰਥੀਆਂ ਦੇ ਮਨ ਦੀ ਡਾਇਰੀ ਉਪਰ ਉੱਕਰ ਦਿੱਤੇ। ਅਜੇਹੇ ਮਾਹੌਲ 'ਚ ਵਿਦਿਆਰਥੀ ਮਰਨ ਮਾਰਨ ਲਈ ਲਟ ਲਟ ਬਲ਼ਦੀ ਭਾਵਨਾ ਨਾਲ਼ ਬਲ਼ ਉੱਠੇ। ਬਖਸ਼ੀਸ਼ ਦੀ ਸ਼ਹਾਦਤ ਦਾ ਕਾਲਜ ਦੀਆਂ ਹਵਾਵਾਂ ਵਿੱਚ ਗੂਹੜਾ ਅਸਰ ਸੀ।

ਇਹ ਦੌਰ ਸੀ ਜਦੋਂ ਜੋਸ਼ ਅਤੇ ਹੋਸ਼ ਨੂੰ ਸੰਤੁਲਤ ਰੱਖਣਾ ਬਹੁਤ ਹੀ ਜ਼ਰੂਰੀ ਸੀ। ਬੀਤੇ ਇਤਿਹਾਸ ਦੀਆਂ ਕੁਰਬਾਨੀਆਂ ਅਤੇ ਲਹੂ ਸੰਗ ਲਿਖੇ ਇਤਿਹਾਸ ਤੋਂ ਅਮੁੱਲੜੇ ਸਬਕ ਹਾਸਲ ਕਰਕੇ, ਪੱਲੇ ਬੰਨ੍ਹਣਾ ਉਸ ਵੇਲੇ ਦੀ ਲੋੜ ਸੀ। ਇਨਕਲਾਬੀ ਰਾਹ ਦੀਆਂ ਲੀਹਾਂ ਅਤੇ ਸੇਧ ਨੂੰ ਪਰਪੱਕ ਕਰਨਾ ਸੀ। ਇਸ ਉੱਸਲਵੱਟੇ ਲੈਂਦੇ ਅਤੇ ਰੋਹ 'ਚ ਭਰੇ ਪੀਤੇ ਵਾਤਾਵਰਣ ਵਿੱਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਉਸ ਬੁੱਧੀਮਾਨ ਚਿੰਤਕ, ਦੂਰ ਅੰਦੇਸ਼ ਕਰਾਂਤੀਕਾਰੀ ਵਿਦਵਾਨ ਬਣਨ ਦੇ ਸਫ਼ਰ ਦਾ ਸੁਘੜ ਸਿਆਣਾ ਇਤਿਹਾਸਕਾਰ, ਬੌਧਿਕ ਕਾਮਾਂ ਅਤੇ ਇਨਕਲਾਬੀ ਇਤਿਹਾਸ ਦੀ ਟੁੱਟੀ ਤੰਦ ਗੰਢਣ ਵਾਲਾ ਕਾਰੀਗਰ ਕਾਮਾ ਬਣਕੇ ਸਾਹਮਣੇ ਆਇਆ। ਉਸਨੇ ਬਲ਼ਦੇ ਮਾਰੂਥਲ ਅੰਦਰ ਠੰਢੇ ਮਤੇ ਨਾਲ ਤੁਰਨ ਦਾ ਇਮਤਿਹਾਨ ਪਾਸ ਕੀਤਾ। ਪ੍ਰੋ . ਮਲਵਿੰਦਰਜੀਤ ਹੋਰਾਂ ਦੇ ਮਨ ਦੀ ਕਿਸੇ ਨਾ ਕਿਸੇ ਨੁੱਕਰ ਵਿੱਚ ਚਿੰਤਨ ਦੀ ਇਹ ਅੰਕੁਰ, ਲਗਰ ਫੁੱਟ ਰਹੀ ਸੀ ਕਿ ਇਨਕਲਾਬੀ ਸਮਾਜਕ ਤਬਦੀਲੀ ਲਈ ਕੀ ਕਰਨਾ ਲੋੜੀਏ? ਕਿਹੜਾ ਰਾਹ ਸੁਵੱਲੜਾ ਹੈ।

ਇਹ ਵੀ ਮਨ ਮਸਤਕ 'ਚ ਸੁਆਲ ਸੁਲਘਦੇ, ਬੁਝਦੇ, ਬਲ਼ਦੇ ਰਹਿੰਦੇ ਸਨ ਕਿ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਨੇ ਵੀ ਲੋਕ-ਦੋਖੀ ਪ੍ਰਬੰਧ ਨਾਲ ਟੱਕਰਾਂ ਲਈਆਂ। ਅਥਾਹ ਕੁਰਬਾਨੀਆਂ ਕੀਤੀਆਂ ਪਰ ਸਫ਼ਲਤਾ ਨੇ ਇਨਕਲਾਬੀ ਲਹਿਰਾਂ ਦਾ ਮੱਥਾ ਕਿਉਂ ਨਹੀਂ ਚੁੰਮਿਆਂ। ਉਹ ਔਝੜੇ ਰਾਹਾਂ ਵਿਚੀਂ ਤੁਰਦਿਆਂ ਪਗਡੰਡੀਆਂ ਅਤੇ ਰਾਹਾਂ ਦੀ ਭਾਲ ਕਰਨ ਲਈ ਗਹਿਰਾ ਚਿੰਤਨ ਕਰਦੇ ਰਹਿੰਦੇ।

ਇੱਕ ਦਿਨ ਅਜੇਹਾ ਆਇਆ ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਹੀ ਵਿਦਿਆਰਥੀ ਪ੍ਰੋ. ਜਗਮੋਹਣ ਸਿੰਘ(ਸ਼ਹੀਦ ਭਗਤ ਸਿੰਘ ਦੇ ਭਾਣਜੇ) ਤੇ ਰਜਿੰਦਰ ਸਿੰਘ ਚੀਮਾ ਲੁਧਿਆਣਾ ਤੋਂ ਸਾਇਕਲਾਂ ਤੇ ਹੀ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਭਕਨੇ ਨੂੰ ਸਫ਼ਰ ਤੇ ਨਿੱਕਲ ਪਏ। ਉਹਨਾਂ ਦੇ ਮਨ ਅੰਦਰ ਤੜਫ਼ ਅਤੇ ਗਹਿਰੀ ਨੀਝ ਸੀ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਜਾ ਕੇ ਮਿਲਿਆ ਜਾਵੇ। ਉਹਨਾਂ ਨਾਲ ਵਾਰਤਾਲਾਪ ਕਰਕੇ ਇਹਨਾ ਉਲਝੇ ਸੁਆਲਾਂ ਦੇ ਜਵਾਬ ਤਲਾਸ਼ੇ ਜਾਣ ਕਿ ਜਿਨ੍ਹਾਂ ਕੋਲ ਸਰਵੋਤਮ ਵਿਚਾਰਧਾਰਾ, ਰਾਹ, ਸਮਰਪਣ ਦੀ

ਭਾਵਨਾ ਹੈ ਜਿਹੜੇ ਕੁਰਬਾਨੀਆਂ ਦਾ ਇਤਿਹਾਸ ਲਹੂ ਸੰਗ ਸਮੇਂ ਸਮੇਂ ਸਿਰਜਦੇ ਰਹਿੰਦੇ ਨੇ ਪਰ ਉਹ ਮੰਜ਼ਲਾਂ ਤੇ ਕਿਉਂ ਨਹੀਂ ਪਹੁੰਚ ਪਾਉਂਦੇ? ਉਹ ਰਾਹ ਵਿੱਚ ਸੋਚਦੇ ਗਏ ਕਿ ਐਡਾ ਵੱਡਾ ਆਗੂ ਸਾਨੂੰ ਮਿਲਣ ਲਈ ਸਮਾਂ ਵੀ ਦੇ ਦੇਵੇਗਾ ਉਹਨਾਂ ਕੋਲ਼ ਤਾਂ ਮਿਲਣ ਵਾਲਿਆਂ ਦਾ ਮੇਲਾ ਲੱਗਾ ਹੋਵੇਗਾ।

ਉਨ੍ਹਾਂ ਦੀਆਂ ਕਿਆਸ ਅਰਾਈਆਂ ਨਾਲੋਂ ਹਕੀਕਤ ਕੁੱਝ ਹੋਰ ਹੀ ਸੀ। ਬਾਬਾ ਸੋਹਣ ਸਿੰਘ ਭਕਨਾ ਕੁੱਲੀ ਨੁਮਾ ਰਿਹਾਇਸ਼ ਵਿੱਚ ਕੱਲਮ 'ਕੱਲਾ ਸੀ। ਬਾਬੇ ਨੇ ਆਪ ਹੀ ਦੁੱਧ ਗਰਮ ਕਰਕੇ ਇਹਨਾਂ ਨੌਜਵਾਨਾ ਨੂੰ ਦਿੱਤਾ। ਇਹ ਸਾਰਾ ਦ੍ਰਿਸ਼ ਇਹਨਾਂ ਬੁੱਧੀਮਾਨ ਵਿਦਿਆਰਥੀਆਂ ਲਈ ਇਤਿਹਾਸ ਅਤੇ ਲਹਿਰਾਂ ਦੀ ਝਲਕ ਸੀ ਕਿ ਇਸ ਮੁਲਕ ਅੰਦਰ ਮੂੜ ਮੱਤ ਅਤੇ ਪੁੱਠੀਆਂ ਪੱਟੀਆਂ ਪੜ੍ਹਾਉਣ ਵਾਲੇ ਬਾਬਿਆਂ ਦੇ ਤਾਂ ਜਿਉਂਦੇ ਜੀਅ ਅਤੇ ਮੋਇਆਂ ਤੇ ਮੇਲੇ ਲੱਗਦੇ ਨੇ ਉੱਥੇ ਦੇਸ਼ ਭਗਤਾਂ ਖਾਸ ਕਰਕੇ ਬਾਬਾ ਸੋਹਣ ਸਿੰਘ ਭਕਨਾ ਵਰਗੀਆਂ ਸ਼ਖ਼ਸੀਅਤਾਂ ਦੀ ਜ਼ਿੰਦਗੀ 'ਚ ਇਹ ਇਕੱਲਤਾ ਕਿਸੇ ਵਿਅਕਤੀ ਦੀ ਹੀ ਕਹਾਣੀ ਨਹੀਂ ਇਹ ਲਹਿਰ ਦੀ ਇਕੱਲਤਾ ਨੂੰ ਸਮਝਣ ਦਾ ਗਹਿਰਾ ਸੁਆਲ ਹੈ। ਇਹਨਾਂ ਸੁਆਲਾਂ ਦੇ ਝੁਰਮਟ ਨੇ ਪ੍ਰੋਫ਼ੈਸਰ ਜੀ ਦੇ ਮਨ ਅੰਦਰ ਤੂਫ਼ਾਨ ਲੈ ਆਂਦਾ।

ਉਸ ਉਪਰੰਤ ਹੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਮਨ ਹੀ ਮਨ ਜਿੰਦਗੀ ਦੇ ਵੱਡੇ ਫ਼ੈਸਲੇ ਲਏ। ਉਹਨਾਂ ਨੇ ਬਾਬਾ ਜੀ ਨਾਲ ਵਾਰਤਾਲਾਪ ਕੀਤੀ। ਬੱਸ ਫੇਰ ਤਾਂ ਚੱਲ ਸੋ ਚੱਲ। ਸ਼ਾਹਮੁਖੀ ਵਿੱਚ ਲਿਖੇ ਵਰਕੇ ਬਾਬਾ ਭਕਨਾ ਜੀ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਦੇਣ ਲੱਗੇ ਕਿਉਂਕਿ ਪ੍ਰੋ. ਸਾਹਿਬ ਆਪ ਉਰਦੂ ਅੱਖਰਾਂ ਦੇ ਚੰਗੇ ਗਿਆਤਾ ਸਨ, ਉਹ ਪੰਜਾਬੀ ਵਿਚ ਲਿਖੀਅੰਤਰ ਕਰਨ ਲੱਗੇ। ਕਿਤਾਬ ਦੇ ਰੂਪ ਵਿੱਚ ਛਪੀ ਇਹ ਪਲੇਠੀ ਕਿਤਾਬ ਕਾਰਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਖੁਸ਼ੀ 'ਚ ਖੀਵੇ ਹੋ ਗਏ। ਜਿਵੇਂ ਪਹਿਲਾ ਪਰਾਗਾ ਭੁੰਨਿਆਂ ਹੋਵੇ। ਜਿਵੇਂ ਗਰਮ ਗਰਮ ਗੁੜ ਦਾ ਕੜਾਹਾ ਲਾਹਿਆ ਹੋਵੇ, ਉਹਦੀ ਖੁਸ਼ਬੋ ਮਨ ਨੂੰ ਸਕੂਨ ਦਿੰਦੀ ਹੋਵੇ। ਉਹੀ ਚਾਅ, ਉਹੀ ਮਹਿਕ। ਉਹ ਆਪਣੀ ਇਕਲੌਤੀ ਧੀ ਦੇ ਜਨਮ 'ਤੇ ਜਿੰਨਾ ਖੁਸ਼ ਹੋਏ ਇਉਂ ਹੀ ਪਹਿਲੀ ਕਿਤਾਬ ਦੇ ਜਨਮ 'ਤੇ ਖਿੜ ਉੱਠੇ।

ਭਕਨਾ ਪਿੰਡ ਵਿੱਚ ਬਾਬਾ ਸੋਹਣ ਸਿੰਘ ਭਕਨਾ ਨਾਲ ਮੁਲਾਕਾਤ ਉਪਰੰਤ ਤਾਂ ਉਹ ਬੱਦੋਵਾਲ, ਨਾਰੰਗਵਾਲ, ਸਰਾਭਾ, ਚਮਿੰਡਾ, ਢੁੱਡੀਕੇ, ਚੂਹੜ ਚੱਕ, ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ ਦੇ ਪਿੰਡਾਂ, ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਸੰਗਰਾਮੀ ਪੈੜਾਂ ਦੀ ਖ਼ੋਜ ਕਰਨ ਨਿਕਲ ਤੁਰੇ। ਉਨ੍ਹਾਂ ਨੇ ਪ੍ਰੋਫ਼ੈਸਰੀ ਦੀਆਂ ਸੇਵਾਵਾਂ ਤੋਂ 1989 ਵਿੱਚ ਮੁਕਤੀ ਉਪਰੰਤ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ (ਹਰਿਆਣਾ) ਤੋਂ ਵਕਾਲਤ ਪਾਸ ਕੀਤੀ।

ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿੱਚ ਵਕੀਲ ਬਣਕੇ ਧਨ ਦੌਲਤ ਇਕੱਠੀ ਕਰਨ ਲਈ ਨਹੀਂ ਸਗੋਂ ਇਤਿਹਾਸ ਦੇ ਅਣਫੋਲੇ, ਅਣਛੋਹੇ ਵਰਕੇ ਖੋਜਣ ਲਈ। ਕਾਨੂੰਨੀ ਨੁਕਤਾ ਨਜ਼ਰ ਤੋਂ ਮੁਕੱਦਮਿਆਂ, ਕੇਸਾਂ, ਫਾਂਸੀਆਂ, ਉਮਰ ਕੈਦ, ਜੂਹ ਬੰਦੀਆਂ, ਕੁਰਕੀਆਂ ਅਤੇ ਇਤਿਹਾਸ ਅੰਦਰ ਇਨਕਲਾਬੀ ਲਹਿਰਾਂ ਨੂੰ ਮਾਣਮੱਤਾ ਸਥਾਨ ਦਿਵਾਉਣ ਲਈ, ਹਾਈਕੋਰਟ ਦੇ ਚੱਕਰ ਕੱਟਣ, ਕੇਸ ਲੜਨ, ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ

ਮਾਰੂ ਲਹਿਰ, ਬਜਬਜ ਘਾਟ, ਜ਼ਿਲ੍ਹਿਆ ਵਾਲਾ ਬਾਗ, ਆਜ਼ਾਦ ਹਿੰਦ ਫੌਜ ਆਦਿ ਦੇ ਸ਼ਹੀਦਾਂ ਨੂੰ ਸ਼ਹੀਦੀ ਰੁਤਬਾ ਦਿਵਾਉਣਾ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਕੌਮੀ ਸ਼ਹੀਦਾ ਦਾ ਮਾਣ ਮੱਤਾ ਸਥਾਨ ਦਿਵਾਉਣਾ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਵਰਗੇ ਅਨੇਕਾਂ ਗਦਰੀਆਂ ਦੀਆਂ ਜਮੀਨ ਜਾਇਦਾਦ ਦੀ ਕੁਰਕੀ ਰੱਦ ਕਰਾਉਣ ਨਿਕਲ ਪਏ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਦੀ ਜ਼ਮੀਨ, ਜਾਇਦਾਦ ਦੀ ਕੁਰਕੀ ਰੱਦ ਕਰਵਾਉਣ ਦੇ ਹਵਾਲੇ ਨਾਲ ਅਦਾਲਤ ਨੂੰ ਇਹ ਹਵਾਲਾ ਪ੍ਰਵਾਨ ਕਰਨਾ ਪਿਆ ਕਿ ਮੁਲਕ ਵਿੱਚ ਹੋਰ ਕਿਤੇ ਵੀ ਅਜੇਹੇ ਕੇਸ ਹਨ ਸਭ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਾਇਦਾਦ ਵਾਰਸਾਂ ਹਵਾਲੇ ਕੀਤੀ ਜਾਏ।

ਆਮ ਤੌਰ 'ਤੇ ਸਾਡੇ ਸਮਾਜ ਵਿੱਚ ਕਿਹਾ ਜਾਂਦਾ ਹੈ ਕਿ ਬਰੋਟੇ ਹੇਠਾਂ ਹੋਰ ਬੂਟੇ ਨਹੀਂ ਹੋ ਸਕਦੇ। ਗ਼ਦਰੀ ਬਾਬਿਆਂ ਦੇ ਇਤਿਹਾਸ ਦੇ ਖੋਜੀ ਵਿਦਵਾਨ ਪ੍ਰੋ. ਮਲਵਿੰਦਰਜੀਤ ਸਿੰਘ ਅਜੇਹੇ ਸਥਾਪਤ ਬਰੋਟੇ ਸਨ ਜਿੰਨ੍ਹਾ ਦੀ ਛਾਵੇਂ ਅਨੇਕਾਂ ਹੀ ਬੂਟੇ ਉੱਗੇ, ਮੌਲਰੇ ਅਤੇ ਉਹਨਾਂ ਨੂੰ ਲੋੜੀਂਦੀ ਖਾਧ ਖੁਰਾਕ ਮੁਹੱਈਆ ਕਰਨ ਲਈ ਪ੍ਰੋ. ਮਲਵਿੰਦਰਜੀਤ ਜੀ ਨੇ ਅਥਾਹ ਲਗਨ ਨਾਲ ਕੰਮ ਕੀਤਾ। ਜਿਸ ਕਿਸੇ ਨੂੰ ਕੁਝ ਵੀ ਸਮੱਗਰੀ ਲੋੜੀਂਦੀ ਹੋਵੇ ਉਹਨਾਂ ਨੇ ਤੇਰਾ ਤੇਰਾ ਕਰਕੇ ਲੁਟਾਈ।

ਹਥਲੀ ਨਿੱਕੜੀ ਜਿਹੀ ਲਿਖਤ ਵਿੱਚ ਕਿਤਾਬਾਂ ਦੇ ਵਿਸਥਾਰ ਵਿੱਚ ਨਾ ਜਾਂਦੇ ਹੋਏ ਸਿਰਫ਼ ਐਨਾ ਹੀ ਕਹਾਂਗਾ ਕਿ 62 ਤੋਂ ਵੱਧ ਤਾਂ ਕਿਤਾਬਾਂ ਛਾਪਕੇ ਪਾਠਕਾਂ ਦੀ ਝੋਲੀ ਪਾਈਆਂ ਗਈਆਂ। ਹੋਰ ਕਈ ਮਹੱਤਵਪੂਰਨ ਦਸਤਾਵੇਜ਼ ਵੱਖਰੇ ਹਨ।

ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਜੀ ਸਬੰਧੀ ਪੁਸਤਕ ਉਹਨਾਂ ਨਾਲ ਮੈਂ ਵੀ ਸੰਪਾਦਤ ਕੀਤੀ। ਸੀਤਾ ਰਾਮ ਬਾਂਸਲ ਅਤੇ ਬਲਵਿੰਦਰ ਕੌਰ ਬਾਂਸਲ ਤੇ ਉਹਨਾਂ ਦੇ ਅਮੁੱਲੇ ਕੰਮ ਨੂੰ ਸਾਂਭਣ ਵਿੱਚ ਯਾਦ ਰੱਖਣਯੋਗ ਭੂਮਿਕਾ ਨਿਭਾਈ। ਇਉਂ ਹੀ ਹਰੀਸ਼ ਜੈਨ, ਡਾ. ਗੁਰਦੇਵ ਸਿੰਘ ਸਿੱਧੂ,ਪ੍ਰੋ. ਜਗਮੋਹਣ ਸਿੰਘ, ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਵਰਗਿਆਂ ਦਾ ਉਹਨਾਂ ਦੇ ਨਾਲ ਤੁਰਨ ਦੇ ਸਫ਼ਰ ਨੇ ਬਹੁਤ ਸਾਰੀਆਂ ਪੈੜਾਂ ਸਾਂਭਣ ਦਾ ਕੰਮ ਕੀਤਾ।

ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਉਨ੍ਹਾਂ ਕੋਲ ਪੜ੍ਹਦੇ ਸਮੇਂ ਮੈਂ ਦੇਖਿਆ ਖਾਸ ਕਰਕੇ ਮੋਗਾ ਗੋਲੀ ਕਾਂਡ ਅਤੇ ਹੋਰ ਕਈ ਮੌਕਿਆਂ ਅਤੇ ਗੁਰਸ਼ਰਨ ਭਾਅ ਜੀ ਦੇ ਨਾਟਕ ਕਰਵਾਉਣ, ਸੈਮੀਨਾਰ ਆਦਿ ਮੌਕੇ ਉਹਨਾਂ ਨੇ ਵਿਦਿਆਰਥੀਆਂ ਨੂੰ ਸਦਾ ਥਾਪੀ ਦਿੱਤੀ। ਉਹਨਾਂ ਦੀ ਜੀਵਨ ਸਾਥਣ ਰਾਜਿੰਦਰ ਕੌਰ ਵੜੈਚ ਦੇ ਵਿਛੋੜੇ ਉਪਰੰਤ ਸ਼ਰਧਾਂਜਲੀ ਸਮਾਗਮ ਮੌਕੇ ਉਹਨਾਂ ਮੈਨੂੰ ਬੁੱਕਲ ਵਿੱਚ ਲੈ ਕੇ ਕਿਹਾ ਕਿ ਮੇਰੇ ਲਈ ਮਾਣ ਹੈ ਕਿ ਗੁਰੂ ਨਾਨਕ ਇੰਜੀਨਿਅਰਿੰਗ ਕਾਲਜ ਦਾ ਵਿਦਿਆਰਥੀ ਲੋਕਾਂ ਦਾ ਵਫ਼ਾਦਾਰ ਪੁੱਤ ਬਣਕੇ ਸਦਾ ਸਫ਼ਰ ਤੇ ਹੈ।

ਗ਼ਦਰੀ ਬਾਬਿਆਂ ਦੇ ਮੁਨਸ਼ੀ ਕਹਾਉਣ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਸ਼ਰਧਾਂਜਲੀ ਸਮਾਗਮ 23 ਮਈ 2026 ਨੂੰ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿੱਚ

ਹੋ ਰਿਹੈ ਇਹ ਵੀ ਮੌਕਾ ਮੇਲ ਹੀ ਹੈ ਕਿ 23 ਮਈ 1914 ਨੂੰ ਕਾਮਾਗਾਟਾਮਾਰੂ ਦੇ ਜਹਾਜ਼ ਨੂੰ ਕੈਨੇਡਾ ਤੋਂ ਮੋੜਨ ਦੀ ਇਤਿਹਾਸਿਕ ਘਟਨਾ ਵਾਪਰੀ ਸੀ।

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਲਈ ਇਹ ਮਾਣ ਮੱਤੀ ਇਤਿਹਾਸਕ ਗੱਲ ਹੈ ਕਿ ਪ੍ਰੋ. ਮਲਵਿੰਦਰਜੀਤ ਸਿੰਘ ਨੇ 1 ਮਈ 2015 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਨਾਟਕਾਂ ਅਤੇ ਗੀਤਾਂ ਭਰੀ ਰਾਤ ਮੌਕੇ ਪਲਸ ਮੰਚ ਵੱਲੋਂ ਸਨਮਾਨ ਹਾਸਲ ਕਰਕੇ ਗੁਰਸ਼ਰਨ ਭਾਅ ਜੀ ਦੀ ਸੰਸਥਾ ਕੋਲੋਂ ਸਨਮਾਨ ਲੈ ਕੇ ਪਲਸ ਮੰਚ ਨੂੰ ਮਾਣ ਦਿੱਤਾ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਹ ਕਦੇ ਵੀ ਕਿਸੇ ਸੰਸਥਾ ਦਾ ਇਨਾਮ ਪ੍ਰਵਾਨ ਨਹੀਂ ਸਂ ਕਰਦੇ। ਇਸ ਤੋਂ ਪਹਿਲਾਂ ਨਾਮਧਾਰੀ ਦਰਬਾਰ ਪਾਸੋਂ ਇੱਕ ਪੁਰਸਕਾਰ ਮਿਲਣ ਦੀ ਖ਼ਬਰ ਮਿਲਦੀ ਹੈ, ਹੋਰ ਨਹੀਂ, ਇਹ ਮਾਣ ਅਸੀਂ ਸਦਾ ਸੰਭਾਲ ਕੇ ਰੱਖਾਂਗੇ ਅਤੇ ਉਹਨਾਂ ਦੇ ਅਧੂਰੇ ਕਾਜ਼ ਦੀ ਪੂਰਤੀ ਲਈ ਸਫ਼ਰ ਜਾਰੀ ਰੱਖਾਂਗੇ।

●

# ਗਦਰੀ ਬਾਬਿਆਂ ਦਾ ਸੰਗੀ ਸਾਥੀ

*ਕਮਲਦੀਪ ਸਿੰਘ ਬਰਾੜ*

ਮੈਂ ਪਰਸੋਂ ਹੀ ਕੋਈ ਪੋਸਟ ਦੇਖ ਰਿਹਾ ਸੀ। ਉਸ 'ਚ ਦਿਖਾਇਆ ਗਿਆ ਸੀ ਕਿ ਸਭ ਤੋਂ ਵੱਧ ਅਜ਼ਾਦੀ ਘੁਲ਼ਾਟੀਏ ਬਿਹਾਰ 'ਚੋਂ ਸਨ। ਪੰਜਾਬ ਦੇ ਦੇਸ਼ ਭਗਤਾਂ ਦੀ ਸੰਖਿਆ ਇਸ ਪੋਸਟ ਵਿੱਚ ਬਹੁਤ ਘੱਟ ਦੱਸੀ ਸੀ।

ਮੇਰੇ ਦਿਮਾਗ਼ 'ਚ ਤੁਰੰਤ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਘੁੰਮ ਗਏ। ਸੋਚਿਆ ਤਾਂ ਉਨ੍ਹਾਂ ਤੋਂ ਪੁੱਛਾਂਗੀ। ਕੱਲ੍ਹ ਹੀ ਪਤਾ ਲੱਗਿਆ ਕਿ ਉਹ ਪੂਰੇ ਹੋ ਗਏ ਨੇ। ਸਤੰਬਰ 2010 ਦੀ ਗੱਲ ਹੈ। ਮੈਂ ਹਿੰਦੋਸਤਾਨ ਟਾਈਮਜ਼ 'ਚ ਨੌਕਰੀ ਹਾਲੇ ਸ਼ੁਰੂ ਹੀ ਕੀਤੀ ਸੀ। ਬੜਾ ਚਾਅ ਸੀ ਨਵੀਂ ਨਵੀਂ ਨੌਕਰੀ ਦਾ। ਅਖਬਾਰਾਂ ਦੇ ਦਫਤਰਾਂ ਚੋਂ ਲੈਂਡ ਲਾਈਨ ਫੋਨ ਹਾਲੇ ਲੁਪਤ ਨਹੀਂ ਹੋਏ ਸਨ। ਸਰਕਾਰ ਦੇ ਪ੍ਰੈੱਸ ਨੋਟ ਦੇਣ ਵਾਸਤੇ ਬੰਦਾ ਦਫਤਰ ਤੱਕ ਚੱਲ ਕੇ ਆਉਂਦਾ ਸੀ। ਨਵੀਂ ਨਵੀਂ ਨੌਕਰੀ ਹੋਣ ਕਰਕੇ ਹਰੇਕ ਪ੍ਰੈੱਸ ਨੋਟ ਬੜੇ ਗੌਰ ਨਾਲ ਪੜ੍ਹਿਆ ਜਾਂਦਾ।

ਅਜਿਹਾ ਹੀ ਇਕ ਪ੍ਰੈੱਸ ਨੋਟ ਆਇਆ। ਪ੍ਰੈੱਸ ਨੋਟ 'ਚ ਲਿਖਿਆ ਸੀ ਕਿ ਕਾਮਾਗਾਟਾਮਾਰੂ (ਗੁਰੂ ਨਾਨਕ ਜਹਾਜ) ਕਾਂਡ ਦੇ ਪੀੜਤਾਂ ਦੇ ਪਰਿਵਾਰ ਪੈਨਸ਼ਨ ਲੈਣ ਲਈ ਸੰਪਰਕ ਕਰਨ। ਗੱਲ ਕੁਛ ਸਮਝ ਨਾ ਆਈ ਕਿ ਸਰਕਾਰ ਕਿਵੇਂ ਐਨੀ ਭਲੀਮਾਣਸ ਹੋ ਗਈ ਕਿ ਅਵਾਜਾਂ ਮਾਰ ਮਾਰ ਕੇ ਪੈਨਸ਼ਨ ਲਾਵੇ। ਉਹ ਵੀ ਉਸ ਮੰਦੀ ਘਟਨਾ ਤੋਂ 97 ਸਾਲ ਬਾਅਦ। ਕਰਦੇ ਕਰਾਉਂਦੇ ਵਾਹਵਾ ਮੁਸ਼ੱਕਤ ਤੋਂ ਬਾਅਦ ਕਿਸੇ ਨੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਨੰਬਰ ਦਿੱਤਾ ਤੇ ਕਿਹਾ ਕਿ ਉੱਨਾਂ ਤੋਂ ਪਤਾ ਲੱਗ ਸਕਦਾ ਕਿ ਕੀ ਘੁੰਡੀ। ਉਸ ਤੋਂ ਪਹਿਲਾਂ ਮੈਂ ਉੱਨਾਂ ਨੂੰ ਨਹੀਂ ਜਾਣਦਾ ਸੀ। ਉਨ੍ਹਾ ਦੀ ਉਮਰ ਉਦੋਂ 80 ਸਾਲ ਸੀ। ਪਤਾ ਲੱਗਿਆ ਕਿ ਉੱਨਾਂ ਨੇ ਇਹ ਕੇਸ ਲੜ ਕੇ ਕਾਮਾਗਾਟਾ ਮਾਰੂ ਘਟਨਾ ਦੇ ਪੀੜਤਾਂ ਨੂੰ ਅਜ਼ਾਦੀ ਘੁਲਾਟੀਆਂ ਦਾ ਦਰਜਾ ਦਵਾਇਆ ਸੀ। ਇਸ ਵਾਸਤੇ ਵੀ ਕੇਸ ਲੜਣਾ ਪਿਆ। ਕਿਸ ਨੂੰ ਲਾਹਨਤ ਭੇਜੀਏ ? ਬਿਹਾਰ ਦੇ ਘੁਲਾਟੀਆਂ ਦੀ ਗਿਣਤੀ ਐਵੇਂ ਨਹੀਂ ਵਧੀ।

ਸਰਕਾਰ ਦੇ ਨਿਯਮਾਂ ਅਨੁਸਾਰ ਅਜ਼ਾਦੀ ਘੁਲਾਟੀਆਂ ਦੇ ਮਾਤਾ ਪਿਤਾ, ਪਤਨੀ ਤੇ ਬੱਚੇ ਹੀ ਪੈਨਸ਼ਨ ਲੈਣ ਵਾਸਤੇ ਯੋਗ ਹੁੰਦੇ ਹਨ। ਅਜਿਹੇ 'ਚ ਇਸ ਗੱਲ ਦੀ ਕੋਈ ਆਸ ਨਹੀਂ ਸੀ ਕਿ ਪੈਨਸ਼ਨ ਲੈਣ ਵਾਲਾ ਕੋਈ ਜਿਉਂਦਾ ਬਚਿਆ ਹੋਊ। ਸੋ ਸਰਕਾਰ ਨੇ ਕੋਰਟ ਮੂਹਰੇ ਸੱਚਾ ਹੋਣ ਵਾਸਤੇ ਪ੍ਰੈੱਸ ਨੋਟ ਕੱਢਿਆ ਸੀ।

ਇਹ ਮੇਰੀ ਪਹਿਲ਼ੀ ਬਾਈਲਾਈਨ ਸੀ। ਵੜੈਚ ਸਾਹਿਬ ਆਪਣੇ ਆਪ ਨੂੰ "ਗਦਰੀ ਬਾਬਿਆਂ ਦਾ ਮੁਨਸ਼ੀ" ਦੱਸਦੇ ਸਨ। ਉਨ੍ਹਾਂ ਕੰਮ ਵੀ ਮੁਨਸ਼ੀਆਂ ਵਾਲਾ ਕੀਤਾ। ਮੈਂ ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇਗੰਢ 'ਤੇ ਦੁਬਾਰਾ ਉਨ੍ਹਾਂ ਨੂੰ ਫੋਨ ਲਾਇਆ। ਉਨਾਂ

ਨੂੰ ਯਾਦ ਕਰਵਾਇਆ ਕਿ ਆਪਣੀ ਗੱਲ ਹੋਈ ਸੀ। ਉੱਨਾਂ ਦੁਬਾਰਾ ਗੱਲ ਕਰਨ ਦਾ ਕਹਿ ਕੇ ਫੋਨ ਕੱਟ ਦਿੱਤਾ।

ਫੇਰ ਉਨ੍ਹਾਂਦਾ ਦੁਬਾਰਾ ਫੋਨ ਆਇਆ। ਉੱਨਾਂ ਮੈਨੂੰ ਦੱਸਿਆ ਕਿ ਸਾਡੀ ਚਾਰ ਸਾਲ ਪਹਿਲਾਂ ਕਿਸ ਦਿਨ ਤੇ ਕਿੰਨੇ ਵਜੇ ਗੱਲ ਹੋਈ ਸੀ। ਉਨ੍ਹਾਂ ਸਾਡੀ ਗੱਲਬਾਤ ਨੂੰ ਆਵਦੇ ਰਿਕਾਰਡ 'ਚ ਦਰਜ ਕਰ ਲਿਆ ਸੀ। ਛੋਟੀ ਤੋਂ ਛੋਟੀ ਗੱਲ ਨੂੰ ਦਰਜ ਕਰਨ ਦੀ ਇਹੀ ਬਰੀਕੀ ਉੱਨਾਂ ਦੇ ਕੰਮ 'ਚ ਨਜ਼ਰ ਆਉਂਦੀ ਹੈ।

ਜਦੋਂ ਉਨ੍ਹਾਂ ਦੇ ਕੰਮ ਵੱਲ ਦੇਖੀਦਾ ਹੈ ਤਾਂ ਸੋਚ ਆਉਂਦੀ ਹੈ ਕਿ ਸਰਕਾਰ ਕੀ ਕਰਦੀ ਰਹੀ। ਕੰਮ ਐਨਾ ਜਿਆਦਾ ਸੀ ਕਰਨ ਨੂੰ। ਵੜੈਚ ਹੋਰਾਂ ਨੇ ਗਦਰੀ ਬਾਬਿਆਂ ਬਾਰੇ ਬਹੁਤ ਜਾਣਕਾਰੀ ਇਕੱਠੀ ਕੀਤੀ। ਪਰ ਉਹ ਹਮੇਸ਼ਾ ਇਸ ਜਾਣਕਾਰੀ ਦੀ ਵਿਆਖਿਆ ਕਰਨ ਤੋਂ ਕਤਰਾਉਂਦੇ ਸਨ। ਉੱਨਾਂ ਮੈਨੂੰ ਫੋਨ ਕਰਕੇ ਦੱਸਿਆ ਕਿ ਤਰਨਤਾਰਨ ਦੇ ਪਿੰਡ ਢੋਟੀਆਂ ਦੇ ਵੀਹ ਕਿਲੋਮੀਟਰ ਦੇ ਦਾਇਰੇ 'ਚ 12 ਗਦਰੀ ਬਾਬਿਆਂ ਨੂੰ ਇਕੱਠੇ ਫਾਂਸੀ ਚੜ੍ਹਾ ਦਿੱਤਾ ਗਿਆ ਸੀ। 2015 'ਚ।

ਇੰਨਾਂ ਬਾਬਿਆਂ ਦੀ ਫਾਂਸੀ ਦੀ 100ਵੀ ਬਰਸੀ ਸੀ ਤੇ ਉਹ ਚਾਹੁੰਦੇ ਸੀ ਕਿ ਮੈਂ ਅਖ਼ਬਾਰ 'ਚ ਇਸ ਬਾਰੇ ਕੁਝ ਲਿਖਾਂ। ਪਰ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਉਨਾਂ ਬਾਰੇ। ਦੋ ਚਾਰ ਪਰਿਵਾਰਾਂ ਨੂੰ ਛੱਡ ਕੇ ਉੱਨਾਂ ਗਦਰੀ ਬਾਬਿਆਂ ਦਾ ਕੋਈ ਨਿਸ਼ਾਨ ਨਹੀਂ ਸੀ। ਵੜੈਚ ਹੋਰਾਂ ਮੈਨੂੰ ਦੱਸਿਆ ਕਿ ਉਨਾਂ ਨੇ ਇੰਨਾਂ ਗਦਰੀ ਬਾਬਿਆਂ ਦੀ ਖੋਜ ਸਾਈਕਲ 'ਤੇ ਪਿੰਡ-ਪਿੰਡ ਜਾ ਜਾ ਕੇ ਕੀਤੀ ਸੀ। ਉੱਨਾਂ ਦੇ ਕਹਿਣ 'ਤੇ ਮੈਂ ਵੀ ਤਰਨ ਤਾਰਨ ਦੇ ਕਈ ਪਿੰਡਾਂ 'ਚ ਗਿਆ।

ਜਦੋਂ ਮੈਂ ਆਪਣੇ ਅਖਬਾਰ ਦੇ ਉਦੋਂ ਦੇ ਐਡੀਟਰ ਨਿਰੁਪਮਾ ਸੁਬਰਾਮਨੀਅਨ ਨੂੰ ਦੱਸਿਆ ਕਿ ਤਰਨਤਾਰਨ ਦੇ 12 ਗਦਰੀ ਬਾਬਿਆਂ ਨੂੰ ਇੱਕੋ ਦਿਨ ਫਾਂਸੀ ਦਿੱਤੀ ਗਈ ਸੀ ਤਾਂ ਉਨਾਂ ਪਹਿਲਾਂ ਮੇਰਾ ਯਕੀਨ ਨਾ ਕੀਤਾ। ਉਨ੍ਹਾਂ ਦਾ ਹੈਰਾਨ ਹੋਣਾ ਵਾਜਿਬ ਸੀ ਕਿ ਲੋਕ ਤੇ ਸਰਕਾਰਾਂ ਕਿਵੇਂ ਐਡੀ ਵੱਡੀ ਘਟਨਾ ਨੂੰ ਭੁੱਲ ਸਕਦੇ ਹਨ। ਇਹ ਹੋ ਹੀ ਨਹੀਂ ਸਕਦਾ ਕਿ 12 ਬੰਦਿਆਂ ਨੇ ਕੁਰਬਾਨੀ ਦਿੱਤੀ ਹੋਵੇ ਤੇ ਸਰਕਾਰ ਤੇ ਲੋਕਾਂ ਨੂੰ ਇਹ ਗੱਲ ਵਿਸਰ ਗਈ ਹੋਵੇ। ਇਹ ਕਿਵੇਂ ਹੋ ਸਕਦਾ ਸੀ। ਪਰ ਇਹ ਹੋਇਆ।

ਇਹ ਸਿਰਫ *0ਖੁ ਮਲਵਿੰਦਰਜੀਤ ਸਿੰਘ ਵੜੈਚ ਹੀ ਸੀ ਜਿੰਨਾਂ ਨੇ ਅਜਿਹੀਆਂ ਕੁਰਬਾਨੀਆਂ ਨੂੰ ਮੁਨਸ਼ੀ ਵਾਂਗ ਦਰਜ ਕਰਕੇ ਰੱਖ ਲਿਆ। ਉਨ੍ਹਾਂ 12 ਗਦਰੀ ਬਾਬਿਆਂ ਦੀ ਕਹਾਣੀ ਦੀਆਂ ਕਈ ਪਰਤਾਂ ਨੇ। ਜਦੋਂ ਸੱਜਣ ਸਿੰਘ ਰੰਗਰੂਟ ਫ਼ਿਲਮ ਆਈ ਸੀ ਤਾਂ ਮੈਂ ਉਸ ਬਾਰੇ ਵਿਸਥਾਰ ਨਾਲ ਲਿਖਿਆ ਸੀ। ਉੱਨਾਂ 'ਚ ਇਕ ਮੂਲ਼ ਸਿੰਘ ਨਾਮ ਦਾ ਗ੍ਰੰਥੀ ਸੀ। ਉਸ ਬਾਰੇ ਮੈਂ ਤੈਅ ਨਹੀਂ ਕਰ ਸਕਿਆ ਕਿ ਉਹ ਨਾਇਕ ਹੈ ਜਾਂ ਖਲਨਾਇਕ। ਮੈਂ ਵੜੈਚ ਹੋਰਾਂ ਨੂੰ ਫੋਨ ਕਰਕੇ ਪੁੱਛਿਆ। ਕਿ ਮੂਲ ਸਿੰਘ ਨੂੰ ਉਹ ਨਾਇਕ ਮੰਨਦੇ ਹਨ ਜਾਂ ਖਲਨਾਇਕ। ਤਾਂ ਵੜੈਚ ਹੋਰਾਂ ਕਿਹਾ ਕਿ ਇਸ ਗੱਲ ਨੂੰ ਮੈਂ ਆਪੇ ਤੈਅ ਕਰਾਂ। ਉੱਨਾਂ ਦਾ ਕੰਮ ਮੂਲ਼ ਸਿੰਘ ਨੂੰ ਦਰਜ ਕਰਨਾ ਸੀ। ਜੋ ਉੱਨਾਂ ਨੇ ਮੁਨਸ਼ੀ ਬਣ ਕੇ ਕਰ ਦਿੱਤਾ।

ਮੈਂ ਪ੍ਰੋ ਵੜੈਚ ਹੋਰਾਂ ਨੂੰ ਕਦੇ ਆਹਮੋ ਸਾਹਮਣੇ ਨਹੀਂ ਮਿਲਿਆ। ਉਨ੍ਹਾਂ ਨਾਲ ਫੋਨ

'ਤੇ ਹੀ ਗੱਲ ਹੁੰਦੀ ਰਹੀ। ਕਈ ਕਿਤਾਬਾਂ ਪੜ੍ਹ ਕੇ ਵੀ ਓਨਾ ਪਤਾ ਨਹੀਂ ਲੱਗ ਸਕਦਾ ਜੋ ਉਨ੍ਹਾਂ ਨਾਲ ਗੱਲ ਕਰਕੇ ਲੱਗ ਜਾਂਦਾ। ਕਈ ਵਾਰ ਉਹ ਉਨ੍ਹਾਂ ਲੇਖਕਾਂ ਦੀ ਗੱਲ ਵੀ ਮੇਰੇ ਕੋਲ ਕਰ ਲੈਂਦੇ ਸਨ ਜੋ ਉਨ੍ਹਾਂ ਤੋਂ ਜਾਣਕਾਰੀ ਲੈ ਕੇ ਆਪਣੀ ਕਿਤਾਬ 'ਚ ਤੋੜ ਮਰੋੜ ਕੇ ਛਾਪ ਲੈਂਦੇ ਸਨ।

ਸ਼ਹੀਦ ਭਗਤ ਸਿੰਘ ਦੁਆਲੇ ਬੁਣੇ ਅਜ਼ਾਦੀ ਦੇ ਇਤਿਹਾਸ ਦੇ ਮੱਕੜ-ਜਾਲ ਨੇ ਸਾਨੂੰ ਗਦਰੀ ਬਾਬਿਆਂ ਬਾਰੇ ਪਤਾ ਨਹੀਂ ਲੱਗਣ ਦਿੱਤਾ। ਪੰਜਾਬ ਦੇ ਵੱਖ ਵੱਖ ਹਿੱਸਿਆਂ 'ਚ ਸਰਗਰਮ ਗਦਰੀ ਬਾਬਿਆਂ ਬਾਰੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵੱਲੋਂ ਦਰਜ ਕੀਤੀਆਂ ਘਟਨਾਵਾਂ ਨੂੰ ਵਾਚੋ। ਮਹਿਸੂਸ ਹੁੰਦਾ ਹੈ ਕਿ ਬਾਬੇ ਨਹਿਰੂ ਅਤੇ ਅਮਿਤ ਸ਼ਾਹ ਦੇ ਰਾਸ਼ਟਰਵਾਦ 'ਚ ਉਵੇਂ ਫਿੱਟ ਨਹੀਂ ਹੁੰਦੇ ਜਿਵੇਂ ਭਗਤ ਸਿੰਘ ਹੋ ਜਾਂਦਾ। ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਨੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਤੋਂ ਵੀ ਭਗਤ ਸਿੰਘ ਦੀ ਜੀਵਨੀ ਹੀ ਲਿਖਵਾਈ। ਮੈਨੂੰ ਉਹੀ ਉਨਾਂ ਦੀ ਉਹੀ ਸਭ ਤੋਂ ਕਮਜ਼ੋਰ ਕਿਤਾਬ ਲੱਗਦੀ ਹੈ।

ਜਦੋਂ ਅਸੀਂ ਗਦਰੀ ਬਾਬਿਆਂ ਨੂੰ ਬਣਦਾ ਸਤਿਕਾਰ ਨਹੀਂ ਦੇ ਸਕੇ ਤਾਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਕੀ ਦੇਣਾ ਸੀ। ਉਨਾਂ 'ਚ ਗਦਰੀ ਬਾਬਿਆਂ ਦੀ ਰੂਹ ਸੀ। ਜੇ ਅਸੀਂ ਗਦਰੀ ਬਾਬਿਆਂ ਦੇ ਵਾਰਸ ਹੁੰਦੇ ਤਾਂ ਪ੍ਰੋ. ਵੜੈਚ ਦੀ ਯਾਦ 'ਚ ਇਕ ਦਿਨ ਦਾ ਸਰਕਾਰੀ ਸੋਗ ਮਨਾਇਆ ਜਾਂਦਾ। ਪਰ ਗਦਰੀ ਬਾਬਿਆਂ ਦਾ ਇਸ ਮੁਲਕ ਨਾਲ ਕੋਈ ਸਬੰਧ ਨਹੀਂ। ਜੇ ਕੋਈ ਸੀ ਤਾਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਪੂਰੇ ਹੋਣ ਨਾਲ ਉਹ ਸੰਬੰਧ ਵੀ ਖ਼ਤਮ ਹੋ ਗਿਆ ਹੈ।

●

# ਨਾਮਧਾਰੀ ਜਗਤ ਨਹੀਂ ਵਿਸਾਰ ਸਕੇਗਾ
# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ

***ਸੁਵਰਨ ਸਿੰਘ ਵਿਰਕ***
*ਐਡਵੋਕੇਟ*
*ਕਰੀ ਵਾਲਾ (ਸਿਰਸਾ)*

ਸ. ਨਾਹਰ ਸਿੰਘ ਐੱਮ.ਏ. ਦੀ ਚਰਚਿਤ ਪੁਸਤਕ "ਨਾਮਧਾਰੀ ਇਤਿਹਾਸ" ਪਹਿਲੀ ਵੇਰ ਵੀ ਜੁਲਾਈ 1955 ਨੂੰ ਛਪੀ ਸੀ। ਇਸ ਦਾ ਦੂਸਰਾ ਐਡੀਸ਼ਨ ਸਤਿਗੁਰ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਦੁਆਰਾ ਸੋਧਿਆ ਅਤੇ ਸੰਪਾਦਤ ਕੀਤਾ ਗਿਆ ਸੀ, ਜੋ ਆਰਸੀ ਪਬਲੀਸ਼ਜ ਦਿੱਲੀ ਨੇ 2014 ਵਿੱਚ ਛਾਪਿਆ।

ਇਸ ਦੀ ਭੂਮਿਕਾ ਵਿੱਚ ਪ੍ਰੋਫ਼ੈਸਰ ਵੜੈਚ ਨਾਮਧਾਰੀ ਜਗਤ ਨਾਲ ਆਪਣੇ ਸੰਬੰਧਾਂ ਬਾਰੇ ਸੰਖੇਪ ਜਾਣਕਾਰੀ ਇਉ ਦਰਜ ਕਰਦੇ ਹਨ।

"ਸਤਿਗੁਰ ਉਦੇ ਸਿੰਘ ਜੀ ਨੇ ਵੀ ਸ਼੍ਰੀ ਭੈਣੀ ਸਾਹਿਬ ਵਿਖੇ ਇੱਕ ਵੱਡੇ ਸਮਾਗਮ ਵਿੱਚ ਆਪ ਜੀ ਨੂੰ "ਇਤਿਹਾਸ ਖੋਜ ਰਤਨ ਸਨਮਾਨ" ਨਾਲ ਸਨਮਾਨਿਆ ਸੀ।

ਪ੍ਰੋ. ਵੜੈਚ ਦੱਸਦੇ ਹੁੰਦੇ ਸਨ ਕਿ ਸਤਿਗੁਰ ਜਗਜੀਤ ਸਿੰਘ ਜੀ ਦੇ ਮੈਨੂੰ ਪਹਿਲੀ ਵਾਰ ਉਦੋਂ ਦਰਸ਼ਨ ਹੋਏ ਸਨ ਜਦ ਉਹ ਦਸੰਬਰ 1968 ਨੂੰ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਦੀ ਖ਼ਬਰ ਸਾਰ ਲੈਣ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਤੇ ਹਸਪਤਾਲ ਪਧਾਰੇ ਸਨ।

ਉਦੋਂ ਦਾਸ ਬਾਬਾ ਭਕਨਾ ਜੀ ਦੀ ਤੀਮਾਰਦਾਰੀ ਕਰ ਰਿਹਾ ਸੀ। ਮਗਰੋਂ ਫੇਰ ਕਈ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਮਿਲਦਾ ਰਿਹਾ।

"ਉਧਰ ਭਾਈ ਨਾਹਰ ਸਿੰਘ ਜੀ ਨਾਲ ਮੇਰੇ ਨਵੰਬਰ 1989 ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੀ ਪ੍ਰੋਫ਼ੈਸਰੀ ਤੋਂ ਵਿਹਲੇ ਹੋ ਕੇ ਚੰਡੀਗੜ੍ਹ ਆ ਜਾਣ ਤੇ ਮੇਲ ਹੋਇਆ। ਸਾਡੀ ਨੇੜਤਾ ਤੋਂ ਅੱਗੇ ਅਤਿ ਨੇੜਤਾ ਹੁੰਦੀ ਗਈ ਜਿਸ ਦਾ ਪ੍ਰਮੁੱਖ ਕਾਰਨ ਸਾਡੀ ਸ਼ਹੀਦਾਂ ਪ੍ਰਤੀ ਆਮ ਤੇ ਖਾਸ ਕਰਕੇ ਨਾਮਧਾਰੀ ਸ਼ਹੀਦਾਂ ਸਬੰਧੀ ਲਗਾਓ ਸੀ। ਇਹ ਸਾਂਝ ਉਹਨਾਂ ਦੇ ਮਾਰਚ 1998 ਵਿੱਚ ਚੜ੍ਹਾਈ ਕਰ ਜਾਣ ਤੱਕ ਦੂਣ ਸਵਾਈ ਹੁੰਦੀ ਗਈ।

21-2-1999 ਮੌਕੇ ਦਾਸ ਨੂੰ ਭਾਈ ਤਰਨ ਸਿੰਘ ਵਹਿਮੀ ਅਵਾਰਡ ਸਮਾਗਮ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਨ ਦਾ ਹੁਕਮ ਹੋਇਆ ਜਿਸ ਵਿੱਚ ਦਾਸ ਨੇ ਗਿਲਾ ਕੀਤਾ ਕਿ ਐਡੀ ਮਹਾਨ ਕੁਰਬਾਨੀ ਵਾਲੇ ਮਲੇਰ ਕੋਟਲਾ ਦੇ ਸ਼ਹੀਦਾਂ ਦੀ ਕੋਈ ਟਕਸਾਲੀ ਲਿਸਟ ਹੀ ਪ੍ਰਾਪਤ ਨਹੀਂ ਹੈ।

ਕੋਲ ਹੀ ਬਿਰਾਜੇ ਸਤਿਗੁਰ ਜਗਜੀਤ ਸਿੰਘ ਜੀ ਨੇ ਉਸੇ ਵੇਲੇ ਫਰਮਾਇਆ ਕਿ ਇਹ ਹੁਣ ਤੁਸਾਂ ਹੀ ਬਣਾਉਣੀ ਹੈ।

ਹੁਣ ਤੀਕ ਦਿੱਲੀ ਮੁਹਾਫਸ ਖਾਨਾ ਦਾ ਸਾਰਾ ਰਿਕਾਰਡ ਤਾਂ ਭਾਈ ਨਾਹਰ ਸਿੰਘ ਜੀ ਫਰੋਲ ਹੀ ਚੁੱਕੇ ਸਨ, ਜਿੱਥੇ 18 ਜਨਵਰੀ 1872 ਵਾਲੇ 16 ਸ਼ਹੀਦਾਂ ਦਾ ਵੇਰਵਾ ਤਾਂ ਮਿਲ ਗਿਆ ਸੀ ਪਰ 17 ਜਨਵਰੀ ਵਾਲੇ ਪੰਜਾਹ ਸ਼ਹੀਦਾਂ ਦਾ ਕੋਈ ਥਹੁ ਪਤਾ ਹੀ ਨਹੀਂ ਸੀ। ਇਸ ਲਈ ਪਟਿਆਲੇ ਦੇ ਰਿਆਸਤੀ ਮਿਸਲਖਾਨੇ ਤੋਂ 25 ਅਪ੍ਰੈਲ ਦੀ ਟਕਸਾਲੀ ਲਿਸਟ ਪ੍ਰਾਪਤ ਹੋਈ ਜੋ 25 ਮਈ ਨੂੰ ਸਤਿਗੁਰ ਦੇ ਸਨਮੁਖ ਹਾਜ਼ਰ ਹੋ ਕੇ ਉਨਾਂ ਨੂੰ ਭੇਟ ਕੀਤੀ।

ਉਸੇ ਆਧਾਰ ਤੇ ਹਿੰਦ ਸਰਕਾਰ ਵੱਲੋਂ ਨਾ ਪ੍ਰਕਾਸ਼ਿਤ "ਡਾਇਰੈਕਟਰੀ ਆਫ ਮਾਰਟਾਇਰਜ਼" ਵਿਚ ਦਰਜ ਕੀਤੇ ਵੇਰਵਿਆਂ ਦਾ ਉਤਾਰਾ 13 ਮਈ 2012 ਨੂੰ ਸਤਿਗੁਰੂ ਨੂੰ ਭੇਟ ਕੀਤਾ।

ਇਸੇ ਤਰ੍ਹਾਂ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਮਲਵਿੰਦਰਜੀਤ ਸਿੰਘ ਵੜੈਚ ਹੋਰਾਂ ਨੇ ਵਕੀਲ ਵਜੋਂ 2003 ਵਿੱਚ ਇਕ ਯਾਚਿਕਾ ਦਾਇਰ ਕੀਤੀ ਜਿਸ ਦਾ 15-12-2011 ਨੂੰ ਫ਼ੈਸਲਾ ਆਇਆ ਕਿ ਕੂਕਾ ਨਾਮਧਾਰੀ ਲਹਿਰ ਅਤੇ ਜ਼ਲ੍ਹਿਆਂਵਾਲੇ ਬਾਗ ਦੇ ਸ਼ਹੀਦ ਸਾਡੇ ਭਾਰਤੀ ਸੁਤੰਤਰਤਾ ਸੰਗਰਾਮ ਦਾ ਭਾਗ ਹਨ। ਇਹ ਇਸ ਸਬੰਧੀ ਮਿਲਣ ਵਾਲੀਆਂ ਪੈਨਸ਼ਨਾਂ ਅਤੇ ਸਨਮਾਨ ਦੇ ਹੱਕਦਾਰ ਹਨ।

ਮੇਰੀ ਲਿਖੀ ਵੱਡ ਆਕਾਰੀ ਇਤਿਹਾਸ ਪੁਸਤਕ "ਕੂਕਾ ਲਹਿਰ ਦੇ ਮਹਾਨ ਨਾਇਕ" ਭਾਗ ਦੋ ਦੀ ਭੂਮਿਕਾ ਵਿੱਚ ਆਪ ਨੇ ਬੜੀ ਬਾਰੀਕਬੀਨੀ ਨਾਲ ਘੋਖ ਪੜਤਾਲ ਕੇ ਲਿਖੀ ਸੀ।

ਸਾਰੀ ਉਮਰ ਦੇਸ਼ ਭਗਤ ਲਹਿਰਾਂ ਬਾਰੇ ਖੋਜੀ ਵਿਦਵਾਨ ਨੂੰ ਸਲਾਮ।

●

# ਗ਼ਦਰੀ ਸੂਰਬੀਰਾਂ ਦੀ ਸੰਗਤ 'ਚ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

***ਅਵਤਾਰ ਸਿੰਘ***
*ਬੀ.ਬੀ.ਸੀ. ਰੀਪੋਰਟਰ*
*ਨਵੀਂ ਦਿੱਲੀ*

ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਅਤੇ ਗ਼ਦਰ ਲਹਿਰ ਦੇ ਬਹੁਤ ਸਾਰੇ ਕਾਰਕੁੰਨਾਂ ਨਾਲ ਰਹੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ 9 ਮਈ ਸ਼ਨੀਵਾਰ ਸਵੇਰੇ ਸਾਕੇਤੜੀ (ਪੰਚਕੂਲਾ) ਵਿੱਚ ਦੇਹਾਂਤ ਹੋ ਗਿਆ। ਉਹ 96ਵੇਂ ਸਾਲ ਤੋਂ ਕੁਝ ਵੱਧ ਦੇ ਸਨ।

ਇਤਿਹਾਸਕਾਰ ਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੇਨੇਟੀਜ਼ ਦੇ ਪ੍ਰੋਫ਼ੈਸਰ ਰਹੇ ਮਲਵਿੰਦਰਜੀਤ ਸਿੰਘ ਵੜੈਚ ਦਾ ਪਰਿਵਾਰ ਲੱਧੇਵਾਲਾ ਵੜੈਚ (ਗੁਜਰਾਂਵਾਲਾ, ਪਾਕਿਸਤਾਨ) ਤੋਂ ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਭਾਰਤ ਆ ਕੇ ਪਹਿਲਾਂ ਕਪੂਰਥਲਾ ਅਤੇ ਫਿਰ ਪੱਕੇ ਤੌਰ ਤੇ ਪਿੰਡ ਰਾਵਰ (ਕਰਨਾਲ) ਵਿੱਚ ਵੱਸਿਆ। ਉਸ ਸਮੇਂ ਕਰਨਾਲ ਪੰਜਾਬ ਦਾ ਹੀ ਹਿੱਸਾ ਸੀ।

ਪਰਿਵਾਰਕ ਮੈਂਬਰਾਂ ਮੁਤਾਬਕ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀ.ਜੀ.ਆਈ., ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਹਨਾਂ ਦੀ ਪਤਨੀ ਰਜਿੰਦਰ ਕੌਰ ਵੜੈਚ ਦੀ ਦੇਹ ਵੀ ਪੀ.ਜੀ.ਆਈ. ਨੂੰ ਸੌਂਪੀ ਗਈ ਸੀ।

ਪੰਜਾਬੀ ਦੇ ਕਵੀ ਗੁਰਭਜਨ ਗਿੱਲ ਦੱਸਦੇ ਹਨ ਕਿ ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ 50 ਤੋਂ ਵੱਧ ਹੈ। ਉਹਨਾਂ ਨੇ ਪਹਿਲੇ ਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਨੂੰ ਵੀ ਯੂਨੀਸਟਾਰ ਵਾਲੇ ਹਰੀਸ਼ ਜੈਨ ਜੀ ਨਾਲ ਮਿਲ ਕੇ ਸੰਪਾਦਿਤ ਕੀਤਾ ਅਤੇ ਛਪਵਾਇਆ। ਜਾਣਕਾਰੀ ਮੁਤਾਬਕ ਉਹਨਾਂ ਦੀਆਂ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ ਲਿਖੀਆਂ, ਅਨੁਵਾਦਿਤ ਅਤੇ ਸੰਪਾਦਤ 62 ਕਿਤਾਬਾਂ ਹਨ।

## ਗ਼ਦਰੀਆਂ ਦੀ ਸੰਗਤ ਅਤੇ ਵਿਲੱਖਣ ਜਾਣਕਾਰੀ

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੱਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਪੜ੍ਹਾਉਂਦੇ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਵਿਦਿਆਰਥੀ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਮੁਤਾਬਕ ਵੜੈਚ ਨੇ ਗ਼ਦਰ ਲਹਿਰ ਦੇ ਕੰਮਾਂ ਅਤੇ ਉਹਨਾਂ ਦੇ ਸੰਘਰਸ਼ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਿਸ ਲਈ ਉਹਨਾਂ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਘੁੰਮ ਕੇ ਦਸਤਾਵੇਜ਼ ਇਕੱਠੇ ਕੀਤੇ।

ਪੰਜਾਬੀ ਦੇ ਕਵੀ ਗੁਰਭਜਨ ਗਿੱਲ ਅਨੁਸਾਰ ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਕਾਲਾ ਸੰਘਿਆ, ਸੱਜਣ ਸਿੰਘ ਨਾਰੰਗਵਾਲ, ਭਗਤ ਸਿੰਘ

ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਭਗਤ ਸਿੰਘ ਦੇ ਮਾਤਾ ਵਿਦਿਆਵਤੀ ਅਤੇ ਹੋਰ ਅਨੇਕਾਂ ਦੇਸ਼ ਭਗਤਾਂ ਦੀ ਸੰਗਤ ਮਾਣੀ।

ਅਮੋਲਕ ਸਿੰਘ ਕਹਿੰਦੇ ਹਨ, ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹਨਾਂ ਨੇ ਗ਼ਦਰ ਲਹਿਰ ਬਾਰੇ ਵਿਲੱਖਣ ਕਿਸਮ ਦਾ ਕੰਮ ਕੀਤਾ ਹੈ। ਉਹ ਅਸਲ ਅਰਥਾਂ ਵਿੱਚ ਖੋਜੀ ਅਤੇ ਵਿਦਵਾਨ ਸਨ, ਜਿੰਨਾਂ ਨੇ ਲੁਕੀਆਂ ਛਿਪੀਆਂ ਗੱਲਾਂ ਨੂੰ ਲੋਕਾਂ ਸਾਹਮਣੇ ਲਿਆਂਦਾ। ਉਹਨਾਂ ਨੇ ਬਹੁਤ ਸਾਰੇ ਦਸਤਾਵੇਜ਼ ਲਾਹੌਰ, ਸਿੰਗਾਪੁਰ ਅਤੇ ਹੋਰ ਥਾਵਾਂ ਤੋਂ ਕੱਢਵਾਏ। ਉਹਨਾਂ ਨੇ ਸੀਆਈਡੀ ਅਤੇ ਹੋਰ ਅਹਿਮ ਰਿਪੋਰਟਾਂ ਨੂੰ ਹੂਬਹੂ ਛਾਪਿਆ।

ਅਮੋਲਕ ਸਿੰਘ ਦੱਸਦੇ ਹਨ, "ਉਹ ਆਪਣੇ ਆਪ ਨੂੰ ਗ਼ਦਰੀਆਂ ਦੇ ਮੁਨਸ਼ੀ ਹੀ ਕਹਾਉਂਦੇ ਸਨ। ਉਹਨਾਂ ਨੇ ਗ਼ਦਰੀਆਂ ਦੇ ਘਰਾਂ ਵਿੱਚ ਜਾ ਕੇ ਟੇਪਾਂ ਰਿਕਾਰਡ ਕੀਤੀਆਂ। ਬਾਬਾ ਸੋਹਣ ਸਿੰਘ ਭਕਨਾ ਨੂੰ ਉਹਨਾਂ ਨੇ ਸਾਹਮਣੇ ਲਿਆਂਦਾ ਕਿ ਬਾਬਾ ਭਕਨਾ ਇਸ ਤਰ੍ਹਾਂ ਦੇ ਦਿਖਾਈ ਦਿੰਦੇ ਹਨ।"

ਵੜੈਚ ਦੇ ਸ਼ਾਗਿਰਦ ਸੀਤਾ ਰਾਮ ਬਾਂਸਲ ਦੱਸਦੇ ਹਨ, "6 ਜੂਨ 1966 ਨੂੰ ਮਲਵਿੰਦਰਜੀਤ ਸਿੰਘ ਵੜੈਚ, ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਤੇ 8 ਰਾਜਿੰਦਰ ਸਿੰਘ ਚੀਮਾ (ਹੁਣ ਸੀਨੀਅਰ ਐਡਵੋਕੇਟ, ਸੁਪਰੀਮ ਕੋਰਟ) ਭਕਨਾ ਸਾਇਕਲਾਂ ਤੇ ਜਾ ਕੇ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲੇ। ਉਹਨਾਂ ਨੂੰ ਮਿਲ ਕੇ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਭਕਨਾ ਦੀ ਉਰਦੂ ਵਿੱਚ ਲਿਖੀ 'ਸਵੈ-ਜੀਵਨੀ ਜੀਵਨ ਸੰਗਰਾਮ' ਦਾ ਪੰਜਾਬੀ ਵਿੱਚ ਅਨੁਵਾਦ ਕੀਤਾ। ਉਸ ਤੋਂ ਬਾਅਦ ਉਹਨਾਂ ਨੇ ਜਦਿਾ ਗ਼ਦਰੀਆਂ ਨੂੰ ਲੋਕਾਂ ਨਾਲ ਮਿਲਾਉਣਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਬਹੁਤ ਸਾਰੇ ਬੇਨਾਮ ਜ਼ਿੰਦਗੀ ਜੀਅ ਰਹੇ ਸਨ। ਉਹ ਬੰਗਾਲੀ ਕ੍ਰਾਂਤੀਕਾਰੀਆਂ ਨੂੰ ਮਿਲਦੇ ਰਹੇ।

ਉਨ੍ਹਾਂ ਯੁਵਕ ਕੇਂਦਰ ਜਲੰਧਰ ਵੱਲੋਂ 1970 ਦੇ ਕਰੀਬ 'ਕੌਮੀ ਲਹਿਰ' ਨਾਂ ਦਾ ਮਾਸਿਕ ਮੈਗ਼ਜੀਨ ਵੀ ਕੱਢਿਆ ਅਤੇ 34 ਅੰਕ ਪ੍ਰਕਾਸ਼ਤ ਕੀਤੇ।

ਉਹਨਾਂ ਨੇ ਆਪਣੇ 52 ਸਾਲਾਂ ਦੇ ਖੋਜੀ ਜੀਵਨ ਦੌਰਾਨ ਇਨਕਲਾਬੀਆਂ ਨਾਲ ਸਬੰਧਤ ਹਜ਼ਾਰਾਂ ਦਸਤਾਵੇਜ਼, ਬੇਸ਼ਕੀਮਤੀ ਕਿਤਾਬਾਂ ਅਤੇ ਗ਼ਦਰੀਆਂ ਦੀਆਂ ਨਿੱਜੀ ਵਸਤਾਂ ਆਪਣੇ ਸ਼ਾਗਿਰਦ ਜਲੰਧਰ ਵਾਸੀ ਸੀਤਾ ਰਾਮ ਬਾਂਸਲ ਅਤੇ ਉਹਨਾਂ ਦੀ ਜੀਵਨ ਸਾਥਣ ਬਲਵਿੰਦਰ ਕੌਰ ਬਾਂਸਲ ਨੂੰ ਸੌਂਪ ਦਿੱਤੇ। ਬਾਂਸਲ ਜੋੜੀ ਨੇ ਇਹ ਦਸਤਾਵੇਜ਼ ਅਤੇ ਕਿਤਾਬਾਂ ਖੋਜੀਆਂ ਦੀ ਸਹੂਲਤ ਲਈ ਆਪਣੇ ਘਰ ਵਿੱਚ "ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਰੈਵੋਲਿਊਸ਼ਨਰੀ ਰਿਚਰਚ ਸੈਂਟਰ" ਵਿੱਚ ਰੱਖੇ ਹੋਏ ਹਨ।

## ਅਕਾਦਮਿਕ ਤੇ ਖੋਜ ਦੇ ਕੰਮ ਤੋਂ ਬਾਅਦ ਵਕਾਲਤ

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੱਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਪੜ੍ਹਾਉਂਦੇ ਰਹੇ ਸਨ। ਰਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕੀਤੀ। ਮਲਵਿੰਦਰਜੀਤ ਸਿੰਘ ਵੜੈਚ ਦੇ ਵਿਦਿਆਰਥੀਆਂ ਵਿੱਚ ਭਗਤ

ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ ਪਰਮਾਰ, ਮਿਹਰ ਚੰਦ ਭਾਰਦਵਾਜ ਤੋਂ ਇਲਾਵਾ ਸਾਹਿਤ ਖੇਤਰ ਵਿੱਚ ਅਜਮੇਰ ਰੋਡੇ, ਦਰਸ਼ਨ ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ, ਅਜਮੇਰ ਸਿੰਘ, ਸੁਰਿੰਦਰ ਧੰਜਲ, ਕੰਵਲਜੀਤ ਸਿੰਘ ਢੁੱਡੀਕੇ, ਜਸਵੰਤ ਜ਼ਫਰ, ਗੁਰਿੰਦਰਜੀਤ ਤੇ ਪਰਮਜੀਤ ਸਿੰਘ ਧਾਲੀਵਾਲ ਸ਼ਾਮਲ ਹਨ।

ਸੀਤਾ ਰਾਮ ਬਾਂਸਲ ਦੱਸਦੇ ਹਨ ਕਿ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਤੋਂ ਰੈਗੂਲਰ ਲਾਅ ਦੀ ਪੜ੍ਹਾਈ ਕੀਤੀ। ਉਹਨਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਅਤੇ ਆਪਣੇ ਭਾਣਜੇ ਸ. ਰਾਜਿੰਦਰ ਸਿੰਘ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ।

ਗੁਰਭਜਨ ਗਿੱਲ ਦੱਸਦੇ ਹਨ ਕਿ ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਜ ਖੁਲਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ। ਸੀਤਾ ਰਾਮ ਬਾਂਸਲ ਕਹਿੰਦੇ ਹਨ ਕਿ ਮਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਮਾਰੇ ਗਏ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ. ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀਆਈਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜ਼ਿਲ੍ਹਿਆਂਵਾਲਾ ਬਾਗ ਦੇ 'ਸ਼ਹੀਦਾਂ' ਅਤੇ ਕਾਮਾਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਾਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ।

ਬਾਂਸਲ ਦੱਸਦੇ ਹਨ ਕਿ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੀ ਜਾਣਕਾਰੀ ਦੇ 41 ਵੱਡ ਅਕਾਰੀ ਪੈਨਲ ਨੈਸ਼ਨਲ ਗੈਲਰੀ ਆਫ਼ ਪੋਰਟਰੇਟ, 17 ਸੈਕਟਰ, ਚੰਡੀਗੜ੍ਹ ਵਿੱਚ ਬਣਾਉਣ ਵਿੱਚ ਵੀ ਉਹਨਾਂ ਨੇ ਪ੍ਰਮੁੱਖ ਭੂਮਿਕਾ ਅਦਾ ਕੀਤੀ। ਸੀਤਾ ਰਾਮ ਬਾਂਸਲ ਕਹਿੰਦੇ ਹਨ ਕਿ ਮਲਵਿੰਦਰਜੀਤ ਸਿੰਘ ਵੜੈਚ ਖੋਜ ਕਰ ਰਹੇ ਵਿਦਿਆਰਥੀਆਂ ਨੂੰ ਖੋਜ ਸੰਬੰਧੀ ਅਹਿਮ ਸਮਗਰੀ ਮੁਫਤ ਫੋਟੋ ਕਾਪੀਆਂ ਕਰਵਾ ਕੇ ਦਿੰਦੇ ਹਨ।

ਉਹ ਕਹਿੰਦੇ ਹਨ, "ਵੜੈਚ ਕਦੇ ਨੌਜਵਾਨਾਂ ਨੂੰ ਗਲਤ ਨਹੀਂ ਸੀ ਕਹਿੰਦੇ ਸਨ, ਉਹ ਉਹਨਾਂ ਦੇ ਵਿਚਾਰ ਸੁਣਦੇ ਸਨ ਅਤੇ ਕਹਿੰਦੇ ਸਨ ਕਿ ਨੌਜਵਾਨਾਂ ਕੋਲ ਨਵੀਂ ਸੋਚ ਅਤੇ ਨਵੇਂ ਵਿਚਾਰ ਹੁੰਦੇ।"

ਗਿੱਲ ਕਹਿੰਦੇ ਹਨ ਕਿ ਮਲਵਿੰਦਰਜੀਤ ਸਿੰਘ ਵੜੈਚ ਆਪਣੇ ਪਿੱਛੇ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਜਾਖੜ ਪਰਿਵਾਰ ਅਤੇ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ।

●

# ਇਤਿਹਾਸ ਦੀ ਸੰਭਾਲ ਲਈ ਹਸਤੀ ਮਿਟਾਉਣ ਵਾਲਾ ਮਹਾਂਪੁਰਸ਼: ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

*ਗਗਨਦੀਪ ਸਿੰਘ ਵਿਰਕ*
*ਸੰਚਾਲਕ*
*ਕਨਵੀਨਰ ਇੰਟੈਕ ਅੰਮ੍ਰਿਤਸਰ,*
*ਚੇਅਰਮੈਨ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ, ਗੁਰਦਾਸਪੁਰ*

ਦੁਨੀਆਂ ਵਿੱਚ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ। ਇੱਕ ਉਹ ਜੋ ਚਾਹੁੰਦੇ ਹਨ ਕਿ ਉਨ੍ਹਾਂ ਦਾ ਨਾਮ ਇਤਿਹਾਸ ਵਿੱਚ ਦਰਜ ਹੋਵੇ। ਦੂਜੇ ਉਹ ਜੋ ਆਪਣੀ ਪੂਰੀ ਜ਼ਿੰਦਗੀ ਲਾ ਦਿੰਦੇ ਹਨ ਤਾਂ ਕਿ ਇਤਿਹਾਸ ਦਾ ਉਹ ਹਿੱਸਾ ਜਿਉਂਦਾ ਰਹੇ ਜਿਸ ਨੂੰ ਵਕਤ ਦੀਆਂ ਹਨੇਰੀਆਂ ਮਿਟਾਉਣਾ ਚਾਹੁੰਦੀਆਂ ਹਨ। ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਦੂਜੀ ਕਿਸਮ ਦੇ ਉਨ੍ਹਾਂ ਵਿਰਲੇ ਇਨਸਾਨਾਂ ਵਿੱਚੋਂ ਇੱਕ ਸਨ ਜਿਨ੍ਹਾਂ ਦੀ ਹੋਂਦ ਨੂੰ ਸਮਝਣ ਲਈ ਕਿਸੇ ਵੱਡੀ ਕਿਤਾਬ ਦੀ ਲੋੜ ਨਹੀਂ, ਸਿਰਫ਼ ਉਨ੍ਹਾਂ ਦਾ ਉਹ ਇੱਕ ਵਾਕ ਕਾਫ਼ੀ ਹੈ ਜੋ ਉਹ ਜ਼ਿੰਦਗੀ ਭਰ ਦੁਹਰਾਉਂਦੇ ਰਹੇ "ਮੈਂ ਗਦਰੀ ਬਾਬਿਆਂ ਦਾ ਮੁਣਸ਼ੀ ਹਾਂ।" ਇਸ ਵਾਕ ਵਿੱਚ ਕੋਈ ਹੰਕਾਰ ਨਹੀਂ ਸੀ, ਕੋਈ ਦਾਅਵਾ ਨਹੀਂ ਸੀ, ਕੋਈ ਵੱਡਿਆਈ ਦੀ ਭੁੱਖ ਨਹੀਂ ਸੀ। ਸੀ ਤਾਂ ਸਿਰਫ਼ ਉਹ ਡੂੰਘੀ ਸਮਝ ਜੋ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦੀ ਹੈ ਕਿ ਕੌਮਾਂ ਦੀ ਪਛਾਣ ਉਨ੍ਹਾਂ ਦੇ ਭਵਿੱਖ ਤੋਂ ਨਹੀਂ, ਉਨ੍ਹਾਂ ਦੇ ਸੰਭਾਲੇ ਹੋਏ ਅਤੀਤ ਤੋਂ ਬਣਦੀ ਹੈ।

ਪੰਜਾਬ ਦੀ ਧਰਤੀ ਨੇ ਦੁਨੀਆਂ ਨੂੰ ਉਹ ਯੋਧੇ ਦਿੱਤੇ ਜਿਨ੍ਹਾਂ ਨੇ ਆਪਣੇ ਲਹੂ ਨਾਲ ਆਜ਼ਾਦੀ ਦੀ ਇਬਾਰਤ ਲਿਖੀ। ਗਦਰ ਪਾਰਟੀ ਦੇ ਉਹ ਅਣਖੀਲੇ ਬਾਬੇ ਜਿਨ੍ਹਾਂ ਨੇ ਵਿਦੇਸ਼ਾਂ ਦੀਆਂ ਲੱਕੜ ਮਿੱਲਾਂ,ਫ਼ੈਕਟਰੀਆਂ, ਖੇਤਾਂ, ਰੇਲਵੇ ਲਾਈਨਾਂ ਵਿੱਚ ਕੰਮ ਕਰਦਿਆਂ ਵੀ ਮਾਂ-ਭੂਮੀ ਦੀ ਆਜ਼ਾਦੀ ਦਾ ਸੁਪਨਾ ਨਹੀਂ ਛੱਡਿਆ, ਜਿਨ੍ਹਾਂ ਨੇ ਫਾਂਸੀ ਦੇ ਰੱਸੇ ਚੁੰਮੇ, ਕਾਲ਼ੇ ਪਾਣੀ ਦੀ ਸਜ਼ਾ ਭੁਗਤੀ, ਜਾਇਦਾਦਾਂ ਕੁਰਕ ਕਰਵਾਈਆਂ, ਪਰਿਵਾਰਾਂ ਨੂੰ ਵਿਛੋੜੇ ਦਿੱਤੇ ਪਰ ਈਨ ਕਦੇ ਨਾ ਮੰਨੀ। ਪਰ ਆਜ਼ਾਦੀ ਮਿਲਣ ਤੋਂ ਬਾਅਦ ਦੇ ਦਹਾਕਿਆਂ ਵਿੱਚ ਇੱਕ ਅਜੀਬ ਅਤੇ ਦਰਦਨਾਕ ਵਰਤਾਰਾ ਵਾਪਰਿਆ। ਉਹ ਕੁਰਬਾਨੀਆਂ ਜਿਨ੍ਹਾਂ ਨੇ ਇਸ ਮੁਲਕ ਨੂੰ ਗ਼ੁਲਾਮੀ ਤੋਂ ਮੁਕਤ ਕੀਤਾ ਸੀ, ਹੌਲੀ ਹੌਲੀ ਯਾਦਾਸ਼ਤ ਦੀਆਂ ਤਹਿਆਂ ਵਿੱਚ ਦੱਬੀਆਂ ਜਾਣ ਲੱਗੀਆਂ। ਜੋ ਗਦਰੀ ਬਾਬੇ ਅਜੇ ਜਿੰਦਾ ਸਨ ਉਹ ਆਪੋ-ਆਪਣੇ ਪਿੰਡਾਂ ਦੀਆਂ ਗਲੀਆਂ ਵਿੱਚ ਬੇਨਾਮ ਤੁਰੇ ਫਿਰਦੇ ਸਨ। ਉਨ੍ਹਾਂ ਦੀਆਂ ਡਾਇਰੀਆਂ, ਚਿੱਠੀਆਂ, ਤਸਵੀਰਾਂ ਅਤੇ ਦਸਤਾਵੇਜ਼ ਧੂੜ ਖਾ ਰਹੇ ਸਨ। ਯੂਨੀਵਰਸਿਟੀਆਂ ਨੇ ਇਸ ਵਿਰਾਸਤ ਵੱਲ ਅੱਖਾਂ ਮੀਟੀਆਂ ਹੋਈਆਂ ਸਨ ਅਤੇ ਸਰਕਾਰੀ ਸੰਸਥਾਵਾਂ ਨੂੰ ਇਸ ਅਨਮੋਲ ਖ਼ਜ਼ਾਨੇ ਦੀ ਕੋਈ ਫਕਿਰ

ਨਹੀਂ ਸੀ। ਇਸ ਹਨੇਰੀ ਉਦਾਸੀਨਤਾ ਦੇ ਦੌਰ ਵਿੱਚ ਇੱਕ ਨੌਜਵਾਨ ਪ੍ਰੋਫ਼ੈਸਰ ਨੇ ਆਪਣੀ ਸਾਈਕਲ ਚੁੱਕੀ ਅਤੇ ਪੰਜਾਬ ਦੇ ਪਿੰਡ ਪਿੰਡ ਨਿਕਲ ਪਿਆ।

1966 ਦਾ ਉਹ ਸਾਲ ਪ੍ਰੋਫ਼ੈਸਰ ਵੜੈਚ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮੋੜ ਸਾਬਤ ਹੋਇਆ ਜਦੋਂ ਸ਼ਹੀਦ ਭਗਤ ਸਿੰਘ ਦਾ ਭਾਣਜਾ ਜਗਮੋਹਨ ਸਿੰਘ ਉਨ੍ਹਾਂ ਦੇ ਕਾਲਜ ਵਿੱਚ ਦਾਖਲ ਹੋਇਆ। ਉਸ ਦੇ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਮਿਲਦਿਆਂ ਹੀ ਪ੍ਰੋਫ਼ੈਸਰ ਵੜੈਚ ਉਸ ਨਾਲ ਭਗਤ ਸਿੰਘ ਦੀ ਮਾਂ ਮਾਤਾ ਵਿਦਿਆਵਤੀ ਦੇ ਚਰਨਾਂ ਵਿੱਚ ਜਾ ਬੈਠੇ। ਉਨ੍ਹਾਂ ਨੇ ਉਹ ਯਾਦਾਂ ਸੁਣੀਆਂ ਜੋ ਕਿਸੇ ਕਿਤਾਬ ਵਿੱਚ ਦਰਜ ਨਹੀਂ ਸਨ। ਇਹ ਰਿਸ਼ਤਾ ਮਾਤਾ ਜੀ ਦੇ ਆਖਰੀ ਸਾਹਾਂ ਤੱਕ ਨਿਭਿਆ। ਉਸੇ ਸਾਲ ਉਹ ਆਪਣੇ ਸਾਥੀਆਂ ਸਮੇਤ ਸਾਈਕਲਾਂ ਉੱਤੇ ਭਕਨਾ ਪਿੰਡ ਪਹੁੰਚੇ ਅਤੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦੇ ਦਰਸ਼ਨ ਕੀਤੇ। ਬਾਬਾ ਜੀ ਨੇ ਉਨ੍ਹਾਂ ਨੂੰ ਦੇਖਿਆ, ਪਰਖਿਆ ਅਤੇ ਭਰੋਸਾ ਕੀਤਾ। ਉਨ੍ਹਾਂ ਆਪਣੀ ਉਰਦੂ ਵਿੱਚ ਲਿਖੀ ਸਵੈ-ਜੀਵਨੀ ਵੜੈਚ ਸਾਹਿਬ ਦੇ ਹਵਾਲੇ ਕਰ ਦਿੱਤੀ ਅਤੇ ਕਿਹਾ ਮੈਂ ਆਪਣੀ ਵਿਰਾਸਤ ਤੁਹਾਨੂੰ ਸੌਂਪ ਕੇ ਹੀ ਇਸ ਦੁਨੀਆਂ ਤੋਂ ਜਾਣਾ ਚਾਹੁੰਦਾ ਹਾਂ। ਇਹ ਸ਼ਬਦ ਪ੍ਰੋਫ਼ੈਸਰ ਵੜੈਚ ਦੇ ਦਿਲ ਵਿੱਚ ਅਜਿਹੇ ਉੱਤਰੇ ਕਿ ਉਮਰ ਭਰ ਨਿਕਲੇ ਨਹੀਂ। ਫਿਰ ਸ਼ੁਰੂ ਹੋਇਆ ਉਹ ਸਫ਼ਰ ਜੋ ਪੰਜਾਹ ਤੋਂ ਵੱਧ ਸਾਲਾਂ ਤੱਕ ਰੁਕਿਆ ਨਹੀਂ।

ਉਹ ਪਿੰਡ-ਪਿੰਡ ਗਏ। ਬਜ਼ੁਰਗਾਂ ਦੇ ਵਿਹੜਿਆਂ ਵਿੱਚ ਘੰਟਿਆਂਬੱਧੀ ਬੈਠੇ। ਯਾਦਾਂ ਸੁਣੀਆਂ, ਚਿੱਠੀਆਂ ਹੱਥਾਂ ਨਾਲ ਨਕਲ ਕੀਤੀਆਂ, ਤਸਵੀਰਾਂ ਸੰਭਾਲੀਆਂ। ਉਹ ਦਸਤਾਵੇਜ਼ ਜਿਨ੍ਹਾਂ ਨੂੰ ਪਰਿਵਾਰਾਂ ਨੇ ਪੁਰਾਣਾ ਕਾਗ਼ਜ਼ ਸਮਝ ਕੇ ਇੱਕ ਪਾਸੇ ਕਰ ਦਿੱਤਾ ਸੀ, ਉਨ੍ਹਾਂ ਨੂੰ ਉਨ੍ਹਾਂ ਦੀ ਅਸਲ ਕੀਮਤ ਸਮਝਾਈ। ਲਾਹੌਰ, ਸਿੰਗਾਪੁਰ ਅਤੇ ਦੇਸ਼ ਵਿਦੇਸ਼ਾਂ ਤੋਂ ਦਸਤਾਵੇਜ਼ ਕਢਵਾਏ। ਸੀਆਈਡੀ ਦੀਆਂ ਸੀਲਬੰਦ ਰਿਪੋਰਟਾਂ ਨੂੰ ਜਨਤਾ ਸਾਹਮਣੇ ਲਿਆਂਦਾ। ਬਾਬਾ ਹਰੀ ਸਿੰਘ ਉਸਮਾਨ ਵਰਗੇ ਗਦਰੀਆਂ ਦੀਆਂ ਡਾਇਰੀਆਂ ਸੰਪਾਦਿਤ ਕੀਤੀਆਂ। ਸ਼ਿਵ ਵਰਮਾ ਅਤੇ ਕਿਸ਼ੋਰੀ ਲਾਲ ਵਰਗੇ ਇਨਕਲਾਬੀਆਂ ਨਾਲ ਸੰਪਰਕ ਕਾਇਮ ਰੱਖਿਆ। ਬੰਗਾਲੀ ਕ੍ਰਾਂਤੀਕਾਰੀਆਂ ਤੱਕ ਵੀ ਪਹੁੰਚ ਕੀਤੀ। ਇਹ ਕੋਈ ਸਰਕਾਰੀ ਗ੍ਰਾਂਟ ਨਾਲ ਚੱਲਣ ਵਾਲਾ ਖੋਜ-ਪ੍ਰੋਜੈਕਟ ਨਹੀਂ ਸੀ। ਇਹ ਇੱਕ ਮਨੁੱਖ ਦੀ ਉਹ ਅਗਨੀ ਸੀ ਜੋ ਉਸ ਅੰਦਰ ਜਲ਼ਦੀ ਸੀ ਅਤੇ ਜਿਸ ਨੂੰ ਬੁਝਾਉਣ ਦਾ ਉਸ ਨੇ ਕਦੇ ਨਹੀਂ ਸੋਚਿਆ।

1989 ਵਿੱਚ ਕਾਲਜ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਪ੍ਰੋਫ਼ੈਸਰ ਵੜੈਚ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਕਾਰਨ ਸਾਫ਼ ਸੀ ਗਦਰੀ ਬਾਬਿਆਂ ਦੀਆਂ ਜ਼ਮੀਨਾਂ ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕੀਤੀਆਂ ਸਨ ਉਹ ਅਜੇ ਵਾਪਸ ਨਹੀਂ ਹੋਈਆਂ ਸਨ, ਗਦਰ ਪਾਰਟੀ ਅਤੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਨੂੰ ਆਜ਼ਾਦੀ ਘੁਲਾਟੀਆਂ ਵਜੋਂ ਅਧਿਕਾਰਤ ਮਾਨਤਾ ਨਹੀਂ ਮਿਲੀ ਸੀ। ਉਹ ਅਦਾਲਤ ਵਿੱਚ ਗਏ, ਲੜੇ ਅਤੇ ਜਿੱਤੇ। ਨਾਮਧਾਰੀ ਕੂਕਾ ਲਹਿਰ ਅਤੇ ਜ਼ਿਲ੍ਹਿਆਂਵਾਲਾ ਬਾਗ਼ ਦੇ

ਸ਼ਹੀਦਾਂ ਲਈ ਵੀ ਕਾਨੂੰਨੀ ਲੜਾਈ ਲੜੀ। ਇਹ ਉਹ ਇਨਸਾਨ ਸੀ ਜੋ ਇਤਿਹਾਸ ਦੇ ਨਾਇਕਾਂ ਲਈ ਕਲਮ ਵੀ ਚਲਾਉਂਦਾ ਸੀ ਅਤੇ ਅਦਾਲਤ ਵਿੱਚ ਉਨ੍ਹਾਂ ਦਾ ਮੁਕੱਦਮਾ ਵੀ ਲੜਦਾ ਸੀ।

ਪ੍ਰੋਫ਼ੈਸਰ ਵੜੈਚ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਨ੍ਹਾਂ ਨੇ ਕਦੇ ਵੀ ਆਪਣੇ ਇਕੱਤਰ ਕੀਤੇ ਸੰਗ੍ਰਹਿ ਨੂੰ ਆਪਣੀ ਨਿੱਜੀ ਜਾਇਦਾਦ ਨਹੀਂ ਸਮਝਿਆ। ਜਿਹੜਾ ਵੀ ਖੋਜਾਰਥੀ ਉਨ੍ਹਾਂ ਕੋਲ ਆਉਂਦਾ, ਉਹ ਖਾਲੀ ਹੱਥ ਨਹੀਂ ਜਾਂਦਾ ਸੀ। ਉਹ ਖ਼ੁਦ ਫੋਟੋ ਕਾਪੀਆਂ ਕਰਵਾ ਕੇ ਦਿੰਦੇ ਸਨ। ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਮਿਲਾ ਕੇ ਬਾਹਠ ਤੋਂ ਵੱਧ ਕਿਤਾਬਾਂ ਲਿਖੀਆਂ, ਅਨੁਵਾਦ ਕੀਤੀਆਂ ਅਤੇ ਸੰਪਾਦਿਤ ਕੀਤੀਆਂ। ਲਾਹੌਰ ਸਾਜ਼ਿਸ਼ ਕੇਸ ਦੇ ਫ਼ੈਸਲੇ ਤੋਂ ਲੈ ਕੇ ਭਗਤ ਸਿੰਘ ਦੀ ਜੀਵਨੀ ਤੱਕ, ਗਦਰ ਲਹਿਰ ਦੇ ਦਸਤਾਵੇਜ਼ਾਂ ਤੋਂ ਲੈ ਕੇ ਕਾਮਾਗਾਟਾ ਮਾਰੂ ਦੀ ਦਰਦਭਰੀ ਕਹਾਣੀ ਤੱਕ ਉਨ੍ਹਾਂ ਦੀ ਕਲਮ ਨੇ ਹਰ ਉਹ ਪੰਨਾ ਰੋਸ਼ਨ ਕੀਤਾ ਜੋ ਹਨੇਰੇ ਵਿੱਚ ਸੀ।

ਸੰਤ ਸੁਖਜੀਤ ਸਿੰਘ ਸੀਚੇਵਾਲ ਨਾਲ਼ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਆਏ ਸੀਤਾ ਰਾਮ ਬਾਂਸਲ ਨੇ ਕਾਲਜ ਦੀ ਕਾਰਜ ਵਿਧੀ ਦੇਖੀ ਤਾਂ ਉਹ ਬਹੁਤ ਪ੍ਰਭਾਵਿਤ ਹੋਏ। ਵਾਪਸ ਜਾ ਕੇ ਆਪਣੇ ਗੁਰੂ ਵੜੈਚ ਜੀ ਨੂੰ ਫੋਨ ਤੇ ਕਿਹਾ ਕਿ ਜਿਹੜੀ ਇਨਕਲਾਬੀ ਦੇਸ਼ ਭਗਤਾਂ ਦੀਆਂ ਫੋਟੋਆਂ ਦੀ ਨੁਮਾਇਸ਼ ਤੁਸੀਂ ਸਾਨੂੰ ਸੌਂਪੀ ਸੀ ਉਹਦੇ ਵਿਚ ਹੋਰ ਫੋਟੋਆਂ ਸਮੇਤ ਇਕ ਨੁਮਾਇਸ਼ ਬਣਾ ਕੇ ਰਿਆੜਕੀ ਕਾਲਜ ਵਿੱਚ ਪੱਕੇ ਤੌਰ ਤੇ ਲਾਈ ਜਾਵੇਗੀ ਜਿਸਨੂੰ ਕਾਲਜ ਦੀਆਂ ਹਜ਼ਾਰਾਂ ਵਿਦਿਆਰਥੀਆਂ,ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਉੱਥੇ ਆਉਣ ਵਾਲੇ ਮਹਿਮਾਨ ਦੇਖਿਆ ਕਰਨਗੇ। ਪ੍ਰੋਫ਼ੈਸਰ ਵੜੈਚ ਵਲੋਂ ਥਾਪੜਾ ਮਿਲਣ ਤੋਂ ਬਾਅਦ ਬਾਂਸਲ ਜੋੜੀ ਨੇ ਫੋਟੋਆਂ, ਦਸਤਾਵੇਜ਼ਾਂ, ਚਿੱਠੀਆਂ, ਜੇਲ੍ਹ ਰਿਕਾਰਡ 'ਤੇ ਅਧਾਰਿਤ ਨੁਮਾਇਸ਼ ਬਣਾ ਕੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਨੂੰ ਭੇਟ ਕੀਤੀ ਸੀ ਜੋ ਕਾਲਜ ਵਿੱਚ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਦੇ ਨਾਮ ਉੱਤੇ ਗਦਰੀ ਬਾਬਿਆਂ ਅਤੇ ਆਜ਼ਾਦੀ ਘੁਲਾਟੀਆਂ ਦੀ ਇੱਕ ਵਿਸ਼ੇਸ਼ ਗੈਲਰੀ ਸਥਾਪਿਤ ਕੀਤੀ ਗਈ ਹੈ। ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਕਿਹਾ ਹੈ ਕਿ ਜਲਦ ਹੀ ਇਸ ਸੰਸਥਾ ਵਿੱਚ ਵੜੈਚ ਸਾਹਿਬ ਦੀ ਖੋਜ-ਵਿਰਾਸਤ ਨੂੰ ਸਮਰਪਿਤ ਇੱਕ ਸ਼ਾਨਦਾਰ ਸਮਾਗਮ ਕਰਕੇ ਉਨ੍ਹਾਂ ਦੇ ਜੀਵਨ-ਕਾਰਜ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਜਾਵੇਗਾ, ਉਨ੍ਹਾਂ ਦੇ ਨਾਮ ਉੱਤੇ ਇੱਕ ਸਥਾਈ ਵੱਡੀ ਗੈਲਰੀ ਬਣਾਈ ਜਾਵੇਗੀ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਵੀ ਪ੍ਰੇਰਨਾ-ਸਰੋਤ ਬਣੇਗੀ।

9 ਮਈ 2026 ਨੂੰ ਜਦੋਂ ਸਾਕੇਤੜੀ (ਪੰਚਕੂਲਾ) ਵਿੱਚ ਉਨ੍ਹਾਂ ਇਸ ਦੁਨੀਆਂ ਨੂੰ ਅਲਵਿਦਾ ਕਿਹਾ, ਉਹ ਆਪਣੇ ਮਗਰ ਇੱਕਲੌਤੀ ਬੇਟੀ ਡਾ. ਮਿੰਨਾ ਜਾਖੜ ਅਤੇ ਉਹ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਜੋ ਦੁਨੀਆਂ ਭਰ ਵਿੱਚ ਫੈਲਿਆ ਹੋਇਆ ਹੈ। ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੀ ਦੇਹ ਪੀਜੀਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ

ਲਈ ਸੌਂਪ ਦਿੱਤੀ ਗਈ। ਉਨ੍ਹਾਂ ਨੇ ਜ਼ਿੰਦਗੀ ਭਰ ਖ਼ੁਦ ਨੂੰ ਇਨਕਲਾਬੀ ਦੇਸ਼ ਭਗਤਾਂ ਦੀ ਵਿਰਾਸਤ ਸਾਂਭਣ ਦੇ ਕੰਮ ਲਾਇਆ, ਉਵੇਂ ਮਰਨ ਤੋਂ ਬਾਅਦ ਮ੍ਰਿਤਕ ਦੇਹ ਦੇ ਅੰਗ ਲੋੜਵੰਦਾਂ ਨੂੰ ਦਾਨ ਕਰਨ ਅਤੇ ਸਰੀਰ ਮੈਡੀਕਲ ਸਿੱਖਿਆ ਲੈ ਕੇ ਵਿਦਿਆਰਥੀਆਂ ਦੇ ਖੋਜ ਕਾਰਜਾਂ ਲਈ ਸਮਰਪਿਤ ਕਰ ਦਿੱਤਾ।

ਜਦੋਂ ਕੋਈ ਵਿਦਿਆਰਥੀਫ਼ਮਹਿਮਾਨ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੀ ਉਸ ਗੈਲਰੀ ਵਿੱਚ ਖੜ੍ਹਾ ਕਿਸੇ ਇਨਕਲਾਬੀ ਯੋਧੇ ਦੀ ਤਸਵੀਰ ਦੇਖੇਗਾ, ਤਾਂ ਸ਼ਾਇਦ ਉਹ ਨਹੀਂ ਜਾਣੇਗਾ ਕਿ ਉਸ ਤਸਵੀਰ ਨੂੰ ਉੱਥੇ ਪਹੁੰਚਾਉਣ ਲਈ ਇੱਕ ਪ੍ਰੋਫ਼ੈਸਰ ਨੇ ਕਿੰਨੇ ਦਹਾਕੇ ਸਮਰਪਿਤ ਕੀਤੇ ਸਨ। ਪਰ ਇਹੀ ਤਾਂ ਅਸਲ ਮੁਣਸ਼ੀ ਦੀ ਪਛਾਣ ਹੈ ਜੋ ਆਪਣੇ ਨਾਮ ਤੋਂ ਨਹੀਂ, ਆਪਣੇ ਕੰਮ ਤੋਂ ਜਾਣਿਆ ਜਾਂਦਾ ਹੈ। ਗਦਰੀਆਂ ਦੇ ਉਸ ਮੁਣਸ਼ੀ ਨੂੰ ਸਾਡਾ ਸਿਰ ਝੁਕਦਾ ਹੈ।

●

# ਦੇਸ਼ ਭਗਤਾਂ ਦੀ ਯੂਨੀਵਰਸਿਟੀ ਸਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

*ਉਜਾਗਰ ਸਿੰਘ*
*ਲੋਕ ਸੰਪਰਕ ਅਫ਼ਸਰ (ਰੀਟ.)*
*ਪਟਿਆਲਾ*

ਸੰਸਾਰ ਵਿੱਚ ਰੰਗ ਬਿਰੰਗੇ ਲੋਕ ਰਹਿੰਦੇ ਹਨ। ਉਹ ਅਨੇਕ ਧਰਮਾ, ਜਾਤਾਂ, ਵਰਗਾਂ ਅਤੇ ਫਿਰਕਿਆਂ ਨੂੰ ਸਮਰਪਤ ਹੁੰਦੇ ਹਨ। ਸਾਰੇ ਲੋਕਾਂ ਦੇ ਸੁਭਾਅ ਅਤੇ ਸੋਚ ਵੱਖੋ-ਵੱਖਰੇ ਹੁੰਦੇ ਹਨ। ਆਮ ਤੌਰ 'ਤੇ ਦੋ ਤਰ੍ਹਾਂ ਦੇ ਲੋਕਾਂ ਦੀ ਭਰਮਾਰ ਹੁੰਦੀ ਹੈ। ਬਹੁਤੇ ਲੋਕ ਤਾਂ ਸੰਸਾਰ ਵਿੱਚ ਆਉਂਦੇ ਹਨ ਅਤੇ ਰੋਜ਼ਾਨਾ ਜੀਵਨ ਬਤੀਤ ਕਰਕੇ, ਇਸ ਸੰਸਾਰ ਤੋਂ ਰੁਖਸਤ ਹੋ ਜਾਂਦੇ ਹਨ। ਦੂਜੀ ਕਿਸਮ ਦੇ ਲੋਕ ਵਿਲੱਖਣ ਤੇ ਵੱਖਰੀ ਕਿਸਮ ਦੇ ਹੁੰਦੇ ਹਨ, ਉਹ ਦੁਨੀਆਂ ਵਿੱਚ ਅਜਿਹੇ ਕੰਮ ਕਰਦੇ ਹਨ, ਜਿਹੜੇ ਇਤਿਹਾਸ ਦਾ ਹਿੱਸਾ ਬਣਦੇ ਹੋਏ ਨਵੀਂ ਪੀੜ੍ਹੀ ਦਾ ਮਾਰਗ ਦਰਸ਼ਕ ਬਣਦੇ ਹਨ। ਉਨ੍ਹਾਂ ਵਿੱਚ ਮਲਵਿੰਦਰ ਜੀਤ ਸਿੰਘ ਵੜੈਚ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਮਲਵਿੰਦਰਜੀਤ ਸਿੰਘ ਵੜੈਚ ਉਨ੍ਹਾਂ ਦੂਜੀ ਕਿਸਮ ਦੇ ਲੋਕਾਂ ਵਿੱਚੋਂ ਸਨ, ਜਿਨ੍ਹਾਂ ਨੇ ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਵਿੱਚ ਹਿੱਸਾ ਲੈਣ ਵਾਲੇ ਦੇਸ਼ ਭਗਤਾਂ ਦੀ ਜ਼ਿੰਦਗੀ ਦੀ ਜਦੋਜਹਿਦ ਕਰਦੇ ਹੋਏ ਦਿੱਤੀਆਂ ਕੁਰਬਾਨੀਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਦਸਤਾਵੇਜਾਂ ਦੇ ਰੂਪ ਵਿੱਚ ਪੇਸ਼ ਕੀਤਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਅਗਵਾਈ ਲੈ ਸਕਣ। ਇਸ ਕਰਕੇ ਉਨ੍ਹਾਂ ਨੂੰ ਦੇਸ਼ ਭਗਤ ਲਹਿਰਾਂ ਦੇ ਇਤਿਹਾਸਕਾਰ ਦਾ ਦਰਜਾ ਦਿੱਤਾ ਗਿਆ ਹੈ। ਉਹ ਨਿਮਰ ਸੁਭਾਅ ਦੇ ਸਨ। ਉਹ ਹਓਮੈ ਤੋਂ ਕੋਹਾਂ ਦੂਰ ਰਹਿਣ ਵਾਲੇ ਜ਼ਮੀਨ ਨਾਲ ਜੁੜੇ ਹੋਏ ਇਨਸਾਨ ਸਨ। ਕੁਝ ਦੇਸ਼ ਭਗਤਾਂ ਲਹਿਰਾਂ ਖਾਸ ਕਰਕੇ ਗ਼ਦਰੀਆਂ ਨੂੰ ਭਾਰਤ ਸਰਕਾਰ ਨੇ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਸੀ, ਸਗੋਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਸੀ। ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਨੇ ਉਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਪ੍ਰੋਫੈਸਰ ਦੇ ਅਹੁਦੇ 'ਤੇ ਹੁੰਦੇ ਹੋਇਆ ਸਾਈਕਲ 'ਤੇ ਪਿੰਡ, ਪਿੰਡ, ਲਾਇਬਰੇਰੀਆਂ ਅਤੇ ਪੰਜਾਬ ਤੇ ਕੇਂਦਰ ਸਰਕਾਰ ਦੇ ਪੁਰਾਤੱਤਵ ਵਿਭਾਗਾਂ ਦੇ ਦ/ਤਰਾਂ ਵਿੱਚ ਜਾ ਕੇ ਉਨ੍ਹਾਂ ਦੇ ਦਸਤਾਵੇਜ ਇਕੱਤਰ ਕੀਤੇ ਅਤੇ ਮਗਰੋਂ ਉਨ੍ਹਾਂ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ। ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਲੈਣ ਵਾਲੇ ਦੇਸ਼ ਭਗਤਾਂ ਖਾਸ ਤੌਰ 'ਤੇ ਗ਼ਦਰੀਆਂ ਨੂੰ ਅੰਗਰੇਜ਼ਾਂ ਨੇ ਰਾਮਾਗਾਟਾ ਮਾਰੂ (ਗੁਰੂ ਨਾਨਕ ਜਹਾਜ)ਦੇ ਵਿੱਚ ਵਿਦੇਸ਼ ਤੋਂ ਵਾਪਸ ਭੇਜੇ ਅਤੇ ਫਾਂਸੀ ਤੇ ਚੜ੍ਹਾਏ ਗਏ ਦੇਸ਼ ਭਗਤਾਂ ਦੇ ਦਸਤਾਵੇਜ ਲੱਭ ਕੇ ਉਨ੍ਹਾਂ ਨੂੰ ਕੋਰਟ ਕਚਹਿਰੀ ਰਾਹੀਂ ਆਜ਼ਾਦੀ

ਘੁਲਾਟੀਆਂ ਦੀ ਸੂਚੀ ਵਿੱਚ ਦਰਜ ਕਰਵਾਇਆ। ਦੇਸ ਭਗਤਾਂ ਦੀ ਜਾਣਕਾਰੀ ਅਤੇ ਦਸਤਾਵੇਜ ਇਕੱਤਰ ਕਰਨ ਲਈ ਉਹ ਦੂਰ ਦੁਰਾਡੇ ਇਲਾਕਿਆਂ ਵਿੱਚ ਜਿਨ੍ਹਾਂ ਵਿਅਕਤੀਆਂ ਕੋਲੋਂ ਕੋਈ ਵੀ ਜਾਣਕਾਰੀ ਮਿਲ ਸਕਦੀ ਸੀ, ਲੈਣ ਲਈ ਚਲੇ ਜਾਂਦੇ ਸਨ। ਉਹ ਖੱਬੇ ਪੱਖੀ ਸੋਚ ਨੂੰ ਪ੍ਰਣਾਏ ਹੋਏ ਸਨ। ਆਪਣੇ ਮੰਤਵ ਦੀ ਪੂਰਤੀ ਲਈ ਉਹ ਹਰ ਦੇਸ਼ ਭਗਤ ਦਾ ਖੁਰਾ ਖੋਜ ਲੱਭ ਲੈਂਦੇ ਸਨ।

ਭਾਵੇਂ ਉਨ੍ਹਾਂ ਨੂੰ ਕਈ ਵਾਰ ਵਿਰੋਧ ਦਾ ਸਕਿਾਰ ਵੀ ਹੋਣਾ ਪਿਆ ਸੀ। ਉਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਗੋਲੀ ਕਾਂਡ ਵਿੱਚ ਅੰਗਰੇਜ਼ਾਂ ਵੱਲੋਂ ਸ਼ਹੀਦ ਕੀਤੇ ਗਏ ਆਜ਼ਾਦੀ ਸੰਗਰਾਮੀਆਂ ਅਤੇ ਕੂਕਾ ਲਹਿਰ ਨੂੰ ਵੀ ਕਾਨੂੰਨੀ ਲੜਾਈ ਲੜਕੇ ਮਾਣਤਾ ਦਿਵਾਈ ਸੀ। ਇਸ ਲਈ ਪੰਜਾਬ ਦੇ ਇਤਿਹਾਸ ਖਾਸ ਕਰਕੇ ਗ਼ਦਰ ਪਾਰਟੀ ਅਤੇ ਗ਼ਦਰੀ ਬਾਬਿਆਂ ਦੇ ਸੰਘਰਸ਼ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਮਹੱਤਵਪੂਰਨ ਇਤਿਹਾਸਕਾਰ ਅਤੇ ਲੇਖਕ ਵਜੋਂ ਜਾਣੇ ਜਾਂਦੇ ਹਨ। ਕਾਨੂੰਨੀ ਲੜਾਈ ਲੜਨ ਲਈ ਉਨ੍ਹਾਂ ਨੇ ਨੌਕਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਵਡੇਰੀ ਉਮਰ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ ਸੀ ਤਾਂ ਜੋ ਗ਼ਦਰੀਆਂ ਦੇ ਕੇਸ ਸੁਚੱਜੇ ਢੰਗ ਨਾਲ ਲੜੇ ਜਾ ਸਕਣ ਅਤੇ ਕਾਨੂੰਨੀ ਕੇਸਾਂ ਦੀ ਪੈਰਵਾਈ ਕਰਨ ਵਿੱਚ ਕਿਸੇ ਕਿਸਮ ਦੀ ਕੋਈ ਕਸਰ ਬਾਕੀ ਨਾ ਰਹਿ ਸਕੇ। ਉਨ੍ਹਾਂ ਪੰਜਾਬੀਆਂ ਨੂੰ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲੈਣ ਵਾਲੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਕਰਾਂਤੀਕਾਰੀ ਲਹਿਰ ਅਤੇ ਗ਼ਦਰ ਅੰਦੋਲਨ ਬਾਰੇ ਡੂੰਘੀ ਖੋਜ ਕਰਕੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਨੇ ਗ਼ਦਰੀ ਬਾਬਿਆਂ ਦੇ ਜੀਵਨ, ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਦੇਸ ਪ੍ਰੇਮ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਦਾ ਵਿਲੱਖਣ ਕਾਰਜ ਕੀਤਾ। ਉਨ੍ਹਾਂ ਨੇ ਲੇਖਾਂ, ਭਾਸਣਾਂ ਅਤੇ ਪੁਸਤਕਾਂ ਰਾਹੀਂ ਨਵੀਂ ਪੀੜ੍ਹੀ ਨੂੰ ਦੱਸਣ ਦੀ ਕੋਸਿਸ਼ ਕੀਤੀ ਕਿ ਕਿਵੇ ਵਿਦੇਸਾਂ ਵਿੱਚ ਰਹਿੰਦੇ ਪੰਜਾਬੀਆਂ ਨੇ ਭਾਰਤ ਦੀ ਆਜ਼ਾਦੀ ਦੀ ਜੰਗ ਲੜੀ ਸੀ। ਉਨ੍ਹਾਂ ਨੇ ਕਈ ਅਜਿਹੇ ਭੁੱਲੇ ਵਿਸਰੇ ਗ਼ਦਰੀ ਸੂਰਮਿਆਂ ਤੇ ਨਾਇਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ, ਜਿਨ੍ਹਾਂ ਦਾ ਨਾਮ ਆਮ ਲੋਕਾਂ ਨੂੰ ਪਤਾ ਹੀ ਨਹੀਂ ਸੀ, ਹਾਲਾਂ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਕਿਸੇ ਨਾਲੋਂ ਘੱਟ ਨਹੀਂ ਸਨ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਆਪਣੇ ਇਤਿਹਾਸ ਨਾਲ ਜੁੜਨ ਦਾ ਮੌਕਾ ਮਿਲ ਗਿਆ। ਪ੍ਰੋ ਮਲਵਿੰਦਰ ਜੀਤ ਸਿੰਘ ਵੜੈਚ ਦੀ ਖਾਸ ਗੱਲ ਇਹ ਸੀ ਕਿ ਉਸਨੇ ਪੰਜਾਬੀ ਭਾਸ਼ਾ ਵਿੱਚ ਦੇਸ ਭਗਤੀ ਦੀਆਂ ਲਹਿਰਾਂ ਨੂੰ ਲੋਕਾਂ ਤੱਕ ਪਹੁੰਚਾਇਆ ਹੈ। ਇਸ ਨਾਲ ਗ਼ਦਰ ਲਹਿਰ ਸਿਰਫ ਵਿਦਵਾਨਾ ਤੱਕ ਸੀਮਤ ਨਹੀਂ ਰਹੀ , ਸਗੋਂ ਪਿੰਡਾਂ ਦੇ ਆਮ ਲੋਕਾਂ ਅਤੇ ਨੌਜਵਾਨਾ ਦੀ ਪਹੁੰਚ ਵਿੱਚ ਹੋ ਗਈ। ਉਹ ਸੈਮੀਨਾਰਾਂ, ਯਾਦਗਾਰੀ ਸਮਾਗਮਾਂ ਅਤੇ ਵਿਦਿਅਕ ਮੰਚਾਂ 'ਤੇ ਗ਼ਦਰ ਅੰਦੋਲਨ ਬਾਰੇ ਵਿਖਿਆਨ ਦਿੰਦੇ ਰਹੇ ਹਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਯਤਨ ਰਿਹਾ ਹੈ ਕਿ ਗ਼ਦਰੀ ਬਾਬਿਆਂ ਦੀ ਸੋਚ ਆਜ਼ਾਦੀ, ਬਰਾਬਰੀ ਅਤੇ ਕੌਮੀ ਏਕਤਾ ਵਰਗੀਆਂ ਪ੍ਰਵਿਰਤੀਆਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਦਾ ਮਕਸਦ ਗ਼ਦਰ ਲਹਿਰ ਅਤੇ ਦੇਸ ਭਗਤੀ ਲਹਿਰਾਂ ਦੀ ਵਿਰਾਸਤ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਸੀ, ਜਿਸ ਵਿੱਚ ਉਹ ਸਫਲ ਹੋਏ ਸਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਲਗਨ, ਪ੍ਰਤੀਬੱਧਤਾ, ਬਚਨਵੱਧਤਾ, ਦ੍ਰਿੜਤਾ ਅਤੇ ਸਿਰੜ ਨੂੰ ਸਲਾਮ ਕਰਨਾ ਬਣਦਾ ਹੈ, ਜਿਨ੍ਹਾਂ ਨੇ ਅਜਿਹਾ ਕੰਮ ਕੀਤਾ, ਜਿਹੜਾ ਕੋਈ ਸਰਕਾਰ ਤੇ ਸੰਸਥਾ ਵੀ ਨਹੀਂ ਕਰਵਾ ਸਕੀ। ਉਹ ਭਾਵੇਂ ਇਤਿਹਾਸਕਾਰ ਨਹੀਂ ਸਨ, ਪ੍ਰੰਤੂ ਉਨ੍ਹਾਂ ਨੇ ਜਿਹੜਾ ਕਾਰਜ ਕੀਤਾ ਉਹ ਕਿਸੇ ਹੋਰ ਇਤਿਹਾਸਕਾਰ ਨੇ ਕਰਨ ਦੀ ਕੋਸਿਸ਼ ਹੀ ਨਹੀਂ ਕੀਤੀ।

ਕਈ ਇਤਿਹਾਸਕਾਰ ਵੀ ਪ੍ਰੋ. ਮਲਵਿੰਦਰ ਸਿੰਘ ਵੜੈਚ ਤੋਂ ਅਗਵਾਈ ਲੈਂਦੇ ਰਹੇ। ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਨੇ 62 ਪੁਸਤਕਾਂ ਖੋਜ, ਅਨੁਵਾਦ ਅਤੇ ਸੰਪਾਦਿਤ ਕਰਕੇ ਪ੍ਰਕਾਸ਼ਤ ਕਰਵਾਈਆਂ ਸਨ। ਉਨ੍ਹਾਂ ਹਿਊਮੈਨਟੀਜ ਦੇ ਪ੍ਰੋਫੈਸਰ ਹੁੰਦੇ ਹੋਏ ਇਤਿਹਾਸ ਤੇ ਖੇਤਰ ਵਿੱਚ ਅਜਿਹੇ ਮਾਅਰਕੇ ਮਾਰੇ, ਜਿਨ੍ਹਾਂ ਕਰਕੇ ਅੱਜ ਸਮੁੱਚਾ ਪੰਜਾਬੀ ਜਗਤ ਉਨ੍ਹਾਂ ਨੂੰ ਨਿਵੇਕਲੇ ਅੰਦਾਜ਼ ਵਿੱਚ ਯਾਦ ਕਰ ਰਿਹਾ ਹੈ। ਉਨ੍ਹਾਂ ਇਤਿਹਾਸਕ ਕਾਰਜ ਕਰਕੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪ੍ਰੋ. ਮਲਵਿੰਦਰਜੀਤ ਸਿੰਘ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਅੰਗਰੇਜ਼ੀ ਸਮੇਤ ਪੰਜ ਵਿਸ਼ਿਆਂ ਵਿੱਚ ਐਮ ਏ ਸਨ। ਹੈਰਾਨੀ ਇਸ ਗੱਲ ਦੀ ਹੈ ਕਿ ਉਹ ਇਤਨੇ ਮਹੱਤਵਪੂਰਨ ਵਿਸ਼ਿਆਂ ਦੇ ਮਾਹਿਰ ਹੁੰਦੇ ਹੋਏ ਇਤਿਹਾਸ ਦੇ ਖੇਤਰ ਵਿੱਚ ਏਨਾ ਕੰਮ ਕਿਵੇਂ ਕਰ ਗਏ ਜਿਸ ਕਾਰਨ ਸਮਾਜ ਰਹਿੰਦੀ ਦੁਨੀਆਂ ਤੱਕ ਉਨ੍ਹਾਂ ਦੇ ਯੋਗਦਾਨ ਨੂੰ ਸਲਾਮ ਕਰਦਾ ਰਹੇਗਾ।

ਆਜ਼ਾਦੀ ਸੰਗਰਾਮੀਆਂ ਅਤੇ ਖਾਸ ਤੌਰ 'ਤੇ ਗ਼ਦਰੀ ਬਾਬਿਆਂ ਦੀ ਜਦੋਜਹਿਦ ਅਤੇ ਕੁਰਬਾਨੀਆਂ ਬਾਰੇ ਸੁਚੇਤ ਤੌਰ 'ਤੇ ਜਾਣਕਾਰੀ ਰੱਖਣਾ ਤੇ ਅੱਗੇ ਭਵਿੱਖ ਪੀੜ੍ਹੀਆਂ ਨੂੰ ਸੌਂਪਣਾ ਮਹਾਨ ਸੇਵਾ ਹੈ।

ਪ੍ਰੋ. ਮਲਵਿੰਦਰਜੀਤ ਸਿੰਘ ਵਰਗੇ ਸੁਘੜ ਸਿਆਣੇ ਤੇ ਉਸਾਰੂ ਸੋਚ ਵਾਲੇ ਸਿਰੜੀ ਇਨਸਾਨ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ, ਜਿਹੜੇ ਇਤਨੀ ਜ਼ਿੰਮੇਵਾਰੀ, ਤਨਦੇਹੀ ਅਤੇ ਦਿਆਨਤਦਾਰੀ ਨਾਲ ਲਾਮਿਸਾਲ ਕੰਮ ਕਰਦੇ ਹੋਣ। ਆਧੁਨਿਕ ਪੀੜ੍ਹੀ ਦੇ ਨੌਜਵਾਨ ਇਤਿਹਾਸਕਾਰਾਂ ਅਤੇ ਹਰ ਵਰਗ ਦੇ ਵਿਦਿਆਰਥੀਆਂ ਲਈ ਉਹ ਮਾਰਗ ਦਰਸ਼ਕ ਬਣੇ ਰਹਿਣਗੇ।

●

# ਪ੍ਰੋ. ਮਲਵਿੰਦਰ ਸਿੰਘ ਵੜੈਚ: ਵਿਅਕਤੀਤਵ ਤੇ ਯਾਦ

*ਨਵਤੇਜ ਸਿੰਘ (ਡਾ.)*
*ਪ੍ਰੋਫ਼ੈਸਰ ਤੇ ਮੁਖੀ (ਸੇਵਾ ਮੁਕਤ)*
*ਪੰਜਾਬ ਇਤਿਹਾਸ ਅਧਿਐਨ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

ਮਨੁੱਖ ਨੂੰ ਜਿਉਂਦੇ ਰਹਿਣ ਲਈ ਹਾਲਾਤ ਨਾਲ ਨਿਰੰਤਰ ਸੰਘਰਸ਼ ਕਰਨਾ ਪੈਂਦਾ ਹੈ। ਬੇਸ਼ੱਕ ਇਸ ਸੰਘਰਸ਼ ਦਾ ਪੱਧਰ ਵੀ ਵੱਖ ਵੱਖ ਹੁੰਦਾ ਹੈ। ਇਸੇ ਸੰਘਰਸ਼ ਤਹਿਤ ਇੱਕ ਵਿਅਕਤੀ ਆਪਣੇ ਪਰਿਵਾਰ ਤੇ ਸਮਾਜ ਲਈ ਵੀ ਯੋਗਦਾਨ ਪਾ ਰਿਹਾ ਹੁੰਦਾ ਹੈ।

ਸੰਘਰਸ਼ ਵਿੱਚੋਂ ਹੀ ਕਈ ਕੁਝ ਨਵਾਂ ਅਤੇ ਵੱਖਰਾ ਵੀ ਉਪਜਦਾ ਹੈ ਅਜਿਹੀ ਸੋਚ ਵਾਲੇ ਵਿਅਕਤੀ ਆਪਣੀਆਂ ਨਿਰੰਤਰ ਗਤੀਵਿਧੀਆਂ ਰਾਹੀਂ ਕਈ ਵੇਰ ਅਜਿਹੇ ਕਾਰਜ ਕਰ ਜਾਂਦੇ ਹਨ ਜਿੱਥੇ ਉਹ ਆਪਣੀ ਹੋਂਦ ਦੌਰਾਨ ਅਤੇ ਉਸ ਤੋਂ ਬਾਅਦ ਵੀ ਸਮਾਜਕ ਚੇਤਨਾ ਦਾ ਹਿੱਸਾ ਬਣ ਜਾਂਦੇ ਹਨ। ਅਜਿਹਾ ਹੀ ਇੱਕ ਨਾਮ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਹੈ, ਜਿੰਨ੍ਹਾ ਨੇ ਆਪਣੀ ਲੰਮੀ ਉਮਰ ਦੌਰਾਨ ਸਿੱਖਿਆ ਤੇ ਕਈ ਖੇਤਰਾਂ ਵਿੱਚ ਤਨ ਦੇਹੀ ਨਾਲ ਨਾ ਸਿਰਫ ਯੋਗਦਾਨ ਪਾਇਆ ਬਲਕਿ ਅਹਿਮ ਭੂਮਿਕਾ ਨਿਭਾ ਕੇ ਇਤਿਹਾਸ ਵਿੱਚ ਆਪਣਾ ਸਥਾਨ ਵੀ ਨਿਸ਼ਚਿਤ ਕਰ ਲਿਆ।

ਨਿਜੀ ਤੌਰ ਤੇ ਮੈਨੂੰ ਉਨਾਂ ਨਾਲ ਮਿਲਣ ਦਾ ਪਹਿਲਾ ਮੌਕਾ ਆਪਣੇ ਸਭ ਤੋਂ ਵੱਡੇ ਵੀਰ ਸਰਦਾਰ ਹਰਭਜਨ ਸਿੰਘ ਹਲਵਾਰਵੀ ਰਾਹੀਂ ਮਿਲਿਆ। ਚੰਡੀਗੜ੍ਹ ਉਹਨਾਂ ਦੇ ਘਰ 1993-94 ਵਿੱਚ।

ਉਸ ਤੋਂ ਬਾਅਦ ਕਈ ਵਰ੍ਹੇ ਉਹਨਾਂ ਨਾਲ ਲਗਾਤਾਰ ਸੰਪਰਕ ਬਣਿਆ ਰਿਹਾ।

ਅਕਸਰ ਉਹ ਇਤਿਹਾਸ ਅਤੇ ਇਸ ਦੇ ਸਰੋਤਾਂ ਬਾਰੇ ਲੰਬੀ ਗੱਲਬਾਤ ਕਰਦੇ ਸਨ। ਦੋ ਤਿੰਨ ਵੇਰ ਮੈਨੂੰ ਉਹਨਾਂ ਦੇ ਘਰ ਵੀ ਜਾਣ ਦਾ ਮੌਕਾ ਮਿਲਿਆ ਉਹ ਪੰਜਾਬ ਵਿੱਚ ਸੰਘਰਸ਼ ਬਸਤੀਵਾਦੀ ਰਾਜ ਦੌਰਾਨ ਉੱਠੀਆਂ ਖਾੜਕੂ ਲਹਿਰਾਂ ਵਿੱਚ ਵਧੇਰੇ ਦਿਲਚਸਪੀ ਲੈਂਦੇ ਸਨ ਅਤੇ ਗਦਰ ਪਾਰਟੀ ਲਹਿਰ ਬਾਰੇ ਉਨਾਂ ਦੀ ਲੇਖਣੀ ਤੇ ਸਰੋਤ ਇਕੱਤਰ ਕਰਨ ਦਾ ਦ੍ਰਿੜ ਇਰਾਦਾ ਅਤੇ ਇਸ ਦੀ ਅਹਿਮੀਅਤ ਬਾਰੇ ਵਧੇਰੇ ਚੇਤੰਨ ਸਨ। ਲੋਕ ਪੱਖੀ ਇਨਕਲਾਬੀ ਲਹਿਰਾਂ ਵਿੱਚ ਉਹਨਾਂ ਦੀ ਦਿਲਚਸਪੀ ਉਨਾਂ ਦੀ ਸੋਚ ਦਾ ਲੋਕ ਪੱਖੀ ਪਰਤੌਂ ਸੀ। ਨਿੱਗੇ ਸੁਭਾਅ ਦੀ ਸ਼ਖਸ਼ੀਅਤ ਅਤੇ ਨਿਰੰਤਰ ਮਿਹਨਤ ਉਨਾਂ ਦੇ ਚਰਿੱਤਰ ਦੇ ਬੁਨਿਆਦੀ ਗੁਣ ਸਨ। ਜੇ ਇਹ ਵਿਅਕਤੀ ਵਿਅਕਤੀਆਂ ਦਾ ਯੋਗਦਾਨ ਹੋਰਨਾਂ ਲਈ ਹਮੇਸ਼ਾ ਪ੍ਰੇਰਨਾ-ਸਰੋਤ ਬਣਦਾ ਹੈ ਅਤੇ ਇਉਂ ਹੀ ਲੋਕ ਚੇਤਨਾ ਦਾ ਅਹਿਮ ਹਿੱਸਾ ਵੀ। ●

# ਗਦਰੀਆਂ ਦੇ ਮੁਨਸ਼ੀ ਦਾ ਸਦੀਵੀ ਵਿਛੋੜਾ

*ਗੁਰਦੇਵ ਸਿੰਘ ਸਿੱਧੂ (ਡਾ.)*
*ਸਾਬਕਾ ਵਾਈਸ ਚੇਅਰਮੈਨ*
*ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ*

ਮਨੁੱਖੀ ਫਿਤਰਤ ਹੈ ਕਿ ਆਦਮੀ ਆਪਣੇ ਆਪ ਨੂੰ ਵੱਡਾ ਵਿਖਾਉਣ ਵਾਸਤੇ ਆਪਣੇ ਨਾਉਂ ਨਾਲ ਵੱਡੇ ਤੋਂ ਵੱਡਾ ਵਿਸ਼ੇਸ਼ਣ ਲਾਉਂਦਾ ਹੈ ਜਿਸ ਤੋਂ ਉਸ ਦੀ ਪਦਵੀ, ਸਮਾਜਿਕ ਹੈਸੀਅਤ, ਸਿਆਸੀ ਪਹੁੰਚ ਆਦਿ ਦਾ ਵਿਖਾਲਾ ਹੋਵੇ।ਪਰ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਅਜਿਹੀ ਇੱਛਾ ਤੋਂ ਮੁਕਤ ਸਨ।ਪੰਜਾਬ ਦੇ ਵਿਦਿਅਕ ਹਲਕਿਆਂ ਵਿਚ ਸਾਰੇ ਜਾਣਦੇ ਹਨ ਕਿ ਉਹਨਾਂ ਨੇ ਜਿੰਨਾ ਖੋਜ-ਕਾਰਜ ਗਦਰ ਪਾਰਟੀ ਵਾਸਤੇ ਕੀਤਾ ਹੈ, ਕਿਸੇ ਹੋਰ ਇਤਿਹਾਸਕਾਰ ਨੇ ਤਾਂ ਕੀ ਕਰਨਾ ਸੀ, ਪੰਜਾਬ ਦੀ ਕਿਸੇ ਯੂਨੀਵਰਸਿਟੀ ਜਾਂ ਹੋਰ ਕਿਸੇ ਸੰਸਥਾ ਨੇ ਵੀ ਨਹੀਂ ਕੀਤਾ।ਪ੍ਰੋ. ਵੜੈਚ ਇਸ ਤੱਥ ਤੋਂ ਭਲੀ ਭਾਂਤ ਜਾਣੂੰ ਸਨ ਪਰ ਉਹਨਾਂ ਨੂੰ ਇਸ ਦਾ ਰਤੀ ਮਾਤਰ ਵੀ ਗੁਮਾਨ ਨਹੀਂ ਸੀ।ਉਹ ਆਪਣੀ ਪਛਾਣ ਗਦਰੀਆਂ ਦਾ ਮੁਨਸ਼ੀ ਕਹਿ ਕੇ ਕਰਵਾਉਣ ਵਿਚ ਫਖਰ ਮਹਿਸੂਸ ਕਰਦੇ ਸਨ।

21 ਨਵੰਬਰ 1929 ਨੂੰ ਲੱਧੇਵਾਲਾ ਵੜੈਚ, ਜ਼ਿਲਾ ਗੁੱਜਰਾਂਵਾਲਾ, ਵਿਚ ਜਨਮੇ ਪ੍ਰੋ. ਵੜੈਚ ਨੂੰ ਦੇਸ਼ਵੰਡ ਕਾਰਨ ਚੜ੍ਹਦੀ ਜਵਾਨੀ ਵਿਚ ਉਜਾੜੇ ਦਾ ਸੰਤਾਪ ਝੱਲਣਾ ਪਿਆ ਪਰ ਉਹਨਾਂ ਇਸ ਬਿਖੜੇ ਸਮੇਂ ਦੌਰਾਨ ਪੜ੍ਹਾਈ ਜਾਰੀ ਰੱਖੀ।ਅੰਗਰੇਜ਼ੀ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਇਤਿਹਾਸ ਅਤੇ ਸਮਾਜ-ਵਿਗਿਆਨ ਸਮੇਤ ਪੰਜ ਵਿਸ਼ਿਆਂ ਵਿਚ ਐਮ.ਏ. ਕਰਨ ਸਦਕਾ ਉਹਨਾਂ ਦੀ ਸਿੱਖਿਆ ਬਹੁਅਨੁਸ਼ਾਸਨੀ ਸੀ ਜਿਸ ਦੇ ਆਧਾਰ ਉੱਤੇ ਉਹ 1960 ਵਿਚ ਗੁਰੂ ਨਾਨਕ ਇੰਜਨੀਰਿੰਗ ਕਾਲਜ ਲੁਧਿਆਣਾ ਵਿਚ ਲੈਕਚਰਾਰ ਨਿਯੁਕਤ ਹੋਏ।ਉਹਨਾਂ ਦਾ ਯਤਨ ਸੀ ਕਿ ਵਿਦਿਅਕ ਪਿਛੋਕੜ ਸਾਇੰਸ ਵਾਲੇ ਹੋਣ ਕਾਰਨ ਸਮਾਜਕ ਸਰੋਕਾਰਾਂ ਤੋਂ ਅਕਸਰ ਅਣਭਿੱਜ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਦੇਸ਼ ਭਗਤੀ ਵਾਲੇ ਵਿਰਸੇ ਅਤੇ ਸਮਾਜੀ ਜ਼ੁੰਮੇਵਾਰੀ ਪ੍ਰਤਿ ਸੁਚੇਤ ਹੋਣ। ਪੜ੍ਹਾਈ ਦੇ ਕਮਰੇ ਤੋਂ ਬਾਹਰ ਚਾਹੇ ਖੇਡ-ਮੈਦਾਨ ਹੋਵੇ, ਚਾਹੇ ਕਾਲਜ ਦਾ ਗੁਰਦੁਆਰਾ, ਹਰ ਥਾਂ ਵਿਦਿਆਰਥੀਆਂ ਦੇ ਵਿਚਕਾਰ ਹਾਜ਼ਰ ਰਹਿਣ ਕਾਰਨ ਵਿਦਿਆਰਥੀ ਪ੍ਰੋਫ਼ੈਸਰ ਵੜੈਚ ਨੂੰ ਅਧਿਆਪਕ ਨਾਲੋਂ ਵੱਧ ਆਪਣੇ ਦੁੱਖ ਸੁੱਖ ਦਾ ਭਾਈਵਾਲ ਮੰਨਦੇ ਸਨ। ਇਹਨਾਂ ਸਰਗਰਮੀਆਂ ਦੇ ਚੱਲਦਿਆਂ 1966 ਦਾ ਸਾਲ ਪ੍ਰੋ. ਵੜੈਚ ਦੀ ਜੀਵਨ ਸੋਚ ਨੂੰ ਨਵੀਂ ਦਿਸ਼ਾ ਦੇਣ ਦਾ ਕਾਰਣ ਬਣਿਆ। ਇਸ ਸਾਲ ਸ਼ਹੀਦ ਭਗਤ ਸਿੰਘ ਦਾ ਭਾਣਜਾ ਜਗਮੋਹਨ ਸਿੰਘ ਕਾਲਜ ਵਿਚ ਦਾਖਲ ਹੋਇਆ। ਪ੍ਰੋ. ਵੜੈਚ ਦੀ ਕਾਰਜ-ਸ਼ੈਲੀ ਤੋਂ ਪ੍ਰਭਾਵਿਤ ਜਗਮੋਹਨ ਸਿੰਘ ਉਹਨਾਂ ਦੇ ਨਿਕਟ-

ਵਰਤੀ ਵਿਦਿਆਰਥੀਆਂ ਦੀ ਮੰਡਲੀ ਵਿਚ ਸ਼ਾਮਲ ਹੋ ਗਿਆ। ਉਸ ਦੇ ਪਰਿਵਾਰਿਕ ਪਿਛੋਕੜ ਬਾਰੇ ਜਾਣਕਾਰੀ ਮਿਲਣ ਉੱਤੇ ਪ੍ਰੋਫ਼ੈਸਰ ਸਾਹਿਬ ਨੂੰ ਭਗਤ ਸਿੰਘ ਬਾਰੇ ਹੋਰ ਜਾਣਨ ਦੀ ਉਤਸੁਕਤਾ ਹੋਈ ਤਾਂ ਉਹਨਾਂ ਜਗਮੋਹਨ ਸਿੰਘ ਦੇ ਨਾਲ ਜਾ ਕੇ ਉਸ ਦੀ ਨਾਨੀ ਜੀ ਮਾਤਾ ਵਿਦਿਆਵਤੀ ਦੇ ਚਰਨੀਂ ਹੱਥ ਜਾ ਲਾਇਆ ਅਤੇ ਫਿਰ ਇਸ ਸਾਂਝ ਨੂੰ ਮਾਤਾ ਜੀ ਦੇ ਅੰਤਲੇ ਸਵਾਸਾਂ ਤੱਕ ਨਿਭਾਇਆ। ਇੱਥੋਂ ਹੀ ਉਹ ਗਦਰੀਆਂ ਵੱਲ ਮੁੜੇ। ਉਹਨਾਂ ਗਦਰੀ ਦੇਸ਼ ਭਗਤਾਂ ਵਿਚੋਂ ਸਭ ਤੋਂ ਪਹਿਲਾਂ ਬਾਬਾ ਸੋਹਨ ਸਿੰਘ ਭਕਨਾ ਦੇ ਦਰਸ਼ਨ ਕੀਤੇ। ਆਪਸੀ ਮੁਲਾਕਾਤਾਂ ਅਤੇ ਵਾਰਤਾਲਾਪ ਤੋਂ ਬਾਬਾ ਭਕਨਾ ਜੀ ਨੂੰ ਪ੍ਰੋ. ਵੜੈਚ ਦੀ ਸੁਹਿਰਦਤਾ ਉੱਤੇ ਵਿਸ਼ਵਾਸ ਹੋ ਗਿਆ ਅਤੇ ਉਹਨਾਂ ਉਰਦੂ ਵਿਚ ਲਿਖੀ ਆਪਣੀ ਸਵੈ-ਜੀਵਨੀ ਉਹਨਾਂ ਨੂੰ ਸੌਂਪ ਦਿੱਤੀ ਜਿਸ ਨੂੰ ਪ੍ਰੋ. ਵੜੈਚ ਨੇ ਗੁਰਮੁਖੀ ਵਿਚ ਲਿਪੀਅੰਤਰ ਕਰਕੇ "ਜੀਵਨ ਸੰਗਰਾਮ? ਨਾਂ ਹੇਠ ਪ੍ਰਕਾਸ਼ਿਤ ਕਰਵਾਇਆ। ਉਦੋਂ ਤੱਕ ਇਨਕਲਾਬੀ ਸੋਚ ਵਾਲੇ ਨੌਜਵਾਨਾਂ ਦੀ ਵੱਡੀ ਗਿਣਤੀ ਪ੍ਰੋ. ਵੜੈਚ ਨਾਲ ਜੁੜ ਚੁੱਕੀ ਸੀ ਜਿਨ੍ਹਾਂ ਨਾਲ ਰਲਕੇ ਉਹ ਪੰਜਾਬੀਆਂ ਨੂੰ ਰਾਜਸੀ ਵਿਚਾਰਧਾਰਿਕ ਪੱਖੋਂ ਸੁਚੇਤ ਕਰਨ ਵਾਸਤੇ "ਯੁਵਕ ਕੇਂਦਰ" ਜਲੰਧਰ ਨਾਂ ਦੀ ਸੰਸਥਾ ਬਣਾ ਕੇ ਸਰਗਰਮੀ ਨਾਲ ਡਟੇ ਹੋਏ ਸਨ। "ਯੁਵਕ ਕੇਂਦਰ? ਵਿਚ ਉਹਨਾਂ ਦੀ ਅਗਵਾਈ ਹੇਠ ਸਰਗਰਮ ਰਹੇ ਨੌਜਵਾਨ ਅੱਜ ਵਿਸ਼ਵ ਭਰ ਵਿਚ ਉਸ ਸੋਚ ਨੂੰ ਵਧਾ ਫ਼ੈਲਾਅ ਰਹੇ ਹਨ। ਪ੍ਰੋ. ਵੜੈਚ ਗਦਰੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ ਇਸ ਕਰਕੇ ਜੀਵਿਤ ਗਦਰੀਆਂ ਤੋਂ ਜ਼ਬਾਨੀ ਜਾਂ ਲਿਖਤੀ ਰੂਪ ਵਿਚ ਜੋ ਕੁੱਝ ਵੀ ਮਿਲ ਸਕੇ ਉਸ ਨੂੰ ਸੰਭਾਲਣਾ ਉਹਨਾਂ ਆਪਣੇ ਜ਼ੁੰਮੇ ਲੈ ਲਿਆ ਸੀ ਅਤੇ ਇਸ ਬਾਰੇ ਨਿੱਠ ਕੇ ਕੰਮ ਕੀਤਾ। ਉਹਨਾਂ ਦੇ ਇਸ ਖੋਜ-ਕਾਰਜ ਦਾ ਮਹੱਤਵ ਇਥੋਂ ਆਂਕਿਆਂ ਜਾ ਸਕਦਾ ਹੈ ਕਿ ਜਦ ਪ੍ਰੋ. ਵੜੈਚ ਇਹਨਾਂ ਗਦਰੀਆਂ ਅਤੇ ਉਹਨਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪਾਸਾਰ ਵਿਚ ਲੱਗੇ ਹੋਏ ਸਨ ਉਦੋਂ ਹਾਲੇ ਦੇਸ਼ਭਗਤ ਯਾਦਗਾਰ ਮੁਢਲੇ ਪੜਾਅ ਉੱਤੇ ਹੀ ਸੀ। ਉਹਨਾਂ ਨੇ ਸ਼ਹੀਦ ਭਗਤ ਸਿੰਘ ਦੇ ਜੀਵਿਤ ਸੰਗੀ-ਸਾਥੀਆਂ ਨਾਲ ਸੰਪਰਕ ਸਾਧਨ ਵਿਚ ਕੋਈ ਕਸਰ ਨਹੀਂ ਛੱਡੀ। ਵਡਿਆਈ ਦੀ ਗੱਲ ਇਹ ਹੈ ਕਿ ਉਹਨਾਂ ਨੇ ਸ਼ਹੀਦ ਭਗਤ ਸਿੰਘ ਦੇ ਗੈਰ-ਪੰਜਾਬੀ ਸਾਥੀਆਂ ਨੂੰ ਵੀ ਅਣਗੌਲੇ ਨਹੀਂ ਕੀਤਾ। ਸੁਤੰਤਰਤਾ ਸੰਗਰਾਮ, ਵਿਸ਼ੇਸ਼ ਕਰਕੇ ਗਦਰ ਪਾਰਟੀ ਲਹਿਰ ਅਤੇ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਬਾਰੇ ਜਾਣਕਾਰੀ ਦਾ ਉਹਨਾਂ ਕੋਲ ਅਥਾਹ ਭੰਡਾਰ ਸੀ ਅਤੇ ਉਹਨਾਂ ਦੀ ਯਾਦ-ਸ਼ਕਤੀ ਦਾ ਕਮਾਲ ਸੀ ਕਿ ਉਹ ਇਹਨਾਂ ਬਾਰੇ ਘੰਟਿਆਂ-ਬੱਧੀ ਚਰਚਾ ਕਰ ਸਕਦੇ ਸਨ। ਗੁਰੂ ਨਾਨਕ ਇੰਜਨੀਰਿੰਗ ਕਾਲਜ ਲੁਧਿਆਣਾ ਵਿਚੋਂ ਸੇਵਾ-ਮੁਕਤੀ ਪਿੱਛੋਂ ਪ੍ਰੋ. ਵੜੈਚ ਨੇ ਚੰਡੀਗੜ੍ਹ ਦੇ ਵਾਸੀ ਬਣ ਕੇ ਕਾਨੂੰਨ ਦੀ ਪੜ੍ਹਾਈ ਕੀਤੀ। ਉਹਨਾਂ ਵੱਲੋਂ ਇਕ ਵਕੀਲ ਵਜੋਂ ਦੇਸ਼ਭਗਤਾਂ ਦੇ ਹਿਤਾਂ ਦੀ ਰੱਖਿਆ ਲਈ ਕੀਤੀਆਂ ਅਦਾਲਤੀ ਕਾਰਵਾਈਆਂ ਤੋਂ ਜਾਪਦਾ ਹੈ ਕਿ ਅਜਿਹਾ ਸੋਚੀ ਸਮਝੀ ਵਿਉਂਤ ਅਨੁਸਾਰ ਕੀਤਾ ਗਿਆ ਸੀ। ਪੜ੍ਹਾਈ ਮੁਕੰਮਲ ਕਰਨ ਪਿੱਛੋਂ ਉਹਨਾਂ ਚੋਟੀ ਦੇ ਵਕੀਲ ਆਪਣੇ ਭਾਣਜੇ ਸ. ਰਾਜਿੰਦਰ ਸਿੰਘ ਚੀਮਾ ਦੇ ਸਹਾਇਕ ਵਜੋਂ ਕੰਮ ਕੀਤਾ। ਪ੍ਰੋ. ਵੜੈਚ ਦੱਸਦੇ ਸਨ ਕਿ ਉਹਨਾਂ ਕੋਲ ਫੌਜਦਾਰੀ ਮਾਮਲਿਆਂ ਦਾ ਕੰਮ ਸੀ ਜਿਨ੍ਹਾਂ ਵਿਚ

ਮੁਕੱਦਮੇ ਦੀ ਨਿਰਭਰਤਾ ਬਹੁਤ ਹੱਦ ਤੱਕ ਪੁਲਸ ਰਿਪੋਰਟ ਉੱਤੇ ਹੁੰਦੀ ਹੈ। ਇਹਨਾਂ ਰਿਪੋਰਟਾਂ ਦੇ ਵਿਸ਼ਲੇਸ਼ਣ ਤੋਂ ਉਹਨਾਂ ਨੂੰ ਅੰਗਰੇਜ਼ੀ ਸਾਸ਼ਨ ਦੌਰਾਨ ਦੇਸ ਭਗਤਾਂ ਦੇ ਮੁਕੱਦਮਿਆਂ ਵਿਚ ਪੁਲਸ ਦੁਆਰਾ ਪੇਸ਼ ਕੀਤੀਆਂ ਰਿਪੋਰਟਾਂ ਦੀ ਅਸਲੀਅਤ ਤੱਕ ਪਹੁੰਚਣ ਵਿਚ ਮਦਦ ਮਿਲੀ। ਉਹਨਾਂ ਭਾਰਤ ਸਰਕਾਰ ਵੱਲੋਂ ਆਜ਼ਾਦੀ ਘੁਲਾਟੀਆਂ ਨੂੰ ਪੈਨਸ਼ਨ ਦੇਣ ਵਾਸਤੇ ਆਜ਼ਾਦੀ ਸੰਗਰਾਮਾਂ ਦੀ ਬਣਾਈ ਸੂਚੀ ਵਿਚ ਗਦਰ ਪਾਰਟੀ ਦੇ ਗਲਤ ਸ਼ਬਦ ਜੋੜ ਵਾਲੇ ਲਿਖੇ ਨਾਂ ਨੂੰ ਦਰੁਸਤ ਕਰਵਾਉਣ ਵਾਸਤੇ ਅਤੇ ਕੋਮਾਗਾਟਾ ਜਹਾਜ਼ (ਗੁਰੂ ਨਾਨਾਕ ਜਹਾਜ਼) ਦੀ ਘਟਨਾ ਨੂੰ ਆਜ਼ਾਦੀ-ਲਹਿਰ ਦਾ ਹਿੱਸਾ ਮੰਨੇ ਜਾਣ ਵਾਸਤੇ ਭਾਰਤ ਸਰਕਾਰ ਨਾਲ ਲਿਖਾ ਪੜ੍ਹੀ ਕੀਤੀ ਪਰ ਸਰਕਾਰ ਨੇ ਉਹਨਾਂ ਦੀ ਗੱਲ ਵੱਲ ਬੇਧਿਆਨੀ ਵਿਖਾਈ ਜਿਸ ਦੇ ਫਲਸਰੂਪ ਉਹਨਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਪਾਉਣੀ ਪਈ। ਉਹਨਾਂ ਵੱਲੋਂ ਅਦਾਲਤ ਵਿਚ ਪੇਸ਼ ਸਬੂਤਾਂ ਅਤੇ ਦਲੀਲਾਂ ਨੂੰ ਵੇਖਦਿਆਂ ਭਾਰਤ ਸਰਕਾਰ ਨੂੰ ਆਪਣਾ ਰਵੱਈਆ ਬਦਲਣਾ ਪਿਆ।

ਪ੍ਰੋ. ਵੜੈਚ ਨਾਲ ਮੇਰਾ ਸੰਪਰਕ ਇਸ ਸਦੀ ਦੇ ਚੜ੍ਹਦੇ ਵਰ੍ਹਿਆਂ ਦੌਰਾਨ "ਪੰਜਾਬੀ ਟ੍ਰਿਬਿਊਨ? ਵਿਚ ਪ੍ਰਕਾਸ਼ਿਤ ਇਕ ਲੇਖ ਰਾਹੀਂ ਬਣਿਆ। ਇਸ ਲੇਖ ਵਿਚ ਮੈਂ ਉਹਨਾਂ ਦੇ ਇਸ ਹੀ ਅਖਬਾਰ ਵਿਚ ਸ਼ਹੀਦ ਭਗਤ ਸਿੰਘ ਬਾਰੇ ਛਪੇ ਲੇਖ ਨੂੰ ਹੋਰ ਵਿਸਥਾਰ ਦਿੱਤਾ ਸੀ। ਪ੍ਰੋਫ਼ੈਸਰ ਸਾਹਿਬ ਇਹ ਲੇਖ ਪੜ੍ਹ ਕੇ ਖੁਸ਼ ਹੋਏ ਅਤੇ ਉਹਨਾਂ ਟੈਲੀਫੋਨ ਕਰਕੇ ਆਪਣੀ ਖੁਸ਼ੀ ਮੇਰੇ ਨਾਲ ਸਾਂਝੀ ਕੀਤੀ। ਇਸ ਤੋਂ ਪਿੱਛੋਂ ਸਾਡੀ ਸਾਂਝ ਵਧਦੀ ਗਈ। ਮੈਨੂੰ ਇਸ ਗੱਲ ਦਾ ਫਖਰ ਹੈ ਕਿ ਇਤਿਹਾਸ-ਲੇਖਣ ਵਿਚ ਮੈਨੂੰ ਉਹਨਾਂ ਦੀ ਸਰਪ੍ਰਸਤੀ ਮਿਲੀ ਅਤੇ ਅਸੀਂ ਰਲਕੇ ਕੋਮਾਗਾਟਾ ਮਾਰੂ ਘਟਨਾ ਨਾਲ ਸੰਬੰਧਿਤ ਸਰਕਾਰੀ ਗੁਪਤ ਅਤੇ ਹੋਰ ਦਸਤਾਵੇਜ਼ਾਂ ਦਾ ਸੰਗ੍ਰਹਿ, ਲਾਹੌਰ ਸਾਜ਼ਿਸ਼ ਅਤੇ ਬੱਬਰ ਅਕਾਲੀਆਂ ਦੇ ਮੁਕੱਦਮਿਆਂ ਦੇ ਅਦਾਲਤੀ ਫੈਸਲਿਆਂ ਦਾ ਸੰਪਾਦਨ ਕੀਤਾ। ਇਸ ਤੋਂ ਬਿਨਾਂ ਕੋਮਾਗਾਟਾ ਮਾਰੂ ਬਾਰੇ ਨੈਸ਼ਨਲ ਬੁਕ ਟਰੱਸਟ ਲਈ ਪੁਸਤਕ ਲਿਖੀ। ਪ੍ਰੋ. ਮਲਵਿੰਦਰਜੀਤ ਸਿੰਘ ਦੇ ਸੁਭਾਅ ਵਿਚੋਂ ਪੰਜਾਬੀ ਕਹਾਵਤ "ਜੋਗੀ ਚੱਲਦੇ ਭਲੇ, ਦੇਸ ਵਸਦਾ ਭਲਾ" ਦੀ ਝਲਕ ਮਿਲਦੀ ਹੈ।

ਉਹਨਾਂ ਮੇਰੇ ਨਾਲੋਂ ਪਹਿਲਾਂ ਪਿੱਛੋਂ ਚੁਰੰਜੀ ਲਾਲ ਕੰਗਣੀਵਾਲ, ਸੀਤਾ ਰਾਮ ਬਾਂਸਲ ਆਦਿ ਨਾਲ ਰਲਕੇ ਖੋਜ-ਕਾਰਜ ਕੀਤਾ। ਕੁਝ ਇਤਿਹਾਸਕਾਰਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੀ ਜਾਣਕਾਰੀ ਜਿੰਨੀ ਦੇਰ ਪ੍ਰਕਾਸ਼ਿਤ ਨਹੀਂ ਹੋ ਜਾਂਦੀ, ਕਿਸੇ ਹੋਰ ਨਾਲ ਸਾਂਝੀ ਕਰਨ ਤੋਂ ਟਾਲਾ ਵੱਟਦੇ ਹਨ। ਪਰ ਪ੍ਰੋ. ਵੜੈਚ ਜੀ ਦਾ ਸੁਭਾਅ ਇਸ ਤੋਂ ਬਿਲਕੁਲ ਉਲਟ ਸੀ। ਉਹਨਾਂ ਨੂੰ ਆਪਣਾ ਭੰਡਾਰ ਹੋਰ ਜਗਿਆਸੂਆਂ ਨਾਲ ਸਾਂਝਾ ਕਰਕੇ ਖੁਸ਼ੀ ਹੁੰਦੀ ਸੀ। ਇਹੋ ਕਾਰਨ ਹੈ ਕਿ ਵਿਸ਼ਵ ਭਰ ਵਿਚ ਭਾਰਤ ਦੇ ਸੁਤੰਤਰਤਾ ਸੰਗਰਾਮ ਬਾਰੇ ਕੰਮ ਕਰਨ ਵਾਲੇ ਵਿਦਵਾਨ ਉਹਨਾਂ ਨੂੰ ਟੈਲੀਫ਼ੋਨ ਕਰਕੇ ਪੁੱਛਦੇ ਰਹਿੰਦੇ ਸਨ ਅਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਸਨ ਕਰਦੇ। ਜੇ ਕੋਈ ਖੋਜਕਾਰ ਉਹਨਾਂ ਨਾਲ ਗੱਲ ਕਰਦਿਆਂ ਉਹਨਾਂ ਦੀ ਜਾਂ ਕਿਸੇ ਹੋਰ ਇਤਿਹਾਸਕਾਰ ਦੀ ਕੋਈ ਪੁਸਤਕ ਪੜ੍ਹਨ ਵਿਚ ਦਿਲਚਸਪੀ ਵਿਖਾਉਂਦਾ ਤਾਂ ਉਹ ਸਮੇਂ ਅਤੇ ਖ਼ਰਚੇ ਤੋਂ ਬੇਪ੍ਰਵਾਹ ਉਹ ਪੁਸਤਕ ਜਾਂ ਉਸ ਦੀ ਫੋਟੋ ਕਾਪੀ

ਪੁੱਜਦੀ ਕਰਨ ਵਿਚ ਇਕ ਪਲ ਨਾ ਲਾਉਂਦੇ। ਚੰਡੀਗੜ੍ਹ ਘੁੰਮਣ ਫਿਰਨ ਲਈ ਆਉਣ ਵਾਲਿਆਂ ਗੈਰ-ਪੰਜਾਬੀਆਂ ਵਾਸਤੇ ਇਕ ਦੇਖਣਯੋਗ ਸਥਾਨ ਹੈ ਗੌਰਮਿੰਟ ਮਿਊਜ਼ੀਅਮ ਐਂਡ ਆਰਟ ਗੈਲਰੀ ਵਿਚਲੀ "ਨੈਸ਼ਨਲ ਗੈਲਰੀ ਆਫ ਪੋਰਟਰੇਟਸ 1857-1947", ਇਸ ਦੀ ਸਥਾਪਨਾ ਦਾ ਸੁਝਾਅ ਦੇਣ ਵਾਲਿਆਂ ਵਿਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵੀ ਸ਼ਾਮਲ ਸਨ ਜਿਨ੍ਹਾਂ ਨੇ ਆਪਣੇ ਭੰਡਾਰ ਵਿਚੋਂ ਦੁਰਲੱਭ ਤਸਵੀਰਾਂ ਅਤੇ ਦਸਤਾਵੇਜ਼ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਸ ਲਈ ਪ੍ਰਸ਼ਾਸਨ ਵੱਲੋਂ ਇਹ ਸੁਝਾਅ ਪ੍ਰਵਾਨ ਕਰਨ ਉੱਤੇ ਪ੍ਰੋਫੈਸਰ ਸਾਹਿਬ ਨੂੰ ਵੀ ਖੁਸ਼ੀ ਹੋਈ। ਪਰ ਇਸ ਕਾਰਜ ਨੂੰ ਸਰਕਾਰੀ ਸੁਭਾਅ ਮੁਤਾਬਿਕ ਜੂੰ ਦੀ ਤੋਰ ਚੱਲਦਿਆਂ ਵੇਖ ਕੇ ਉਹਨਾਂ ਨੂੰ ਅਫਸੋਸ ਹੋਇਆ, ਨਤੀਜਨ ਇਸ ਕੰਮ ਨੂੰ ਉਹਨਾਂ ਆਪਣੇ ਜ਼ੁੰਮੇ ਲੈ ਲਿਆ। ਉਹ ਦਿਨ ਦਾ ਸਾਰਾ ਸਮਾਂ ਇੱਥੇ ਗੁਜ਼ਾਰਨ ਲੱਗੇ ਅਤੇ ਇਕ ਇਕ ਪੈਨਲ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਇਆ। ਇਉਂ ਹੀ ਉਹਨਾਂ ਨੈਸ਼ਨਲ ਆਰਕਾਈਵਜ਼ ਨੂੰ ਵੀ ਬਹੁਮੁੱਲੇ ਦਸਤਾਵੇਜ਼ ਦੇ ਕੇ ਇਸ ਕੌਮੀ ਸੰਸਥਾ ਦੇ ਭੰਡਾਰ ਵਿਚ ਵਾਧਾ ਕੀਤਾ। ਬੇਸ਼ੱਕ ਪ੍ਰੋ. ਮਲਵਿੰਦਰ ਸਿੰਘ ਵੜੈਚ ਸਰੀਰਿਕ-ਰੂਪ ਸਾਡੇ ਵਿਚਕਾਰ ਨਹੀਂ ਰਹੇ ਪਰ ਆਪਣੀਆਂ ਲਿਖਤਾਂ ਰਾਹੀਂ ਉਹ ਹਮੇਸ਼ਾ ਪੰਜਾਬੀਆਂ ਦੇ ਅੰਗ ਸੰਗ ਰਹਿਣਗੇ।

●

# ਮੇਰੇ ਮਾਰਗ ਦਰਸ਼ਕ, ਮੇਰੇ ਰਹਿਬਰ-
# ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

*ਜਗਰੂਪ ਸਿੰਘ (ਡਾ.)*
*ਪ੍ਰਿੰਸੀਪਲ*
*ਮੇਹਰ ਚੰਦ ਪੋਲੀਟੈਕਨਿਕ*
*ਕਾਲਜ ਜਲੰਧਰੋਂ*

ਸਰਦਾਰ ਮਲਵਿੰਦਰ ਜੀਤ ਸਿੰਘ ਵੜੈਚ ਸਿਰਫ਼ ਮੇਰੇ ਅਧਿਆਪਕ ਹੀ ਨਹੀਂ ਸਨ, ਮੇਰੇ ਮਾਰਗਦਰਸ਼ਕ, ਪ੍ਰੇਰਣਾ ਸਰੋਤ ਅਤੇ ਰਹਿਬਰ ਵੀ ਸਨ। ਗੱਲ ਮਾਰਚ 1988 ਦੀ ਹੈ। ਸਥਾਨ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ। ਮੈਂ ਪਹਿਲੇ ਸਾਲ ਦਾ ਵਿਦਿਆਰਥੀ ਸੀ। ਸਲਾਨਾ ਸਮਾਗਮ ਵਿੱਚ ਨਾਟਕ ਕੀਤਾ ਜਾ ਰਿਹਾ ਸੀ “ਸੋਨੇ ਦਾ ਹਿਰਨ।” ਲੇਖਕ ਸਨ ਮੇਰੇ ਪਿਤਾ ਜੀ ਬਲਦੇਵ ਸਿੰਘ ਸੜਕਨਾਮਾ। ਮੈਨੂੰ ਰਿਸ਼ੀ ਬਾਲਮੀਕ ਦਾ ਰੋਲ ਮਿਲਿਆ ਸੀ। 18-19 ਸਾਲ ਦਾ ਗੱਭਰੂ ਅਤੇ ਰੋਲ ਕਰ ਰਿਹਾ ਸੀ 70-80 ਸਾਲ ਦੇ ਬਜ਼ੁਰਗ ਕਿਰਦਾਰ ਦਾ। ਪਹਿਲੇ ਸਾਲ ਦੇ ਵਿਦਿਆਰਥੀ ਵੈਸੇ ਵੀ ਸਹਿਮੇ-ਸਹਿਮੇ ਰਹਿੰਦੇ ਹਨ। ਨਾਲੇ ਨਾਟਕ ਵਿੱਚ ਹੋਰ ਕਿਰਦਾਰ ਨਿਭਾਉਣ ਵਾਲੇ ਵਿਦਿਆਰਥੀ ਸਿਰਫ਼ ਤੀਜੇ ਅਤੇ ਫਾਈਨਲ ਯੀਅਰ ਦੇ ਸਨ, ਜਿਨ੍ਹਾਂ ਵਿੱਚ ਐਕਟਿੰਗ ਦੇ ਥੰਮ੍ਹ ਅਤੇ ਕਲਾਕਾਰ ਗੁਰਿੰਦਰ ਗੁਰੀ (ਮਦਾਰੀ), ਜਸਵੰਤ ਜ਼ਫ਼ਰ (ਈਸ਼ਰ), ਇੰਦਰਪਾਲ ਸਿੰਘ (ਸਰਦਾਰ), ਵਿਕਾਸ ਦੀਪ (ਜਮੂਰਾ) ਅਤੇ ਬਿਕਰਮਜੀਤ ਸੇਖੋਂ (ਮਰੀਚ) ਸ਼ਾਮਲ ਸਨ।

ਰਿਹਰਸਲ ਵੇਲੇ ਐਥਲੀਟ ਵਰਗੇ ਲੱਗਦੇ, ਚਿੱਟੀ ਦਾੜ੍ਹੀ ਵਾਲੇ ਸਮਾਰਟ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਮਿਲਣ ਆਏ। ਮੈਂ ਉਹਨਾਂ ਦਾ ਹਿਊਮੈਨਿਟੀਜ਼ ਦਾ ਪੀਰੀਅਡ ਕਦੇ ਮਿਸ ਨਹੀਂ ਕਰਦਾ ਸੀ। ਬੱਚੇ ਉਹਨਾਂ ਨੂੰ 'ਮਲੂ ਬਾਬਾ' ਕਹਿੰਦੇ ਸਨ ਟਰੈਕ ਵਾਲੇ। ਸਵੇਰੇ-ਸਵੇਰੇ ਟਰੈਕ ਦੇ 10-15 ਗੇੜੇ ਜ਼ਰੂਰ ਲਾਉਂਦੇ ਸਨ। ਵਿਦਿਆਰਥੀ ਉਹਨਾਂ ਦੇ ਘਰ ਇਸ ਤਰ੍ਹਾਂ ਜਾਂਦੇ ਸਨ ਜਿਵੇਂ ਆਪਣਾ ਹੀ ਘਰ ਹੋਵੇ। ਕੋਈ ਰੋਕ-ਟੋਕ ਨਹੀਂ ਸੀ। ਚਾਹ-ਪਾਣੀ, ਨਾਸ਼ਤਾ ਜਦੋਂ ਮਰਜ਼ੀ।

ਰਿਹਰਸਲ ਵੇਲੇ ਮੈਨੂੰ ਕਹਿੰਦੇ, "ਵਧੀਆ ਕਰ ਰਿਹਾ ਹੈਂ। ਜੋਸ਼ ਨਾਲ ਕਰ। ਮੈਂ ਤੇਰਾ ਨਾਟਕ ਵੇਖਣ ਲਾਜ਼ਮੀ ਆਵਾਂਗਾ।" ਮੇਰਾ ਹੌਂਸਲਾ ਵਧ ਗਿਆ। ਉਹਨਾਂ ਝੂਠ ਨਹੀਂ ਕਿਹਾ ਸੀ। ਨਾਟਕ ਪੂਰਾ ਬੈਠ ਕੇ ਵੇਖਿਆ। ਮੇਰੀ ਐਂਟਰੀ ਦਰਸ਼ਕਾਂ ਵਿੱਚੋਂ ਸੀ। ਬਹੁਤ ਤਾੜੀਆਂ ਵੱਜੀਆਂ। ਨਾਟਕ ਮੁੱਖਣ ਵੇਲੇ ਅੰਦਰ ਆਏ। ਅਜੇ ਮੈਂ ਕਾਸਟਿਊਮ ਵਿੱਚ ਹੀ ਸੀ। ਮੈਨੂੰ ਕਲਾਵੇ ਵਿੱਚ ਲੈ ਲਿਆ ਅਤੇ ਕਾਫ਼ੀ ਦੇਰ ਤੱਕ ਪਿੱਠ ਪਲੋਸਦੇ ਰਹੇ। ਗੁਰੀ ਤੇ ਜ਼ਫ਼ਰ

ਮੁਸਕੜੀਆਂ ਹੱਸ ਰਹੇ ਸਨ, ਜਿਵੇਂ ਆਖ ਰਹੇ ਹੋਣ "ਜ਼ੋਰ ਸਾਡਾ ਲੱਗ ਗਿਆ, ਨਜ਼ਾਰੇ ਇਹ ਨਵਾਂ ਛੋਹਰ ਲੈ ਗਿਆ।" ਪਰ ਅਸਲ ਵਿੱਚ ਇਹ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਸੀ ਇਕ ਪਹਿਲੇ ਸਾਲ ਦੇ ਵਿਦਿਆਰਥੀ ਲਈ। ਉਹਨਾਂ ਦੀ ਥਾਪੀ ਮੇਰੇ ਨਾਲ ਸਦਾ ਤੁਰਦੀ ਰਹੀ।

ਤੀਜੇ ਸਾਲ ਮੈਂ ਪਾਲੀ ਭੁਪਿੰਦਰ ਸਿੰਘ ਦਾ ਨਾਟਕ ਕੀਤਾ। ਤੁਹਾਡਾ ਕੀ ਖ਼ਿਆਲ ਹੈ ਫਿਰ ਸਲਾਨਾ ਸਮਾਗਮ। ਜੱਜ ਦੀ ਕੁਰਸੀ 'ਤੇ ਬੈਠੇ ਸਨ ਸ਼੍ਰੀ ਗੁਰਭਜਨ ਗਿੱਲ ਵੀ ਕੈਦੀ ਦਾ ਮੁੱਖ ਕਿਰਦਾਰ ਮੈਂ ਨਿਭਾਇਆ ਸੀ। ਮੈਨੂੰ ਬੈਸਟ ਐਕਟਰ ਦਾ ਐਵਾਰਡ ਮਿਲਿਆ ਅਤੇ ਨਾਟਕ ਨੂੰ ਪਹਿਲਾ ਇਨਾਮ। ਉਸ ਦਿਨ ਫਿਰ ਪ੍ਰੋਫ਼ੈਸਰ ਮਲਵਿੰਦਰ ਜੀ ਮੇਰੇ ਕੋਲ ਆਏ ਅਤੇ ਸ਼ਾਬਾਸ਼ੀ ਦਿੱਤੀ।

ਕਲਾਸ ਵਿੱਚ ਵੀ ਉਹ ਵਿਦਿਆਰਥੀਆਂ ਨੂੰ ਸਟੇਜ 'ਤੇ ਲੈਕਚਰ ਦੇਣ ਲਈ ਉਤਸ਼ਾਹਤ ਕਰਦੇ ਸਨ। ਛੋਟੇ-ਛੋਟੇ ਮੁਕਾਬਲੇ ਕਲਾਸ ਵਿੱਚ ਰੱਖਦੇ। ਵਿਦਿਆਰਥੀ ਬੋਲਦਾ, ਆਪ ਸੁਣਦੇ ਅਤੇ ਫਿਰ ਟਿੱਪਣੀ ਕਰਦੇ। ਉਹ ਵਿਰਲੇ ਹੀ ਇਨਸਾਨ ਸਨ।

ਜਦੋਂ ਰਿਟਾਇਰ ਹੋ ਕੇ ਕਾਲਜ ਤੋਂ ਜਾਣ ਲੱਗੇ ਤਾਂ ਘਰਵਾਲੀ ਨੂੰ ਕਹਿੰਦੇ, "ਚਾਹੇ ਜੋ ਮਰਜ਼ੀ ਭੁੱਲ ਜਾਵੀਂ, ਮੇਰੇ ਡੰਬਲ ਤੇ ਵੇਟ ਜ਼ਰੂਰ ਰੱਖ ਲੈਣਾ।" ਸਾਦਾ ਖਾਣਾ, ਕਸਰਤ ਕਰਨਾ, ਸਦਾ ਖੁਸ਼ ਰਹਿਣਾ ਅਤੇ ਵਿਦਿਆਰਥੀਆਂ ਨੂੰ ਜੀਵਨ ਜਾਚ ਸਿਖਾਉਣਾ ਹੀ ਉਹਨਾਂ ਦੀ ਜ਼ਿੰਮੇਵਾਰੀ ਅਤੇ ਜੀਵਨ ਦਾ ਮਕਸਦ ਸੀ।

●

# ਮਲਵਿੰਦਰ ਜੀਤ ਸਿੰਘ ਵੜੈਚ ਦੀ ਇਨਕਲਾਬੀ ਖੋਜ ਦਾ ਸਫ਼ਰ ਉਨ੍ਹਾਂ ਦੀ ਜ਼ਬਾਨੀ


***ਬਲਜੀਤ ਬੱਲੀ***

*ਸੰਚਾਲਕ*

*ਬਾਬੂਸ਼ਾਹੀ, ਮੀਡੀਆ ਨੈੱਟਵਰਕ*


ਪੰਜਾਬ ਦੀ ਧਰਤੀ ਇਨਕਲਾਬੀਆਂ ਦੀ ਧਰਤੀ ਹੈ, ਪਰ ਉਨ੍ਹਾਂ ਇਨਕਲਾਬੀਆਂ ਦੇ ਇਤਿਹਾਸ, ਅਦਾਲਤੀ ਦਸਤਾਵੇਜ਼ਾਂ ਅਤੇ ਉਨ੍ਹਾਂ ਦੀ ਅਸਲ ਸੋਚ ਨੂੰ ਲੱਭ ਕੇ ਜਨਤਾ ਦੇ ਸਾਹਮਣੇ ਲਿਆਉਣ ਵਾਲੀ ਸ਼ਖਸੀਅਤ ਦਾ ਨਾਂ ਹੈ, ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ. ਜੋ ਪੇਸ਼ੇ ਤੋਂ ਅਧਿਆਪਕ ਅਤੇ ਵਕੀਲ ਵੀ ਰਹੇ ਹਨ। ਦੇਸ਼ ਭਗਤਾਂ, ਗਦਰੀਆਂ ਅਤੇ ਸ਼ਹੀਦ ਭਗਤ ਸਿੰਘ ਦੇ ਜੀਵਨ 'ਤੇ ਡੂੰਘੀ ਖੋਜ ਕਰਨ ਵਾਲੇ ਵੜੈਚ ਸਾਹਿਬ ਨੂੰ ਦੇਸ਼ ਭਗਤਾਂ ਦੇ ਹਲਕਿਆਂ ਵਿੱਚ ਬੜੇ ਸਤਿਕਾਰ ਨਾਲ 'ਗਦਰੀ ਬਾਬਿਆਂ ਦਾ ਮੁਨਸ਼ੀ' ਕਿਹਾ ਜਾਂਦਾ ਹੈ। ਪੀ.ਟੀ.ਸੀ. ਵੱਲੋਂ ਪੰਦਰਾਂ ਸਾਲ ਪਹਿਲਾਂ ਕੀਤੀ। ਇਸ ਵਿਸ਼ੇਸ਼ ਇੰਟਰਵਿਊ ਦੌਰਾਨ ਉਨ੍ਹਾਂ ਨੇ ਆਪਣੇ ਜੀਵਨ, ਖੋਜ ਦੇ ਸਫ਼ਰ ਅਤੇ ਬਾਬਾ ਸੋਹਨ ਸਿੰਘ ਭਕਨਾ ਨਾਲ ਹੋਈ ਜਜ਼ਬਾਤੀ ਮੁਲਾਕਾਤ ਦੇ ਕਈ ਅਣਗੌਲੇ ਪੰਨੇ ਸਾਂਝੇ ਕੀਤੇ।

'ਗਦਰੀਆਂ ਦੇ ਮੁਨਸ਼ੀ' ਦੇ ਖਿਤਾਬ ਦੀ ਕਹਾਣੀ

ਜਦੋਂ ਵੜੈਚ ਸਾਹਿਬ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਇਹ ਖਿਤਾਬ ਕਿਵੇਂ ਮਿਲਿਆ, ਤਾਂ ਉਨ੍ਹਾਂ ਬੜੀ ਨਿਮਰਤਾ ਅਤੇ ਸਪਸ਼ਟਤਾ ਨਾਲ ਦੱਸਿਆ, "ਇਹ ਖਿਤਾਬ ਮੈਂ ਕਿਸੇ ਤੋਂ ਲਿਆ ਨਹੀਂ, ਬਲਕਿ ਆਪਣੇ ਆਪ ਨੂੰ ਆਪੇ ਹੀ ਦਿੱਤਾ ਸੀ। ਇੱਕ ਵਾਰ ਜਦੋਂ ਮੈਂ ਇਹ ਲਿਖ ਦਿੱਤਾ ਤਾਂ ਇਹ ਹੌਲੀ-ਹੌਲੀ ਪ੍ਰਚੱਲਿਤ ਹੋ ਗਿਆ। ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਖਿਤਾਬ ਮੇਰੀ ਪਹੁੰਚ ਅਤੇ ਮੇਰੇ ਲਿਖਣ ਦੇ ਸਟਾਈਲ ਮੁਤਾਬਕ ਬਿਲਕੁਲ ਫਿੱਟ ਬੈਠਦਾ ਹੈ।"

ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਲਿਖਣ ਦਾ ਤਰੀਕਾ ਇਹ ਹੈ ਕਿ ਉਹ ਇਤਿਹਾਸ ਵਿੱਚ ਆਪਣੇ ਵੱਲੋਂ ਬਹੁਤ ਘੱਟ ਲਿਖਦੇ ਹਨ। ਉਹ ਦੇਸ਼ ਭਗਤਾਂ ਦੇ ਆਪਣੇ ਬੋਲਾਂ ਅਤੇ ਉਨ੍ਹਾਂ ਦੇ ਦਸਤਾਵੇਜ਼ਾਂ ਨੂੰ ਉਸੇ ਭਾਵਨਾ ਨਾਲ ਪੇਸ਼ ਕਰਦੇ ਹਨ, ਜਿਸ ਭਾਵਨਾ ਨਾਲ ਉਨ੍ਹਾਂ ਨੇ ਕਹੇ ਸਨ। ਉਹ ਕਹਿੰਦੇ ਹਨ ਕਿ ਜਿਵੇਂ ਹਾਈ ਕੋਰਟ ਵਿੱਚ ਇੱਕ ਵੱਡੇ ਵਕੀਲ ਦੇ ਮੁਨਸ਼ੀ ਦੀ ਬਹੁਤ ਵੱਡੀ ਹੈਸੀਅਤ ਹੁੰਦੀ ਹੈ, ਉਸੇ ਤਰ੍ਹਾਂ ਗਦਰੀ ਬਾਬਿਆਂ ਦਾ ਮੁਨਸ਼ੀ ਹੋਣਾ ਉਨ੍ਹਾਂ ਲਈ ਦੁਨੀਆ ਦਾ ਸਭ ਤੋਂ ਵੱਡਾ ਮਾਣ ਹੈ। ਇਹ ਇੱਕ ਅਜਿਹੀ ਕਮਾਈ ਹੈ ਜੋ ਕਿਸੇ ਵੀ ਦੌਲਤ ਨਾਲੋਂ ਵੱਡੀ ਹੈ।

## ਕਮਿਊਨਿਸਟ ਲਹਿਰ ਦਾ ਖਿੰਡਣਾ ਅਤੇ ਨਵਾਂ ਰਾਹ

ਵੜੈਚ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਦੇ ਦੇਸ਼ ਭਗਤੀ ਦੇ ਸਫ਼ਰ ਦੀ ਸ਼ੁਰੂਆਤ ਇੱਕ

ਨਿਰਾਸ਼ਾ ਵਿੱਚੋਂ ਉਪਜੇ ਜੋਸ਼ ਨਾਲ ਹੋਈ ਸੀ। ਭਾਰਤ-ਚੀਨ ਜੰਗ (1962) ਤੋਂ ਬਾਅਦ ਜਦੋਂ ਕਮਿਊਨਿਸਟ ਲਹਿਰ ਦੋ ਫਾੜ ਹੋ ਗਈ, ਤਾਂ ਉਨ੍ਹਾਂ ਵਰਗੇ ਕਈ ਨੌਜਵਾਨ, ਜਿੰਨ੍ਹਾਂ ਦੀ ਲਹਿਰ ਵਿੱਚ ਪੂਰੀ ਸ਼ਰਧਾ ਸੀ, ਨਿਰਾਸ਼ ਹੋ ਗਏ ਕਿਉਂਕਿ ਭਰਾ ਆਪਸ ਵਿੱਚ ਹੀ ਲੜਨ ਲੱਗ ਪਏ ਸਨ। ਅੰਦਰਲਾ ਜੋਸ਼ ਸ਼ਾਂਤ ਬੈਠਣ ਨਹੀਂ ਸੀ ਦੇ ਰਿਹਾ।

ਇਸੇ ਦੌਰਾਨ, ਜੁਲਾਈ 1963 ਵਿੱਚ, ਉਨ੍ਹਾਂ ਦਾ ਸੰਪਰਕ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫ਼ੈਸਰ ਜਗਮੋਹਨ ਸਿੰਘ ਨਾਲ ਹੋਇਆ (ਜੋ ਉਸ ਸਮੇਂ ਵੜੈਚ ਸਾਹਿਬ ਦੇ ਵਿਦਿਆਰਥੀ ਸਨ, ਪਰ ਬਾਅਦ ਵਿੱਚ ਇਸ ਖੋਜ ਲਹਿਰ ਦੇ ਆਗੂ ਬਣੇ)। 1963 ਵਿੱਚ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਗਦਰ ਪਾਰਟੀ ਦੀ ਗੋਲਡਨ ਜੁਬਲੀ ਮਨਾਈ ਗਈ। ਪ੍ਰੋਫ਼ੈਸਰ ਜਗਮੋਹਨ ਸਿੰਘ ਉੱਥੇ ਗਏ ਅਤੇ ਉੱਥੋਂ ਹੀ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨਾਲ ਵੜੈਚ ਸਾਹਿਬ ਦਾ ਲੰਬਾ ਸੰਪਰਕ (1963 ਤੋਂ 1975 ਤੱਕ) ਸ਼ੁਰੂ ਹੋਇਆ। ਉਹ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਜੀ ਨੂੰ ਮਿਲੇ, ਜੋ ਮਗਰੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵਰਗੇ ਬਣ ਗਏ।

### ਬਾਬਾ ਸੋਹਨ ਸਿੰਘ ਭਕਨਾ ਨਾਲ ਇਤਿਹਾਸਕ ਮੁਲਾਕਾਤ

ਪ੍ਰੋਫ਼ੈਸਰ ਜਗਮੋਹਨ ਸਿੰਘ ਜਦੋਂ ਜਲੰਧਰ ਦੇ ਸਮਾਗਮ ਤੋਂ ਵਾਪਸ ਆਏ, ਤਾਂ ਉਨ੍ਹਾਂ ਨੇ ਵੜੈਚ ਸਾਹਿਬ ਨੂੰ ਗਦਰ ਪਾਰਟੀ ਦੇ ਬਾਬਾ ਸੋਹਨ ਸਿੰਘ ਭਕਨਾ ਦੇ ਭਾਸ਼ਨ ਬਾਰੇ ਦੱਸਿਆ। ਬਾਬਾ ਜੀ ਉਸ ਸਮੇਂ 93 ਸਾਲ ਦੇ ਸਨ। ਬਾਬਾ ਭਕਨਾ ਜੀ ਨੇ ਨੌਜਵਾਨਾਂ ਨੂੰ ਇੱਕ ਬਹੁਤ ਹੀ ਭਾਵੁਕ ਸੁਨੇਹਾ ਦਿੱਤਾ ਸੀ; "ਮੈਂ ਤੁਹਾਡਾ ਇਨਕਲਾਬੀ ਵਿਰਸਾ ਸਾਂਭ ਕੇ ਬੈਠਾ ਹਾਂ ਅਤੇ ਉਡੀਕ ਰਿਹਾ ਹਾਂ ਕਿ ਤੁਸੀਂ ਕਦੋਂ ਮੇਰੇ ਕੋਲੋਂ ਆ ਕੇ ਇਹ ਸੰਭਾਲੋਗੇ। ਜਿੰਨੀ ਦੇਰ ਤੁਸੀਂ ਇਹ ਲੈ ਨਹੀਂ ਜਾਂਦੇ, ਮੈਂ ਮਰਨਾ ਨਹੀਂ।"

ਇਸ ਸੁਨੇਹੇ ਨੇ ਵੜੈਚ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਕੀਤਾ। ਇੱਕ ਦਿਨ ਉਹ ਬਾਬਾ ਭਕਨਾ ਜੀ ਨੂੰ ਮਿਲਣ ਜਗਮੋਹਨ ਸਿੰਘ ਤੇ ਰਾਜਿੰਦਰ ਸਿੰਘ ਚੀਮਾ ਨਾਲ ਉਨ੍ਹਾਂ ਦੇ ਪਿੰਡ 'ਭਕਨਾ' ਚਲੇ ਗਏ। ਉਹ ਦਿਨ ਇਤਿਹਾਸਕ ਸੀ, ਉਸੇ ਦਿਨ 6 ਜੂਨ 1966 ਨੂੰ।

ਦੇਸ਼ ਵਿੱਚ ਭਾਰੀ ਸਿਆਸੀ ਹਲਚਲ ਚੱਲ ਰਹੀ ਸੀ। ਜਦੋਂ ਵੜੈਚ ਸਾਹਿਬ ਉੱਥੇ ਪਹੁੰਚੇ, ਤਾਂ ਬਾਬਾ ਜੀ ਰੇਡੀਓ ਸੁਣ ਕੇ ਸਿਆਸੀ ਸਥਿਤੀ ਦਾ ਵਿਸ਼ਲੇਸ਼ਣ ਕਰ ਰਹੇ ਸਨ।

ਵੜੈਚ ਸਾਹਿਬ ਕਹਿੰਦੇ ਹਨ ਕਿ, ਇਸ ਮਹਾਨ ਸ਼ਖਸੀਅਤ ਦੇ ਅੰਦਰ ਦੀ ਸਾਦਗੀ ਅਤੇ ਨਿਮਰਤਾ ਦੇਖ ਕੇ ਉਹ ਹੈਰਾਨ ਰਹਿ ਗਏ। ਕੁਝ ਦਿਨਾਂ ਬਾਅਦ ਬਾਬਾ ਜੀ ਨੇ ਉਨ੍ਹਾਂ ਨੂੰ ਦੁਬਾਰਾ ਬੁਲਾਇਆ। ਬਾਬਾ ਜੀ ਕੋਲ ਗਦਰ ਲਹਿਰ ਦਾ ਲਿਖਿਆ ਹੋਇਆ ਇਤਿਹਾਸ ਪਿਆ ਸੀ, ਜਿਸ ਨੂੰ ਛਾਪਣ ਲਈ ਉਹ ਕਿਸੇ ਅਜਿਹੇ ਬੰਦੇ ਦੀ ਉਡੀਕ ਕਰ ਰਹੇ ਸਨ ਜੋ ਬਿਨਾਂ ਕਿਸੇ ਪੱਖਪਾਤ ਦੇ ਉਸ ਨੂੰ ਪੇਸ਼ ਕਰ ਸਕੇ। ਬਾਬਾ ਜੀ ਨੇ ਵੜੈਚ ਸਾਹਿਬ ਨੂੰ ਮੰਜੇ ਕੋਲ ਕੁਰਸੀ 'ਤੇ ਬਿਠਾਇਆ, ਅੱਖਾਂ ਵਿੱਚ ਅੱਖਾਂ ਪਾਈਆਂ ਅਤੇ ਕਿਹਾ, "ਇਸ ਵੇਲੇ ਤੁਸੀਂ ਮੇਰੇ ਪ੍ਰੋਫ਼ੈਸਰ ਹੋ ਅਤੇ ਮੈਂ ਤੁਹਾਡਾ ਸ਼ਾਗਿਰਦ ਹਾਂ। ਇਸੇ ਤਰ੍ਹਾਂ ਹੀ ਮੇਰੇ ਨਾਲ ਗੱਲ ਕਰਿਓ।"

ਇਸ ਇੱਕ ਮੁਲਾਕਾਤ ਨੇ ਵੜੈਚ ਸਾਹਿਬ ਨੂੰ ਇੱਕ ਇਨਕਲਾਬੀ ਦੇ ਮਨ ਨੂੰ ਸਮਝਣ

ਦੀ ਅਜਿਹੀ ਅੰਦਰੂਨੀ ਸੋਝੀ ਦਿੱਤੀ, ਜਿਸ ਦੇ ਸਿਰ 'ਤੇ ਉਨ੍ਹਾਂ ਨੇ ਆਪਣਾ ਬਾਕੀ ਦਾ ਸਾਰਾ ਇਤਿਹਾਸਕ ਕਾਰਜ ਪੂਰਾ ਕੀਤਾ। ਵੜੈਚ ਸਾਹਿਬ ਨੇ ਉਰਦੂ ਅੱਖਰਾਂ ਵਿੱਚ ਲਿਖੇ ਦਸਤਾਵੇਜ਼ ਨੂੰ ਪੜ੍ਹਿਆ ਅਤੇ ਇੱਥੋਂ ਹੀ 1966 ਵਿੱਚ ਉਨ੍ਹਾਂ ਦਾ ਪੰਜਾਬੀ ਇਤਿਹਾਸਕਾਰੀ ਵੱਲ ਸਫ਼ਰ ਸ਼ੁਰੂ ਹੋਇਆ।

## 'ਯੁਵਕ ਕੇਂਦਰ' ਦੀ ਸਥਾਪਨਾ ਅਤੇ ਸ਼ਹੀਦ ਭਗਤ ਸਿੰਘ ਦੀਆਂ ਅਸਲ ਲਿਖਤਾਂ

ਆਪਣੇ ਸੁਨਹਿਰੀ ਯੁੱਗ ਨੂੰ ਯਾਦ ਕਰਦਿਆਂ ਵੜੈਚ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਨੇ ਜਗਮੋਹਨ ਸਿੰਘ, ਰਾਜਿੰਦਰ ਸਿੰਘ ਚੀਮਾ, ਮ ਸ ਪਰਮਾਰ ਤੇ ਜਸਵੰਤ ਸਿੰਘ ਗਿੱਲ ਸਮੇਤ ਹੋਰ ਵਿਸ਼ਵਾਸਪਾਤਰਾਂ ਨਾਲ ਮਿਲ ਕੇ 'ਯੁਵਕ ਕੇਂਦਰ' ਜਲੰਧਰ ਦੀ ਸਥਾਪਨਾ ਕੀਤੀ। ਇਸ ਕੇਂਦਰ ਦਾ ਮੁੱਖ ਪ੍ਰੋਜੈਕਟ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਅਸਲ ਲਿਖਤਾਂ ਨੂੰ ਕੇਂਦਰ ਦੇ ਮਾਸਿਕ ਪੱਤਰ "ਕੌਮੀ ਲਹਿਰ" ਵਿੱਚ ਪ੍ਰਚਾਰਨਾ ਅਤੇ ਛਾਪਣਾ ਸੀ।

ਉਹ 10-10, 15-15 ਪੈਸੇ ਦੇ ਕਿਤਾਬਚੇ ਛਾਪਦੇ ਸਨ ਅਤੇ ਖੁਦ ਸਕੂਲਾਂ-ਕਾਲਜਾਂ ਅਤੇ ਮੇਲਿਆਂ ਵਿੱਚ ਜਾ ਕੇ, ਸ਼ਹੀਦਾਂ ਦੀਆਂ ਫ਼ੋਟੋਆਂ ਦੀ ਨੁਮਾਇਸ਼ ਲਗਾ ਕੇ ਲੋਕਾਂ ਨੂੰ ਚੇਤੰਨ ਕਰਦੇ ਸਨ। ਵੜੈਚ ਸਾਹਿਬ ਲੁਧਿਆਣੇ ਤੋਂ ਜਲੰਧਰ ਅਤੇ ਉੱਥੋਂ 100 ਕਿਲੋਮੀਟਰ ਦੂਰ ਅੱਗੇ ਬਾਬਾ ਭਕਨਾ ਜੀ ਦੇ ਪਿੰਡ ਤੱਕ ਦਾ ਸਫ਼ਰ ਸਾਈਕਲ 'ਤੇ ਹੀ ਤੈਅ ਕਰਦੇ ਸਨ। ਸਵੇਰੇ 5:30 ਵਜੇ ਚੱਲ ਕੇ 9:30 ਵਜੇ ਬਾਬਾ ਜੀ ਕੋਲ ਪਹੁੰਚ ਜਾਣਾ ਅਤੇ ਰਾਤ ਉੱਥੇ ਹੀ ਰੁਕਣਾ, ਉਨ੍ਹਾਂ ਦੀ ਤਪੱਸਿਆ ਸੀ।

## ਪਾਕਿਸਤਾਨ ਤੋਂ ਦਸਤਾਵੇਜ਼ ਲਿਆਉਣਾ

ਵੜੈਚ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਨੇ ਉਨ੍ਹਾਂ ਗਦਰੀਆਂ ਦੀਆਂ ਸਵੈ-ਜੀਵਨੀਆਂ ਨੂੰ ਪਬਲਿਸ਼ ਕੀਤਾ, ਜੋ ਹਾਲੇ ਤੀਕ ਅਣਛਪੀਆਂ ਸਨ, ਪਾਕਿਸਤਾਨ ਤੋਂ ਇਤਿਹਾਸਕ ਦਸਤਾਵੇਜ਼ ਮੰਗਵਾਏ।

ਜੋ ਦਸਤਾਵੇਜ਼ ਪਾਕਿਸਤਾਨ ਵਿੱਚ ਪਏ ਸਨ, ਉਹ ਵੀ ਮੰਗਵਾਏ। ਉਨ੍ਹਾਂ ਦਿਨਾਂ ਵਿੱਚ ਫੋਟੋਸਟੈਟ ਮਸ਼ੀਨਾਂ ਨਹੀਂ ਹੁੰਦੀਆਂ ਸਨ। ਵੜੈਚ ਸਾਹਿਬ ਨੇ ਕਾਰਬਨ ਪੇਪਰ ਰੱਖ ਕੇ ਆਪਣੇ ਹੱਥਾਂ ਨਾਲ ਲਿਖ ਕੇ ਉਨ੍ਹਾਂ ਦਸਤਾਵੇਜ਼ਾਂ ਦੀਆਂ ਤਿੰਨ-ਤਿੰਨ ਕਾਪੀਆਂ ਤਿਆਰ ਕੀਤੀਆਂ ਤਾਂ ਜੋ ਇਤਿਹਾਸ ਗੁੰਮ ਨਾ ਹੋ ਜਾਵੇ। ਉਨ੍ਹਾਂ ਨੇ ਗਦਰੀ ਬਾਬਿਆਂ ਨੂੰ ਲੁਧਿਆਣਾ ਦੀ ਪੰਜਾਬ ਖੇਤੀ ਯੂਨੀਵਰਸਿਟੀ ਵਰਗੀਆਂ ਵੱਡੀਆਂ ਸਟੇਜਾਂ 'ਤੇ ਲਿਆ ਕੇ ਨਵੀਂ ਪੀੜ੍ਹੀ ਦੇ ਸਨਮੁਖ ਪੇਸ਼ ਕੀਤਾ।

ਉਨ੍ਹਾਂ ਦੀ ਪਹਿਲੀ ਵੱਡੀ ਕੋਸ਼ਿਸ਼ ਅੰਗਰੇਜ਼ੀ ਲਿਖਤ ਗਦਰ ਪਾਰਟੀ ਦੇ ਪਹਿਲੇ ਅਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਨੂੰ ਸੰਪਾਦਿਤ ਕਰਕੇ ਛਾਪਣਾ ਸੀ। ਵਕਾਲਤ ਦੀ ਪੜ੍ਹਾਈ ਕੀਤੀ ਹੋਣ ਕਾਰਨ ਉਹ ਇਨ੍ਹਾਂ ਕਾਨੂੰਨੀ ਦਸਤਾਵੇਜ਼ਾਂ ਨੂੰ ਬਿਹਤਰ ਤਰੀਕੇ ਨਾਲ ਪੇਸ਼ ਕਰ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿੰਗਾਪੁਰ ਦੀ ਬਗਾਵਤ (Ghadar Mutiny in Singapore) ਬਾਰੇ ਖੋਜ ਕੀਤੀ, ਜਿੱਥੇ 41 ਭਾਰਤੀ ਫ਼ੌਜੀਆਂ ਨੂੰ ਸ਼ਰੇਆਮ ਤੋਪਾਂ ਅੱਗੇ ਉਡਾ ਦਿੱਤਾ ਗਿਆ ਸੀ, ਉਨ੍ਹਾਂ ਦੇ ਨਾਮ ਲੱਭ ਕੇ ਇਤਿਹਾਸ ਦੇ ਪੰਨਿਆਂ 'ਤੇ ਦਰਜ਼ ਕੀਤੇ।

## ਸਰਕਾਰਾਂ ਦਾ ਸਹਿਯੋਗ ਅਤੇ ਸ਼ਹੀਦ ਭਗਤ ਸਿੰਘ ਦੀ ਜੀਵਨੀ

ਸਰਕਾਰਾਂ ਅਤੇ ਸੰਸਥਾਵਾਂ ਦੇ ਸਹਿਯੋਗ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਜੀ ਨੇ ਸਿਖਾਇਆ ਸੀ ਕਿ ਉਮੀਦ ਕਿਸੇ ਤੋਂ ਨਾ ਰੱਖੋ, ਬਸ ਆਪਣਾ ਕੰਮ ਕਰੀ ਜਾਓ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦੇ ਪਬਲੀਕੇਸ਼ਨ ਡਿਵੀਜ਼ਨ ਵੱਲੋਂ ਉਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਦੀ ਬਾਇਓਗ੍ਰਾਫੀ (ਜੀਵਨੀ) ਲਿਖਣ ਦਾ ਮੌਕਾ ਮਿਲਿਆ, ਜਿਸ ਦਾ ਪੰਜਾਬੀ ਅਨੁਵਾਦ ਪ੍ਰਸਿੱਧ ਵਿਦਵਾਨ ਡਾ. ਨਰਿੰਦਰ ਸਿੰਘ ਕਪੂਰ ਨੇ 'ਅਮਰ ਵਿਦਰੋਹੀ' ਨਾਮ ਹੇਠ ਕੀਤਾ। ਇਹ ਕਿਤਾਬ ਹੁਣ ਹਿੰਦੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਮਿਲਦੀ ਹੈ।

ਵੜੈਚ ਸਾਹਿਬ ਦਾ ਕਹਿਣਾ ਹੈ ਕਿ ਭਗਤ ਸਿੰਘ ਕੋਈ ਇਕੱਲਾ 'ਟਾਪੂ' (Island) ਨਹੀਂ ਸੀ। ਉਨ੍ਹਾਂ ਦੇ ਨਾਲ ਸੁਖਦੇਵ, ਰਾਜਗੁਰੂ ਅਤੇ ਚੰਦਰਸ਼ੇਖਰ ਆਜ਼ਾਦ ਵਰਗੇ ਅਨੇਕਾਂ ਸਾਥੀ ਸਨ, ਜਿਨ੍ਹਾਂ ਸਾਰਿਆਂ ਦੇ ਯੋਗਦਾਨ ਨੂੰ ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਬਣਦਾ ਇਨਸਾਫ਼ ਅਤੇ ਥਾਂ ਦਿੱਤੀ ਹੈ।

## ਕੀ ਭਗਤ ਸਿੰਘ ਅੱਤਵਾਦੀ (Terrorist) ਸਨ?

ਇਸ ਸੰਵੇਦਨਸ਼ੀਲ ਸਵਾਲ ਦਾ ਜਵਾਬ ਦਿੰਦਿਆਂ ਵੜੈਚ ਸਾਹਿਬ ਨੇ ਕਿਹਾ ਕਿ ਅੰਗਰੇਜ਼ਾਂ ਨੇ ਆਪਣੇ ਫ਼ਾਇਦੇ ਲਈ 'ਟੈਰਰਿਸਟ' ਸ਼ਬਦ ਵਰਤਿਆ ਸੀ, ਪਰ ਜਦੋਂ ਦਿੱਲੀ ਅਸੈਂਬਲੀ ਬੰਬ ਕਾਂਡ ਦੀ ਅਪੀਲ ਹਾਈ ਕੋਰਟ ਵਿੱਚ ਗਈ, ਤਾਂ ਅੰਗਰੇਜ਼ ਜੱਜ ਨੇ ਵੀ ਲਿਖਿਆ ਸੀ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਗਤ ਸਿੰਘ ਵਰਗੇ ਲੋਕ ਇਨਕਲਾਬੀ (Revolutionaries) ਹਨ।" ਉਨ੍ਹਾਂ ਨੇ ਅਦਾਲਤ ਵਿੱਚ ਸਪਸ਼ਟ ਕੀਤਾ ਸੀ ਕਿ ਉਨ੍ਹਾਂ ਦਾ ਮਕਸਦ ਕਿਸੇ ਨੂੰ ਮਾਰਨਾ ਨਹੀਂ, ਬਲਕਿ ਬੋਲ਼ੀ ਸਰਕਾਰ ਦੇ ਕੰਨ ਖੋਲ੍ਹਣਾ ਅਤੇ ਇਨਕਲਾਬ ਦੇ ਮਤੇ ਦੀ ਪੂਰਤੀ ਕਰਨਾ ਸੀ।

ਉਨ੍ਹਾਂ ਨੇ ਇਹ ਭਰਮ ਵੀ ਤੋੜਿਆ ਕਿ ਭਗਤ ਸਿੰਘ ਨੇ ਸਿਰਫ਼ ਜੇਲ੍ਹ ਜਾ ਕੇ ਹੀ ਮਾਰਕਸਵਾਦ ਦੀਆਂ ਕਿਤਾਬਾਂ ਨਹੀਂ ਪੜ੍ਹੀਆਂ ਸਨ। ਪੁਲਿਸ ਛਾਪੇ ਦੌਰਾਨ ਜੋ ਲਾਇਬ੍ਰੇਰੀ ਫੜੀ ਗਈ ਸੀ, ਉਸ ਵਿੱਚੋਂ 150 ਅਜਿਹੀਆਂ ਕਿਤਾਬਾਂ ਬਰਾਮਦ ਹੋਈਆਂ ਸਨ, ਜੋ ਸਾਬਿਤ ਕਰਦੀਆਂ ਹਨ ਕਿ ਉਹ ਜੇਲ੍ਹ ਜਾਣ ਤੋਂ ਪਹਿਲਾਂ ਹੀ ਬਹੁਤ ਵੱਡੇ ਪਾਠਕ ਅਤੇ ਵਿਚਾਰਧਾਰਕ ਤੌਰ 'ਤੇ ਪ੍ਰਪੱਕ ਵਿਅਕਤੀ ਸਨ।

## ਸਿਆਸਤ ਅਤੇ ਭਗਤ ਸਿੰਘ ਦੀ ਵਿਚਾਰਧਾਰਾ

ਅੱਜ ਦੇ ਦੌਰ ਵਿੱਚ ਭਗਤ ਸਿੰਘ ਦੇ ਨਾਂ 'ਤੇ ਹੋ ਰਹੀ ਸਿਆਸਤ ਅਤੇ ਉਨ੍ਹਾਂ ਦਾ ਨਾਂ ਵਰਤੇ ਜਾਣ 'ਤੇ ਵੜੈਚ ਸਾਹਿਬ ਨੇ ਕਿਹਾ, "ਇਸ ਚੀਜ਼ ਨੂੰ ਨਾ ਮੈਂ ਰੋਕ ਸਕਦਾ ਹਾਂ, ਨਾ ਤੁਸੀਂ। ਪਰ ਸਾਡਾ ਫ਼ਰਜ਼ ਹੈ ਕਿ ਅਸੀਂ ਉਨ੍ਹਾਂ ਦੀ 'ਆਤਮਾ' (ਵਿਚਾਰਧਾਰਾ) ਨੂੰ ਸੰਭਾਲੀਏ। ਭਗਤ ਸਿੰਘ ਨੇ ਭਗਵਾਨ ਦਾਸ ਨੂੰ ਚਿੱਠੀ ਵਿੱਚ ਲਿਖਿਆ ਸੀ ਕਿ 'ਆਜ਼ਾਦੀ ਦੀ ਲੜਾਈ ਨਾ ਸਾਡੇ ਨਾਲ ਸ਼ੁਰੂ ਹੋਈ ਹੈ, ਨਾ ਸਾਡੇ 'ਤੇ ਖ਼ਤਮ ਹੋਵੇਗੀ।' ਉਹ ਭਾਰਤੀ ਪਰੰਪਰਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦੀ ਪਰੰਪਰਾ ਦੇ ਵਾਰਸ ਸਨ।"

ਜਦੋਂ ਉਨ੍ਹਾਂ ਨੂੰ ਭਗਤ ਸਿੰਘ 'ਤੇ ਬਣੀਆਂ ਫਿਲਮਾਂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਫਿਲਮਾਂ ਨੇ ਭਗਤ ਸਿੰਘ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਇਆ ਹੈ। ਉਨ੍ਹਾਂ ਨੂੰ ਖੁਦ 'ਰੰਗ ਦੇ ਬਸੰਤੀ' ਫਿਲਮ ਸਭ ਤੋਂ ਵੱਧ ਪਸੰਦ ਹੈ ਕਿਉਂਕਿ ਉਹ ਵਿਚਾਰਧਾਰਾ ਨੂੰ ਅੱਜ ਦੇ ਸਮੇਂ ਨਾਲ ਜੋੜਦੀ ਹੈ।

**ਸ਼ਹੀਦਾਂ ਦੇ ਹੱਕਾਂ ਲਈ ਕਾਨੂੰਨੀ ਲੜਾਈ**

ਇੱਕ ਵਕੀਲ ਹੋਣ ਦੇ ਨਾਤੇ ਵੜੈਚ ਸਾਹਿਬ ਨੇ ਅਦਾਲਤਾਂ ਵਿੱਚ ਸ਼ਹੀਦਾਂ ਦੇ ਮਾਣ-ਸਨਮਾਨ ਅਤੇ ਉਨ੍ਹਾਂ ਦੇ ਵਾਰਸਾਂ ਲਈ ਵੱਡੀਆਂ ਕਾਨੂੰਨੀ ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਕੂਕਾ ਲਹਿਰ, ਕਾਮਾਗਾਟਾਮਾਰੂ ਯਾਦਗਾਰ ਅਤੇ ਦੇਸ਼ ਭਗਤਾਂ ਲਈ ਚਾਰ ਜਨਹਿਤ ਪਟੀਸ਼ਨਾਂ ਪਾਈਆਂ।

ਉਨ੍ਹਾਂ ਦੀ ਮੁੱਖ ਲੜਾਈ ਸਰਕਾਰ ਦੀ ਉਸ ਸਕੀਮ ਖਿਲਾਫ਼ ਹੈ, ਜਿਸ ਤਹਿਤ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲਣ ਵਾਲੀ ਮਦਦ ਸਿਰਫ਼ ਅਣਵਿਆਹੀਆਂ ਧੀਆਂ ਤੱਕ ਹੀ ਸੀਮਿਤ ਸੀ। ਵੜੈਚ ਸਾਹਿਬ ਨੇ ਤਰਕ ਦਿੱਤਾ ਕਿ 1980 ਵਿੱਚ ਜਦੋਂ ਇਹ ਸਕੀਮ ਆਈ, ਉਦੋਂ ਭਗਤ ਸਿੰਘ, ਸੁਖਦੇਵ ਜਾਂ ਰਾਜਗੁਰੂ ਦੇ ਪਰਿਵਾਰਾਂ ਨੂੰ ਕੋਈ ਫ਼ਾਇਦਾ ਨਹੀਂ ਮਿਲਿਆ, ਇਸ ਲਈ ਇਸ ਕਾਨੂੰਨ ਵਿੱਚ ਸੋਧ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਉਨ੍ਹਾਂ ਨੇ ਆਈ.ਐਨ.ਏ. (INA) ਦੇ ਦੋ ਅਫ਼ਸਰਾਂ ਦਾ ਕੇਸ ਲੜਿਆ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਟਾਰਚਰ ਕਰਕੇ ਮਾਰ ਦਿੱਤਾ ਸੀ ਪਰ ਕਹਾਣੀ ਬਣਾਈ ਸੀ ਕਿ ਉਨ੍ਹਾਂ ਨੇ ਖੁਦਕਸ਼ੀ ਕੀਤੀ ਹੈ। ਵੜੈਚ ਸਾਹਿਬ ਨੇ 67 ਸਾਲ ਪੁਰਾਣੇ ਰਿਕਾਰਡ ਲੱਭ ਕੇ ਅਦਾਲਤ ਵਿੱਚ ਜਸਟਿਸ ਰ ਸ ਰੰਧਾਵਾ ਸਾਹਮਣੇ ਸਾਬਿਤ ਕੀਤਾ ਕਿ ਇਹ 'ਕਸਟੋਡੀਅਲ ਡੈੱਥ' ਸੀ ਅਤੇ ਪਰਿਵਾਰ ਨੂੰ ਮੁਆਵਜ਼ਾ ਦਿਵਾਇਆ। ਇਸ ਫ਼ੈਸਲੇ ਨੇ ਅੰਗਰੇਜ਼ਾਂ ਦੇ 'ਕਾਨੂੰਨ ਪਸੰਦ' ਹੋਣ ਦੇ ਸਾਫ਼-ਸੁਥਰੇ ਅਕਸ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ।

ਮਲਵਿੰਦਰ ਜੀਤ ਸਿੰਘ ਵੜੈਚ ਅੱਜ ਵੀ ਨਿਰੰਤਰ ਇਤਿਹਾਸ ਦੀ ਸੇਵਾ ਵਿੱਚ ਜੁਟੇ ਹੋਏ ਹਨ। ਉਨ੍ਹਾਂ ਦਾ ਇਹ ਸਫ਼ਰ ਨਵੀਂ ਪੀੜ੍ਹੀ ਲਈ ਪ੍ਰੇਰਣਾ ਦਾ ਇੱਕ ਅਜਿਹਾ ਸਰੋਤ ਹੈ ਜੋ ਸਿਖਾਉਂਦਾ ਹੈ ਕਿ ਇਤਿਹਾਸ ਸਿਰਫ਼ ਕਿਤਾਬਾਂ ਪੜ੍ਹਨ ਨਾਲ ਨਹੀਂ, ਬਲਕਿ ਲਗਨ, ਸਾਈਕਲ ਦੇ ਪੈਡਲਾਂ ਅਤੇ ਅਦਾਲਤੀ ਫ਼ਾਈਲਾਂ ਦੀ ਖ਼ਾਕ ਛਾਣ ਕੇ ਬਣਦਾ ਹੈ। ਦੇਸ਼ ਭਗਤਾਂ ਦੇ ਇਸ ਮੁਨਸ਼ੀ ਦੀ ਕਮਾਈ ਸਦੀਆਂ ਤੱਕ ਪੰਜਾਬੀਆਂ ਦੇ ਦਿਲਾਂ ਵਿੱਚ ਜ਼ਿੰਦਾ ਰਹੇਗੀ।

*ਨੋਟ: ਇਹ ਮੁਲਾਕਾਤ ਪੰਦਰਾਂ ਸਾਲ ਪਹਿਲਾਂ "ਤਿਰਛੀ ਨਜ਼ਰ" ਲੜੀ ਅਧੀਨ ਪੀ.ਟੀ.ਸੀ. ਟੀਵੀ ਚੈਨਲ ਲਈ ਤਿੰਨ ਕਿਸ਼ਤਾਂ ਵਿੱਚ ਕੀਤੀ ਗਈ ਸੀ।*

●

# ਯਾਦਾਂ: ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਜੀ ਦੀਆਂ

***ਯਸ਼ਪਾਲ***

*ਸੰਪਾਦਕ "ਵਰਗ ਚੇਤਨਾ"*

ਪ੍ਰੋਫ਼ੈਸਰ ਸਾਹਿਬ ਜਿੱਥੇ ਦੇਸ਼ਭਗਤ ਲਹਿਰਾਂ ਦੇ ਜ਼ਹੀਨ ਇਤਿਹਾਸਕਾਰ, ਸਿੱਖਿਆ ਸ਼ਾਸਤਰੀ ਸਨ ਉੱਥੇ ਉਹ ਨਿੱਜੀ ਤੌਰ 'ਤੇ ਹਲੀਮੀ ਭਰੇ ਨਿੱਘੇ ਸੁਭਾਅ ਵਾਲੇ ਸਨ। ਨਿੱਜੀ ਤੌਰ 'ਤੇ ਵੀ ਮੈਨੂੰ ਉਨ੍ਹਾਂ ਨਾਲ ਬਹੁਤ ਵਾਰੀ ਮਿਲਣ ਦਾ ਮੌਕਾ ਮਿਲਿਆ ਸੀ। ਬੀਤੇ ਕਈ ਸਾਲਾਂ ਦੀ ਗੱਲ ਹੈ, ਜਦ ਵੀ ਅਖ਼ਬਾਰ ਵਿੱਚ ਮੇਰਾ ਕੋਈ ਲੇਖ ਛਪਦਾ ਉਹ ਪੜ੍ਹ ਕੇ ਮੇਰੇ ਨਾਲ ਫ਼ੋਨ 'ਤੇ ਵਿਚਾਰ-ਚਰਚਾ ਕਰਦੇ ਤੇ ਸੁਝਾਅ ਵੀ ਦਿੰਦੇ। ਫਿਰ ਇੱਕ ਦਿਨ ਉਨ੍ਹਾਂ ਨੇ ਮੈਨੂੰ ਆਪਣੀ ਰਿਹਾਇਸ਼ਗਾਹ 'ਤੇ ਬੁਲਾਇਆ ਤਾਂ ਮੈਂ ਗਿਆ। ਉਨ੍ਹਾਂ ਨੇ ਜਿੱਥੇ ਆਪਣੇ ਵੱਲੋਂ ਕੀਤੇ ਜਾ ਰਹੇ ਕਾਰਜ ਬਾਰੇ ਵਿਸਥਾਰਤ ਚਰਚਾ ਕੀਤੀ ਉੱਥੇ ਉਨ੍ਹਾਂ ਵੱਲੋਂ ਉਸ ਸਮੇਂ ਦੌਰਾਨ ਅੰਗ੍ਰੇਜ਼ੀ 'ਚ ਲਿਖੀਆਂ ਵੱਡ ਆਕਾਰੀ ਚਾਰ ਕਿਤਾਬਾਂ ਵੀ ਮੈਨੂੰ ਦਿੱਤੀਆਂ ਜੋ ਮੇਰੇ ਕੋਲ ਸਾਂਭ ਕੇ ਰੱਖੀਆਂ ਹੋਈਆਂ ਹਨ।

●

# ਮੇਰੇ ਹਿੱਸੇ ਦਾ ਸੂਰਜ: ਪ੍ਰੋ਼ਫੈਸਰ ਵੜੈਚ

*ਸੁਰਿੰਦਰ ਧੰਜਲ (ਡਾ:)*
(Professor Emeritus,
Dept. of Computing Science,
Thompson Rivers University, Kamloops, Canada)

ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ (21 ਨਵੰਬਰ 1929–9ਮਈ 2026) ਵਰਗੇ ਇਨਸਾਨ ਸੂਰਜ ਦੀ ਨਸਲ 'ਚੋਂ ਹੁੰਦੇ ਹਨ, ਜੋ ਹਰ ਇੱਕ ਨੂੰ ਬੇਵਿਤਕਰਾ ਚਾਨਣ ਅਤੇ ਨਿੱਘ ਵੰਡਦੇ ਰਹਿੰਦੇ ਹਨ। ਇਸ ਚਾਨਣ ਅਤੇ ਨਿੱਘ ਦੀਆਂ ਥੋੜ੍ਹੀਆਂ ਜਿਹੀਆਂ ਮੁੱਠਾਂ ਮੇਰੇ ਹਿੱਸੇ ਵੀ ਆਈਆਂ, ਜਦੋਂ 1967 ਤੋਂ 1971 ਦਰਮਿਆਨ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਆਪਣੀ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿੱਗਰੀ ਪੂਰੀ ਕਰ ਰਿਹਾ ਸੀ।

ਪ੍ਰੋਫ਼ੈਸਰ ਸਾਹਿਬ ਦੀ ਪ੍ਰੇਰਨਾ ਸਦਕਾ, ਭਾਰਤ ਅਤੇ ਕੈਨੇਡਾ ਵਿੱਚ 'ਥੱਬਾ' ਕੁ ਡਿਗਰੀਆਂ ਪੂਰੀਆਂ ਕਰਦੇ ਸਮੇਂ, ਮੈਨੂੰ ਅਨੇਕਾਂ ਵਿੱਦਿਅਕ ਅਦਾਰਿਆਂ ਦੇ ਅਨੇਕਾਂ ਅਧਿਆਪਕਾਂ ਨਾਲ ਵਿਚਰਨ; ਪੜ੍ਹਨ, ਪੜ੍ਹਾਉਣ ਅਤੇ ਰਿਸਰਚ ਕਰਨ ਦਾ ਮੌਕਾ ਮਿਲਿਆ, ਪਰੰਤੂ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਅਤੇ ਪ੍ਰੋਫ਼ੈਸਰ ਜਗਮੋਹਨ ਸਿੰਘ ਅੱਜ ਵੀ ਮੇਰੇ ਸਰਵੋਤਮ ਉਸਤਾਦਾਂ ਦੀ ਸੂਚੀ ਦੀ ਪਹਿਲੀ ਕਤਾਰ ਵਿੱਚ ਸ਼ਾਮਲ ਹਨ।

ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਲੰਮੇ ਅਧਿਆਪਨ ਜੀਵਨ ਦੌਰਾਨ, ਪ੍ਰੋਫ਼ੈਸਰ ਸਾਹਿਬ ਤੋਂ ਗ੍ਰਹਿਣ ਕੀਤੇ ਕਈ ਸੁਨਹਿਰੀ ਅਸੂਲ ਮੇਰੇ ਪੱਥ-ਪ੍ਰਦਰਸ਼ਕ ਰਹੇ ਹਨ।

'ਯੁਵਕ ਕੇਂਦਰ' ਦੇ ਆਗੂ ਵਜੋਂ ਸਾਨੂੰ ਦੇਸ਼-ਭਗਤਾਂ ਪ੍ਰਦਰਸ਼ਨੀਆਂ ਦੇ ਰਾਹ ਤੋਰਨਾ; ਸ਼ਹੀਦਾਂ ਦੇ ਪਰਵਾਰਾਂ ਅਤੇ ਗ਼ਦਰੀ ਬਾਬਿਆਂ ਨੂੰ ਮਿਲਣਾ; ਪਿੰਡ ਪਿੰਡ ਜਾ ਕੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਨਾ; ਅਕਾਦਮਿਕ ਪੁਸਤਕਾਂ ਦੇ ਨਾਲ ਨਾਲ ਬਹੁਪੱਖੀ ਸਾਹਿਤ ਪੜ੍ਹਨਾ; ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਰਾਬਰ ਦਾ ਮਹੱਤਵ ਦੇਣਾ-ਪ੍ਰੋਫ਼ੈਸਰ ਸਾਹਿਬ ਤੋਂ ਗ੍ਰਹਿਣ ਕੀਤੇ ਅਮਿੱਟ ਅਤੇ ਵਿਆਪਕ ਪ੍ਰਭਾਵਾਂ ਦੀ ਅਮੁੱਕ ਸੂਚੀ ਦੀਆਂ ਇਹ ਥੋੜ੍ਹੀਆਂ ਜਿਹੀਆਂ ਵੰਨਗੀਆਂ ਹਨ।

ਦਿਲ ਤਾਂ ਕਰਦਾ ਹੈ ਕਿ ਸਾਡੇ ਕਾਲਜ ਮੈਗਜ਼ੀਨ 'ਜੈਨਕੋ' ਦੇ ਵਿਦਿਆਰਥੀ ਸੰਪਾਦਕ ਵਜੋਂ; ਮੇਰੇ ਪਿੰਡ ਚੱਕ ਭਾਈਕਾ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਪਿੰਡ ਆਸੀ ਕਲਾਂ ਪ੍ਰੋਫ਼ੈਸਰ ਵੜੈਚ ਨਾਲ ਸਾਂਝੀਆਂ ਫੇਰੀਆਂ; ਪ੍ਰੋਫ਼ੈਸਰ ਸਾਹਿਬ ਦੇ ਨਿਵਾਸ-ਸਥਾਨਾਂ (ਲੁਧਿਆਣਾ ਅਤੇ ਚੰਡੀਗੜ੍ਹ) ਦੀਆਂ ਯਾਦਾਂ; ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਅਤੇ ਕੈਨੇਡਾ ਵਿੱਚ ਪ੍ਰੋਫ਼ੈਸਰ ਸਾਹਿਬ ਨਾਲ ਹੋਈਆਂ ਮਿਲਣੀਆਂ ਦੀਆਂ ਆਪਣੀਆਂ ਅਭੁੱਲ ਯਾਦਾਂ ਦੀ ਖ਼ੁਸ਼ਬੋ ਵੀ ਤੁਹਾਡੇ ਨਾਲ ਸਾਂਝੀ ਕਰਾਂ, ਪਰ ਸਮੇਂ ਅਤੇ ਸਪੇਸ ਦੀ ਸੀਮਾ ਹੈ।

ਉਂਞ ਵੀ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਵਰਗੀ 'ਸੂਰਜੀ' ਸ਼ਖ਼ਸੀਅਤ ਦੀ ਸੰਪੂਰਨ ਗਾਥਾ ਦੀ ਥਾਹ ਪਾ ਸਕਣਾ ਸਾਡੇ ਵਰਗੇ 'ਦੀਵਿਆਂ' ਦੇ ਵੱਸ ਦਾ ਰੋਗ ਨਹੀਂ ਹੁੰਦਾ।

●

# ਸਾਡੇ ਗੁਰੂਵਰ - ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ

*ਦਰਸ਼ਨ ਨੱਤ (ਪ੍ਰਿੰਸੀਪਲ)*
*ਅੰਬਾਲਾ*

ਮੈਂ 1962-65 ਦੇ ਬੈਚ ਵਿੱਚ ਪ੍ਰੋ: ਵੜੈਚ ਦਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਵਿਦਿਆਰਥੀ ਰਿਹਾ ਹਾਂ, ਲੁਧਿਆਣੇ। ਉਹ ਸਾਨੂੰ Humanities ਪੜ੍ਹਾਉਂਦੇ ਸਨ। ਸ਼ਾਮ ਨੂੰ ਉਨ੍ਹਾਂ ਨੇ ਸਾਨੂੰ ਕਾਲਜ ਦੇ ਇੱਕ ਕਮਰੇ 'ਚ ਬੁਲਾ ਲੈਣਾ। ਇੱਕ ਇੱਕ ਨੂੰ ਸਟੇਜ 'ਤੇ ਚਾੜ੍ਹਨਾ ਤੇ ਬੋਲਣ ਦੇ ਗੁਰ ਸਿਖਾਉਂਣੇ। ਅਕਸਰ ਉਨ੍ਹਾਂ ਦੇ ਘਰ ਵੀ ਚਲੇ ਜਾਈਦਾ ਸੀ। Health ਤੇ Hygiene ਬਾਰੇ ਬਹੁਤ ਕੁਝ ਸਿੱਖਿਆ ਉਹਨਾਂ ਤੋਂ।

ਪੜ੍ਹਾਈ ਤੋਂ ਬਾਦ ਮੈਂ Nilokheri Polytechnic ਵਿੱਚ ਲੈਕਚਰਾਰ ਲੱਗਿਆ ਤਾਂ ਕਰਨਾਲ ਉਨ੍ਹਾਂ ਦੇ ਭਾਣਜੇ ਰਾਜਿੰਦਰ ਸਿੰਘ ਚੀਮਾ ਤੇ ਪਰਿਵਾਰ ਨਾਲ ਮਿਲਾਪ ਹੋਇਆ। ਕਰਨਾਲ ਲਾਗੇ ਉਹਨਾਂ ਦੇ ਪਿੰਡ ਰਾਵਰ ਵੀ ਜਾਣਾ ਹੋਇਆ।

ਨੀਲੋਖੇੜੀ ਤੋਂ ਆ ਕੇ ਇੱਕ ਵਾਰ ਪ੍ਰੋ: ਸਾਹਿਬ ਨੂੰ ਮੈਂ ਮਿਲਣ ਗਿਆ ਤਾਂ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੂੰ ਮਿਲਣ ਜਾਣ ਦੀ ਤਿਆਰੀ ਹੋ ਰਹੀ ਸੀ। ਪ੍ਰੋ: ਸਾਹਿਬ ਦੀ ਅਗਵਾਈ 'ਚ ਸਾਡਾ ਜਥਾ, ਜਿਸ ਵਿੱਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ, ਰਾਜਿੰਦਰ ਸਿੰਘ ਚੀਮਾ ਤੇ ਹੋਰ ਦੋਸਤ ਸ਼ਾਮਲ ਸਨ, ਭਕਨੇ ਬਾਬਾ ਜੀ ਦੇ ਚਰਨਾਂ 'ਚ ਜਾ ਹਾਜ਼ਰ ਹੋਏ। ਬਾਬਾ ਜੀ ਦੁਆਰਾ ਚਲਾਏ ਜਾ ਰਹੇ ਲੜਕੀਆਂ ਦੇ ਸਕਲ 'ਚ ਹੋਏ ਫੰਕਸ਼ਨ ਵਿੱਚ ਵੀ ਹਾਜ਼ਰੀ ਲਗਵਾਈ।

ਰਿਟਾਇਰ ਹੋਣ ਤੋਂ ਬਾਅਦ ਪ੍ਰੋ: ਸਾਹਿਬ ਚੰਡੀਗੜ੍ਹ ਰਹਿਣ ਲੱਗੇ। ਮੈਂ ਇਸ ਵੇਲੇ ਤੱਕ transfer ਹੋ ਕੇ ਅੰਬਾਲਾ ਆ ਗਿਆ ਸਾਂ। Law ਦੀ ਪੜ੍ਹਾਈ ਕਰਨ ਪ੍ਰੋ. ਸਾਹਿਬ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਜਾਂਦੇ ਹੋਏ ਮੈਨੂੰ ਤੇ ਪਰਿਵਾਰ ਨੂੰ ਮਿਲਕੇ ਤੇ ਅਸ਼ੀਰਵਾਦ ਦੇ ਕੇ ਹੀ ਅੱਗੇ ਜਾਂਦੇ ਸਨ।

ਸ਼ਹੀਦ ਭਗਤ ਸਿੰਘ ਬਾਰੇ ਕੋਈ ਫੰਕਸ਼ਨ ਹੁੰਦਾ ਤਾਂ ਮੈਨੂੰ ਬੋਲਣ ਲਈ ਜ਼ਰੂਰ ਬੁਲਾਉਂਦੇ। ਇੱਕ ਵਾਰ ਚੰਡੀਗੜ੍ਹ ਹੋਏ 23 ਮਾਰਚ ਦੇ ਸ਼ਹੀਦਾਂ ਬਾਰੇ ਪ੍ਰੋਗਰਾਮ ਵਿੱਚ ਮੈਨੂੰ ਤੇ ਅਗਾਂਹਵਧੂ ਨੇਤਾ ਸੁਖਦਰਸ਼ਨ ਨੱਤ ਸਮੇਤ ਹੋਰਾਂ ਨੂੰ ਬੁਲਾ ਕੇ ਮਾਣ ਦੇਣਾ ਮੈਨੂੰ ਸਦਾ ਯਾਦ ਰਹੇਗਾ।

ਗ਼ਦਰ ਪਾਰਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਹੋਰ ਦੇਸ਼ ਭਗਤਾਂ ਬਾਰੇ ਪ੍ਰੋ: ਸਾਹਿਬ ਨੇ ਅਣਥੱਕ ਖੋਜ ਕੀਤੀ। ਉਨ੍ਹਾਂ ਦੀ ਇਸ ਦੇਣ ਨੂੰ ਅਸੀਂ ਕਦੇ ਵੀ ਨਹੀਂ ਭੁਲਾ ਸਕਦੇ।

ਅਲਵਿਦਾ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਜੀ। ●

# ਹੱਕ, ਸੱਚ ਤੇ ਇਨਸਾਫ਼ ਦੇ ਪਹਿਰੇਦਾਰ:
# ਪ੍ਰੋ.ਫੈਸਰ ਮਲਵਿੰਦਰ ਜੀਤ ਸਿੰਘ ਵੜੈਚ

***ਉਜਾਗਰ ਸਿੰਘ ਕੰਵਲ***
*ਟੋਰੰਟੋ (ਕੈਨੇਡਾ)*

ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿੱਚ ਪੜ੍ਹਾਏ ਜਾਣ ਵਾਲੇ ਤਕਨੀਕੀ ਵਿਸ਼ਿਆਂ ਵਿੱਚ ਇੱਕ ਨਵੇਕਲਾ ਵਿਸ਼ਾ ਸੀ, "ਹਿਉਮੈਨੇਟੀਜ਼" ਸਿਲੇਬਸ ਵਿੱਚ ਵੇਖਿਆ ਤਾਂ ਇਹ ਵਾਧੂ ਜਿਹਾ ਲੱਗਦਾ ਸੀ ਪ੍ਰੰਤੂ ਜਦ ਇਸ ਵਿਸ਼ੇ ਦੇ ਅਧਿਆਪਕ ਪ੍ਰੋ.ਫੈਸਰ ਮਲਵਿੰਦਰ ਜੀਤ ਸਿੰਘ ਵੜੈਚ ਨੇ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਉਹਨਾਂ ਦੇ ਜਾਦੂਮਈ ਅਸਰ ਹੇਠ ਇਹ ਅਹਿਸਾਸ ਹੋਇਆ ਕਿ ਇਹ ਤਕਨੀਕੀ ਵਿਸ਼ੇ ਤਾਂ ਕਿਸੇ ਕਰਮ ਖੇਤਰ ਤੱਕ ਉਸ ਚੋਣ ਦੀ ਕਾਬਲੀਅਤ ਦਾ ਆਧਾਰ ਹੀ ਹੁੰਦੇ ਹਨ ਪਰੰਤੂ ਉਸ ਕਰਮ ਖੇਤਰ ਵਿੱਚ ਇਨਸਾਨੀਅਤ ਦਾ ਜਾਮਾ ਪਹਿਨ ਕੇ ਵਿਚਰਨ ਦੀ ਸੇਧ ਤਾਂ ਇਸੇ ਵਿਸ਼ੇ ਵਿੱਚੋਂ ਮਿਲਦੀ ਹੈ।

ਮੇਰੇ ਸੀਮਤ ਅਨੁਭਵ ਅਨੁਸਾਰ ਪ੍ਰੋ.ਫੈਸਰ ਸਾਹਿਬ ਦੀ ਇਹ ਦੇਣ ਪਤਾ ਨਹੀਂ ਕਿੰਨੇ ਵਿਦਿਆਰਥੀਆਂ ਦਾ ਜੀਵਨ ਭਰ ਮਾਰਗ ਦਰਸ਼ਨ ਕਰਦੀ ਰਹੀ ਹੈ।

ਉਨਾਂ ਦਾ ਸਾਰਾ ਜੀਵਨ ਸੁਤੰਤਰਤਾ ਸੰਗਰਾਮੀਆਂ ਦੇ ਜੀਵਨ ਦੀ ਖੋਜ, ਉਹਨਾਂ ਤੋਂ ਮਿਲੀ ਸੇਧ ਤੇ ਉਨਾਂ ਦਾ ਸਾਡੇ ਪ੍ਰਤੀ ਰਿਣ ਅਤੇ ਇਸੇ ਨੂੰ ਉਤਾਰਨ ਦੀ ਸਾਡੀ ਜਿੰਮੇਵਾਰੀ ਦੇ ਅਹਿਸਾਸ ਨਾਲ ਜੁੜਿਆ ਹੋਇਆ ਸੀ।

ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਅਖੀਰਲੇ ਸਾਲ ਮੈਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕਵਿਤਾ ਪੇਸ਼ਕਾਰੀ ਅਤੇ ਭਾਸ਼ਨ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ। ਮੈਂ ਇਨਾਮ ਲਿਆ ਕੇ ਉਨ੍ਹਾਂ ਦੇ ਅਸ਼ੀਰਵਾਦ ਤੇ ਸਤਿਕਾਰ ਵਜੋਂ ਉਹਨਾਂ ਦੇ ਪੈਰਾਂ ਵਿੱਚ ਰੱਖ ਦਿੱਤਾ।

ਕਵਿਤਾ ਕਿਹੜੀ ਬੋਲੀ ਸੀ ਉਨਾਂ ਮੈਨੂੰ ਪੁੱਛਿਆ।
ਮੈਂ ਕਿਹਾ ਕਿ ਜਿਸ ਵਿੱਚ ਇਹ ਸਤਰਾਂ ਆਉਂਦੀਆਂ ਹਨ

ਕਤਲ ਗਾਹਾਂ ਦੀ ਕਹਾਣੀ ਤਾਂ ਦੁਹਰਾਈ ਜਾਏਗੀ
ਪਰ ਫਰਕ ਹੈ ਕਿ ਕਾਤਲਾਂ ਨੂੰ ਕਤਲ ਕੀਤਾ ਜਾਵੇਗਾ।

ਮੈਂ ਆਖ ਦਿੱਤਾ।
ਉਹ ਤੁਰੰਤ ਬੋਲੇ, ਬੈਠ! ਤੈਨੂੰ ਇਸਦਾ ਮਤਲਬ ਸਮਝਾਵਾਂ।
ਕਹਿ ਕੇ ਉਨ੍ਹਾਂ ਮੈਨੂੰ ਬਿਠਾ ਲਿਆ।

ਜਿੰਨਾ ਨੂੰ ਕਤਲ ਕਰਨਾ ਉਹ ਵੀ ਤੇ ਜਿੰਨ੍ਹਾ ਨੇ ਕਤਲ ਕਰਨਾ ਉਹ ਵੀ ਸਾਡੇ ਅੰਦਰ ਹੀ ਹੁੰਦੇ ਨੇ।

ਮੈਨੂੰ ਗੱਲ ਸਮਝ ਨਾ ਆਈ ਕਿਉਂਕਿ ਮੇਰੇ ਅੰਦਰ ਕਵਿਤਾ ਲਿਖਦੇ ਸਮੇਂ ਅੰਮ੍ਰਿਤਾ ਪ੍ਰੀਤਮ ਦੀਆਂ ਸਤਰਾਂ

ਅੱਜ ਆਖਾਂ ਵਾਰਸ ਸ਼ਾਹ ਨੂੰ
ਕਿਤੇਂ ਕਬਰਾਂ ਵਿੱਚੋਂ ਬੋਲ।

ਦੇ ਬੋਲ ਸਨ।

ਪ੍ਰੋਫੈਸਰ ਸਾਹਿਬ ਕਹਿਣ ਲੱਗੇ।

ਸਾਡੇ ਅੰਦਰ ਇੱਕ ਸੰਘਰਸ਼ ਚੱਲਦਾ ਰਹਿੰਦਾ ਹੈ ਕਿ ਕਿਤੇ ਨਿਰਦੋਸ਼ ਨਾਲ ਬੇਇਨਸਾਫੀ ਡਾ ਨਹੀਂ ਹੋ ਰਹੀ।

ਮੇਰੀਆਂ ਅੱਖਾਂ ਅੱਗੋਂ ਗੂੜ੍ਹੇ ਹਨੇਰੇ ਦਾ ਪਰਦਾ ਖਿਸਕ ਰਿਹਾ ਸੀ ਉਨਾਂ ਗੱਲ ਜਾਰੀ ਰੱਖੀ, "ਜ਼ਿੰਦਗੀ ਭਰ ਕਦਮ ਕਦਮ ਉੱਤੇ ਕੁਝ ਅਜਿਹੇ ਕਰੜੇ ਇਮਤਿਹਾਨ ਪੈਂਦੇ ਰਹਿਣਗੇ।

ਇਹਨਾਂ ਵਿੱਚੋਂ ਪਾਸ ਹੋਣਾ ਹੀ ਉਸ ਰਿਣ ਨੂੰ ਉਤਾਰਨਾ ਹੈ। ਇਹ ਉਹਨਾਂ ਮਹਾਨ ਯੋਧਿਆਂ ਪ੍ਰਤੀ ਸ਼ਰਧਾਂਜਲੀ ਹੈ ਜਿਨ੍ਹਾਂ ਦੇ ਬਲੀਦਾਨ ਸਦਕਾ ਅਸੀਂ ਆਜ਼ਾਦੀ ਨਾਲ ਸਾਹ ਲੈ ਰਹੇ ਹਾਂ। ਉਹਨਾਂ ਦਾ ਹਰ ਸ਼ਬਦ ਧੁਰ ਅੰਦਰ ਦੀ ਆਵਾਜ਼ ਸੀ।

ਰਿਟਾਇਰਮੈਂਟ ਤੋਂ ਬਾਅਦ ਜਦ ਮੈਂ ਉਨ੍ਹਾਂ ਨੂੰ ਮਿਲਣ ਗਿਆ ਉਦੋਂ ਉਹ ਵਕਾਲਤ ਦੇ ਖੇਤਰ ਵਿੱਚ ਸਰਗਰਮ ਹੋ ਰਹੇ ਸਨ।

ਗੱਲ ਸੁਣ ਕੇ ਪੁੱਛਣ ਲੱਗੇ ਬੰਦਾ ਹੱਕ ਵਾਸਤੇ ਲੜਨਾ ਚਾਹੁੰਦਾ ਜਾਂ ਕਿਸੇ ਦਾ ਹੱਕ ਮਾਰਨ ਵਾਸਤੇ। ਮੈਂ ਤਿੱਖੀਆਂ ਨਜ਼ਰਾਂ ਨਾਲ ਵੇਖਿਆ। ਉਹ ਕਹਿਣ ਲੱਗੇ, ਮੈਂ ਜੋ ਪੜ੍ਹਾਉਂਦਾ ਰਿਹਾ ਹਾਂ ਉਹੀ ਮੈਂ ਸਾਰੀ ਜ਼ਿੰਦਗੀ ਲੜ ਬੰਨ ਕੇ ਰੱਖਿਆ ਹੈ ਕਿ ਝੂਠ ਦੀ ਪੈਰਵੀ ਨਹੀਂ ਕਰਨੀ। ਸੱਚ ਵਾਸਤੇ ਕੁਝ ਵੀ ਕਰਨਾ ਪਵੇ ਕਰਨਾ ਹੈ।

ਉਸ ਪਲ ਮੈਂ ਇੱਕ ਸੱਚ ਦੇ ਪਹਿਰੇਦਾਰ ਦੇ ਸਨਮੁੱਖ ਬੈਠਾ ਮਾਣ ਮਹਿਸੂਸ ਕਰ ਰਿਹਾ ਸੀ। ਕਿੱਥੋਂ ਲੱਭਣਗੇ ਇਹੋ ਜਿਹੇ ਹੀਰੇ।

●

# ਮੁਰਸ਼ਦ ਦੀ ਯਾਦ ਵਿੱਚ

*ਗੁਰਿੰਦਰਜੀਤ*
*ਮੌਂਟਰੀਆਲ (ਕੈਨੇਡਾ)*

ਮੇਰਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣੇ ਦਾਖ਼ਲਾ ਹੋਇਆ ਤਾਂ ਇੰਜਨੀਅਰਿੰਗ ਦੀ ਸਿਖਲਾਈ/ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲੋਂ ਮੈਂ ਇਸ ਵੱਕਾਰੀ ਕਾਲਜ ਦਾ ਲਿਸ਼ਕਦਾ ਨੀਲਾ ਬਲੇਜ਼ਰ ਪਾ ਕੇ ਕੈਂਪਸ 'ਚ ਰੈਗਿੰਗ ਤੋਂ ਅੱਖ ਬਚਾ ਕੇ ਲਾਲਾ ਜੀ ਦੀ ਕਿਤਾਬਾਂ ਵਾਲੀ ਦੁਕਾਨ ਵੱਲ ਜਾ ਰਿਹਾ ਸੀ। ਪੱਤਾ ਵੀ ਹਿੱਲੇ ਤਾਂ ਲੱਗਦਾ ਸੀ ਜਿਵੇਂ ਸੀਨੀਅਰ ਮੁੰਡਿਆਂ ਨੇ ਘੇਰ ਲਿਆ ਹੋਵੇ। ਅਚਾਨਕ ਮੇਰੇ ਕੋਲ ਸਿਰ ਤੇ ਹਲਕਾ ਨੀਲਾ ਪਟਕਾ ਬੰਨ੍ਹੀ, ਤਿੱਖੀ ਧਾਰ ਦੀ ਕ੍ਰੀਜ਼ ਵਾਲੀ ਨਿੱਕਰ ਪਹਿਨੀ, ਚਿੱਠੀ ਦੁੱਧ ਟੀ-ਸ਼ਰਟ ਪਾਈ ਇੱਕ ਯੰਗਾਂ ਤੋਂ ਵੀ ਯੰਗ-ਮੈਨ ਨੇ ਸਾਈਕਲ ਦੀ ਠਾਹ ਬ੍ਰੇਕ ਮਾਰੀ! ਰੈਗਿੰਗ ਦੀ ਟ੍ਰੇਨਿੰਗ ਮੁਤਾਬਿਕ ਮੈਂ ਘਰੋੜ ਕੇ ਗੁੱਡ-ਮਾਰਨਿੰਗ ਸਰ ਆਖ ਕੇ ਸੁੱਕੇ ਗਲ਼ੇ ਨੂੰ ਜ਼ਰਾ ਤਰ ਕੀਤਾ।

ਪੈਂਦੇ ਸੱਟੇ ਉਨ੍ਹਾਂ ਆਪਣੇ ਅਚਾਨਕ ਰੁਕਣ ਦਾ ਕਾਰਣ ਦੱਸਿਆ ਤਾਂ ਪਹਿਲਾਂ ਮੇਰਾ ਫਿਊਜ਼ ਹੀ ਉੱਡ ਗਿਆ ਪਰ ਬਾਦ 'ਚ ਇਸ ਮਹਾਨ ਅਧਿਆਪਕ ਦੇ ਥਾਪੜੇ ਨੇ ਨਵੇਂ ਮਾਹੌਲ 'ਚ ਮੇਰੇ ਥਿੜਕਦੇ ਪੈਰਾਂ ਨੂੰ ਨਵੀਂ ਚਾਲ ਤੇ ਸੇਧ ਦਿੱਤੀ। ਇਸ ਵੇਗ 'ਚ ਵਹਿ ਤੁਰਦਾ ਪਿੰਡਾਂ ਦੀਆਂ ਜੂਹਾਂ ਤੋਂ ਇੰਜੀਨੀਅਰ ਬਣਨ ਦਾ ਸੁਫ਼ਨਾ ਲੈਂਦਾ ਹਰ ਜੁਆਕ, ਜੋ ਹਿਸਾਬ, ਸਾਇੰਸ ਜਾਂ ਜੁਗਰਾਫੀਏ ਦੇ ਤਾਂ ਵੱਟ ਕੱਢ ਦਿੰਦਾ, ਪਰ ਆਪਣੇ ਆਈਡੀਏ ਨੂੰ ਸੁਆਰ ਕੇ ਦੱਸਣ ਪਰੋਸਣ ਲੱਗਿਆਂ ਹਿਚਕਚਾ ਜਾਂਦਾ।

ਪ੍ਰੋ. ਮਲਵਿੰਦਰਜੀਤ ਸਿੰਘ ਜੀ ਦੀ ਅੱਖ 'ਚ ਵਿਦਿਆਰਥੀਆਂ ਦੀਆਂ ਇਹ ਊਣਤਾਈਆਂ ਰੜਕਦੀਆਂ ਤੇ ਉਹ ਸਟੈਂਡਰਡ ਸਿਲੇਬਸ ਦੀਆਂ ਲਕੀਰਾਂ ਤੋਂ ਬਾਹਰ ਜਾ ਕੇ ਸਾਡੇ 'ਚ ਨਵੇਂ-ਨਿਕੋਰ ਰੰਗ ਭਰਦੇ ! ਸਾਡੇ ਦਿਮਾਗ਼ਾਂ ਦੀਆਂ ਝਰੀਆਂ 'ਚ ਅਟਕੇ ਪਿਛਾਂਹ -ਖਿੱਚੂ ਵਿਹਾਰਾਂ ਨੂੰ ਨਵੀਆਂ ਸੰਭਾਵਨਾਵਾਂ 'ਚ ਤਬਦੀਲ ਕਰ ਦਿੰਦੇ।

ਉਨ੍ਹਾਂ ਸਮਾਜਿਕ ਵਿਗਿਆਨ, ਇਕਨਾਮਿਕਸ, ਮਨੋਵਿਗਿਆਨ, ਵਪਾਰ, ਵਿਕਾਸ, ਕਾਨੂੰਨ ਤੇ ਪਬਲਿਕ ਪਾਲਿਸੀ ਦੀ ਹਰ ਘੁੰਡੀ ਇੰਜਨੀਅਰਿੰਗ ਦੀ ਸਿਖਲਾਈ ਦੇ ਸੰਦਰਭ 'ਚ ਖੋਲ੍ਹ-ਖੋਲ੍ਹ ਕੇ ਤਕਨਾਲੋਜੀ ਨੂੰ ਜੀਵਨ ਜਾਚ ਅਤੇ ਕਾਰਪੋਰੇਟ ਜੀਵਨ ਨਾਲ ਜੋੜਿਆ!

ਇਹ ਗੱਲ ਦੂਜੇ ਸਮੈਸਟਰ ਦੀ ਹੈ। ਹਰ ਵਿਦਿਆਰਥੀ ਨੂੰ ਪੰਜ ਮਿੰਟ ਦਾ ਭਾਸ਼ਨ ਜ਼ਰੂਰੀ ਹੁੰਦਾ ਸੀ। ਜਦ ਮੇਰੀ ਵਾਰੀ ਆਈ ਤਾਂ ਮੈਂ ਸਾਰੀ ਸਪੀਚ ਧੌਣ ਨੀਵੀਂ ਕਰ ਕੇ ਦੇ ਛੱਡੀ। ਅਵਾਜ਼ ਤੇ ਅੰਦਾਜ਼ ਭਾਵੇਂ ਵਧੀਆ ਰਿਹਾ ਪਰ ਪ੍ਰੋਫੈਸਰ ਸਾਹਿਬ ਨੇ ਮੇਰੀ ਬੌਡੀ ਲੈਂਗੁਏਜ਼

